Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Travelopod Discounted Flights To INDIA
Flights Lower Than Online
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ ਲੈਣ ਵਸਤੇ ਅੱਜ ਹੀ ਕਾਲ ਕਰੋ:
SALE: $350 OFF
For Special Sale Fares
Call Now: 1-800-674-3868
5* Ratings & 24x7 Service
EXTRA $50 OFF with Promo Code: FLY50
HURRY! Book Now & Save Big on Your Flights to India!

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 26, Issue 22; May 31, 2025 20451 N. Plum Grove Rd., Palatine, IL 60074 Ph:847-359-0746, Fax:847-705-9388


## 'ਸੁੱਖ ਚੈਨ ਨਾਲ ਜੀਓ, ਰੋਟੀ ਖਾਓ, ਨਹੀਂ ਤਾਂ ਮੇਰੀ ਗੋਲੀ ਖਾਓ'

### ਮੋਦੀ ਦੀ ਪਾਕਿਸਤਾਨੀਆਂ ਨੂੰ ਚਿਤਾਵਨੀ



**ਅਹਿਮਦਾਬਾਦ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਕਿਸਤਾਨ ਸਪਾਂਸਰਡ ਅੱਤਵਾਦ ਨੂੰ ਕਰਾਰੇ ਹੱਥੀਂ ਲੈਂਦੇਹੋਏ ਕਿਹਾ ਕਿ ਪਾਕਿਸਤਾਨ ਦੀ ਸਰਕਾਰ ਤੇ ਫ਼ੌਜ ਨੇ ਅੱਤਵਾਦ ਨੂੰ ਪੈਸਾ ਕਮਾਉਣ ਦਾ ਜਰੀਆ ਬਣਾ ਲਿਆ ਹੈ। ਪਾਕਿ ਦੀ ਜਨਤਾ ਨੂੰ ਇਹ ਸਮਝਣਾ ਚਾਹੀਦਾ ਹੈ। ਨਾਲ ਹੀ ਇਹ ਵੀ ਕਿ ਕੁੱਲ ਮਿਲਾ ਕੇ ਇਸ ਨਾਲ ਉਨ੍ਹਾਂ ਦਾ ਹੀ ਜੀਵਨ ਬਰਬਾਦ ਹੋ ਰਿਹਾ ਹੈ, ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਵਿਗੜ ਰਿਹਾ ਹੈ। ਮੋਦੀ ਨੇ ਪਾਕਿ ਦੀ ਜਨਤਾ ਨੂੰ ਸੱਦਾ ਦਿੱਤਾ ਕਿ ਉਹ ਅੱਤਵਾਦ ਦੇ ਖਾਤਮੇ ਲਈ ਅੱਗੇ ਆਉਣ। ਨਾਲ ਹੀ ਚਿਤਾਵਨੀ ਵੀ ਦਿੱਤੀ 'ਸੁੱਖ-ਚੈਨ ਦੀ ਜ਼ਿੰਦਗੀ ਜੀਓ, ਰੋਟੀ ਖਾਓ...ਨਹੀਂ ਤਾਂ ਮੇਰੀ ਗੋਲੀ ਤਾਂ ਹੈ ਹੀ।'

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਕਿਸਤਾਨ ਸਪਾਂਸਰਡ ਅੱਤਵਾਦ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਪਾਕਿਸਤਾਨ ਦੀ ਸਰਕਾਰ ਅਤੇ ਫ਼ੌਜ ਨੇ ਅੱਤਵਾਦ ਨੂੰ ਪੈਸਾ ਕਮਾਉਣ ਦਾ ਜਰੀਆ ਬਣਾ ਲਿਆ ਹੈ। ਪਾਕਿਸਤਾਨ ਦੀ ਜਨਤਾ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਸ ਨਾਲ ਉਨ੍ਹਾਂ ਦਾ ਹੀ ਜੀਵਨ ਬਰਬਾਦ ਹੋ ਰਿਹਾ ਹੈ ਅਤੇ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਖਰਾਬ ਹੋ ਰਿਹਾ ਹੈ। ਮੋਦੀ ਨੇ ਪਾਕਿਸਤਾਨ ਦੀ ਜਨਤਾ ਨੂੰ ਸੱਦਾ ਦਿੱਤਾ ਕਿ ਉਹ ਅੱਤਵਾਦ ਦੇ ਖਾਤਮੇ ਲਈ ਅੱਗੇ ਆਉਣ।

ਮੋਦੀ ਸੋਮਵਾਰ ਨੂੰ ਕੱਛ ਦੇ ਭੁਜ ਸ਼ਹਿਰ ਵਿਚ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਉੱਥੇ 53,000 ਕਰੋੜ ਦੀਆਂ ਯੋਜਨਾਵਾਂ ਦਾ ਨੀਂਹ ਪੱਥਰ-ਉਦਘਾਟਨ ਕੀਤਾ। ਗੁਜਰਾਤ ਦੇ ਦੋ ਦਿਨਾਂ ਦੇ ਦੌਰੇ ਦੇ ਪਹਿਲੇ ਦਿਨ ਮੋਦੀ ਨੇ ਭੁਜ ਅਤੇ ਦਾਹੋਦ ਵਿਚ ਰੈਲੀਆਂ ਨੂੰ ਸੰਬੋਧਨ ਕੀਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਭੁਜ, ਵਡੋਦਰਾ ਅਤੇ ਅਹਿਮਦਾਬਾਦ ਵਿਚ ਰੋਡ ਸ਼ੋਅ ਵੀ ਕੀਤੇ। ਇਨ੍ਹਾਂ ਵਿਚ ਭਾਰੀ ਜਨਸਮੂਹ ਉਮੜਿਆ। ਭੁਜ ਵਿਚ ਜਨਸਭਾ ਦੌਰਾਨ ਮੋਦੀ ਨੇ ਪਾਕਿਸਤਾਨ ਦੇ ਨਾਗਰਿਕਾਂ ਅਤੇ ਨੌਜਵਾਨਾਂ ਤੋਂ ਪੁੱਛਿਆ ਕਿ ਉਨ੍ਹਾਂ ਨੂੰ ਅੱਤਵਾਦ ਤੋਂ ਆਖਿਰ ਕੀ ਮਿਲਿਆ? ਤੁਹਾਨੂੰ ਬਰਬਾਦ ਕਿਸ ਨੇ ਕੀਤਾ ਅਤੇ ਤੁਹਾਡੇ ਬੱਚਿਆਂ ਨੂੰ ਦਰ-ਦਰ ਭਟਕਣ ਲਈ ਮਜਬੂਰ ਕਿਸ ਨੇ ਕੀਤਾ, ਅੱਤਵਾਦ ਨੇ। ਭਾਰਤ ਤਾਂ ਦੁਨੀਆ ਦਾ ਚੌਥਾ ਆਰਥਿਕ ਪਾਵਰ ਬਣ ਗਿਆ, ਪਰ ਤੁਹਾਡਾ ਹਾਲ ਕੀ ਹੈ? ਪਾਕਿਸਤਾਨੀ ਆਵਾਮ ਨੂੰ ਆਪਣੇ ਬਿਹਤਰ ਭਵਿੱਖ ਲਈ ਅੱਗੇ ਆਉਣਾ ਹੋਵੇਗਾ ਅਤੇ ਅੱਤਵਾਦ ਨੂੰ ਜੜ-ਮੂਲ ਤੋਂ ਉਖਾੜਨ ਲਈ ਯੋਗਦਾਨ ਦੇਣਾ ਹੋਵੇਗਾ।


(ਬਾਕੀ ਸਫ਼ਾ 6 'ਤੇ)


## ਆਪ੍ਰੇਸ਼ਨ ਸਿੰਧੂਰ ਸ਼ੁਰੂ ਹੋਣ ਤੋਂ ਅੱਧੇ ਘੰਟੇ ਬਾਅਦ ਦਿੱਤੀ ਸੀ ਪਾਕਿਸਤਾਨ ਨੂੰ ਜਾਣਕਾਰੀ

### ਵਿਦੇਸ਼ ਮੰਤਰੀ ਨੇ ਸੰਸਦੀ ਸਲਾਹਕਾਰ ਕਮੇਟੀ ਨੂੰ ਦਿੱਤੀ ਸਫ਼ਾਈ



**ਨਵੀਂ ਦਿੱਲੀ:** ਆਪ੍ਰੇਸ਼ਨ ਸਿੰਧੂਰ ਬਾਰੇ ਪਾਕਿਸਤਾਨ ਨੂੰ ਪਹਿਲੀ ਜਾਣਕਾਰੀ ਇਸ ਦੇ ਸ਼ੁਰੂ ਹੋਣ ਦੇ ਅੱਧੇ ਘੰਟੇ ਬਾਅਦ ਦਿੱਤੀ ਗਈ ਸੀ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਇਹ ਜਾਣਕਾਰੀ ਵਿਦੇਸ਼ ਮੰਤਰਾਲੇ ਦੀ ਸੰਸਦੀ ਸਲਾਹਕਾਰ ਕਮੇਟੀ ਦੀ ਸੋਮਵਾਰ ਨੂੰ ਹੋਈ ਮੀਟਿੰਗ 'ਚ ਦਿੱਤੀ। ਕੁਝ ਦਿਨ ਪਹਿਲਾਂ ਜੈਸ਼ੰਕਰ ਨੇ ਕਿਹਾ ਸੀ ਕਿ ਆਪ੍ਰੇਸ਼ਨ ਸਿੰਧੂਰ ਸ਼ੁਰੂ ਹੋਣ ਦੇ ਨਾਲ ਹੀ ਇਸ ਦੀ ਜਾਣਕਾਰੀ ਪਾਕਿਸਤਾਨ ਨੂੰ ਦੇ ਦਿੱਤੀ ਗਈ ਸੀ। ਇਸ 'ਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸਵਾਲ ਚੁੱਕਿਆ ਸੀ ਕਿ ਇੰਨੀ ਮਹੱਤਵਪੂਰਨ ਜਾਣਕਾਰੀ ਪਾਕਿਸਤਾਨ ਨੂੰ ਪਹਿਲਾਂ ਕਿਉਂ ਦਿੱਤੀ ਗਈ। ਵਿਦੇਸ਼ ਮੰਤਰਾਲੇ ਨੇ ਇਸ 'ਤੇ ਸਪੱਸ਼ਟੀਕਰਨ ਦਿੱਤਾ ਸੀ ਕਿ ਆਪ੍ਰੇਸ਼ਨ ਸਿੰਧੂਰ ਸ਼ੁਰੂ ਹੋਣ ਤੋਂ ਪਹਿਲਾਂ ਜਾਣਕਾਰੀ ਨਹੀਂ ਦਿੱਤੀ ਗਈ ਸੀ। 'ਭਾਜਪਾ ਤੇ ਕਾਂਗਰਸ 'ਚ ਇਸ 'ਤੇ ਕਾਫ਼ੀ ਬਹਿਸਬਾਜ਼ੀ ਹੋਈ ਸੀ।

ਜੈਸ਼ੰਕਰ ਨੇ ਇਸ ਮੀਟਿੰਗ ਬਾਰੇ ਇੰਟਰਨੈੱਟ ਮੀਡੀਆ 'ਤੇ ਜਾਣਕਾਰੀ ਦਿੰਦਿਆਂ ਲਿਖਿਆ ਕਿ ਉਨ੍ਹਾਂ ਨੇ ਵਿਦੇਸ਼ ਮੰਤਰਾਲੇ ਦੀ ਸੰਸਦੀ ਸਲਾਹਕਾਰ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਆਪ੍ਰੇਸ਼ਨ ਸਿੰਧੂਰ ਅਤੇ ਹਰ ਤਰ੍ਹਾਂ ਦੇ ਅੱਤਵਾਦ ਦੇ ਵਿਰੁੱਧ ਭਾਰਤ ਦੀ ਜ਼ੀਰੋ-ਟਾਲਰੈਂਸ ਨੀਤੀ 'ਤੇ ਚਰਚਾ ਹੋਈ। ਇਸ ਸਮੇਂ ਸਾਨੂੰ ਇਕਜੁੱਟ ਹੋ ਕੇ ਸੰਦੇਸ਼ ਦੇਣ ਦੀ ਲੋੜ ਹੈ। ਉਨ੍ਹਾਂ ਦੁਨੀਆ ਭਰ 'ਚ ਪਾਕਿਸਤਾਨ ਨੂੰ ਬੇਨਕਾਬ ਕਰਨ ਲਈ ਸਾਰੇ ਸੰਸਦ ਮੈਂਬਰਾਂ ਤੋਂ ਸਹਿਯੋਗ ਦੀ ਉਮੀਦ ਕੀਤੀ। ਸੂਤਰਾਂ ਨੇ ਦੱਸਿਆ ਕਿ ਜੈਸ਼ੰਕਰ ਨੇ ਦੋਵਾਂ ਸਦਨਾਂ ਦੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਆਪ੍ਰੇਸ਼ਨ ਸਿੰਧੂਰ ਸ਼ੁਰੂ ਹੋਣ ਦੇ 30 ਮਿੰਟਾਂ ਬਾਅਦ ਪਾਕਿਸਤਾਨ ਨੂੰ ਇਸ ਦੀ ਜਾਣਕਾਰੀ ਦਿੱਤੀ ਗਈ। ਪਾਕਿਸਤਾਨ ਨੂੰ ਦੱਸਿਆ ਗਿਆ ਸੀ ਕਿ ਭਾਰਤ ਨੇ ਸਿਰਫ਼ ਅੱਤਵਾਦੀ ਸੰਗਠਨਾਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਇਹ ਵੀ ਦੱਸਿਆ ਕਿ ਭਾਰਤ ਤੇ ਪਾਕਿਸਤਾਨ 'ਚ ਜੰਗਬੰਦੀ ਦਾ ਫ਼ੈਸਲਾ ਦੋਵਾਂ ਦੇਸ਼ਾਂ ਦੇ ਡੀਜੀਐੱਮਓ 'ਚ ਟੈਲੀਫੋਨ 'ਤੇ ਗੱਲਬਾਤ ਤੋਂ ਬਾਅਦ ਕੀਤਾ ਗਿਆ ਸੀ। ਜੰਗਬੰਦੀ ਦੀ ਸ਼ੁਰੂਆਤ ਪਾਕਿਸਤਾਨ ਵੱਲੋਂ ਹੋਈ ਸੀ। ਨਾਲ ਹੀ ਸਪੱਸ਼ਟ ਕੀਤਾ ਕਿ ਡੀਜੀਐੱਮਓ ਤੋਂ ਇਲਾਵਾ ਕਿਸੇ ਵੀ ਭਾਰਤੀ ਅਧਿਕਾਰੀ ਨੇ ਪਾਕਿਸਤਾਨ ਨਾਲ ਗੱਲ ਨਹੀਂ ਕੀਤੀ ਸੀ। ਉਨ੍ਹਾਂ ਨੇ ਜੰਗਬੰਦੀ 'ਚ ਅਮਰੀਕੀ ਹੱਥ ਹੋਣ ਸਬੰਧੀ ਸਵਾਲਾਂ 'ਤੇ ਕਿਹਾ ਕਿ ਦੂਸਰੇ ਦੇਸ਼ਾਂ ਅੱਗੇ ਵੀ ਭਾਰਤ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਜੇ ਪਾਕਿਸਤਾਨ ਰੁਕੇਗਾ ਤਦ ਹੀ ਭਾਰਤ ਦਾ ਹਮਲਾ ਰੁਕੇਗਾ, ਪਾਕਿਸਤਾਨ ਵੱਲੋਂ ਹਮਲਾ ਹੋਵੇਗਾ ਤਾਂ ਭਾਰਤ ਉਸ ਦਾ ਬਹੁਤ ਸਖ਼ਤ ਜਵਾਬ ਦੇਵੇਗਾ। ਪਾਕਿਸਤਾਨ ਨਾਲ ਗੱਲਬਾਤ ਕਰਨ ਦੀ ਅਮਰੀਕੀ ਬੇਨਤੀ 'ਤੇ ਉਨ੍ਹਾਂ ਨੂੰ ਦੱਸ ਦਿੱਤਾ ਗਿਆ ਸੀ ਕਿ ਅੱਤਵਾਦ ਅਤੇ ਗੱਲਬਾਤ ਨਾਲੋ-ਨਾਲ ਨਹੀਂ ਚੱਲ ਸਕਦੇ। ਇਹ ਗੱਲ ਪਹਿਲਾਂ ਵੀ ਵਿਦੇਸ਼ ਮੰਤਰੀ ਅਤੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਕਈ ਵਾਰ ਕਹਿ ਚੁੱਕੇ ਹਨ।ਜੈਸ਼ੰਕਰ ਨੇ ਇਹ ਵੀ ਦੱਸਿਆ ਕਿ ਭਾਰਤ ਦੀ ਰਣਨੀਤੀ ਆਪ੍ਰੇਸ਼ਨ ਦੀ ਸ਼ੁਰੂਆਤ ਵਿਚ ਹੀ ਕੁਝ ਮਹੱਤਵਪੂਰਨ ਟੀਚਿਆਂ 'ਤੇ ਨਿਸ਼ਾਨਾ ਸਾਧਣ ਦੀ ਸੀ। ਭਾਰਤ ਦਾ ਆਪ੍ਰੇਸ਼ਨ ਪੂਰੀ ਤਰ੍ਹਾਂ ਸਫਲ ਰਿਹਾ।

ਭਾਰਤੀ ਫੌਜ ਨੇ ਜਿੱਥੇ ਹਮਲਾ ਕਰਨਾ ਸੀ, ਉਥੇ ਹੀ ਕੀਤਾ। ਇਸ ਨਾਲ ਪਾਕਿਸਤਾਨ ਦਾ ਫੌਜੀ ਮਨੋਬਲ ਕਾਫੀ ਡਿੱਗ ਗਿਆ ਸੀ। ਉਹ ਆਪਣੇ ਦੇਸ਼ 'ਚ ਅੱਤਵਾਦੀ ਢਾਂਚਿਆਂ ਦੀ ਰੱਖਿਆ ਨਹੀਂ ਕਰ ਸਕੇ, ਇਸ ਨਾਲ ਉਨ੍ਹਾਂ ਦੀ ਸਮਰੱਥਾ ਉਜਾਗਰ ਹੁੰਦੀ ਹੈ। ਸਿੰਧੂ ਜਲ ਸੰਧੀ 'ਤੇ ਸੰਸਦ ਮੈਂਬਰਾਂ ਨੇ ਜਾਨਣਾ ਚਾਹਿਆ ਕਿ ਕੀ ਸਰਕਾਰ ਇਸ ਨੂੰ ਜਾਰੀ ਰੱਖਣਾ ਚਾਹੁੰਦੀ ਹੈ ਜਾਂ ਇਹ ਸਿਰਫ਼ ਪ੍ਰਤੀਕਾਰਤਮਕ ਹੈ। ਸਰਕਾਰ ਨੇ ਕਿਹਾ ਕਿ ਸੰਧੀ ਮੁਲਤਵੀ ਹੈ ਅਤੇ ਸੰਸਦ ਮੈਂਬਰਾਂ ਨੂੰ ਭਵਿੱਖ 'ਚ ਉਠਾਏ ਜਾਣ ਵਾਲੇ ਕਦਮਾਂ ਦੀ ਜਾਣਕਾਰੀ ਦਿੱਤੀ ਜਾਵੇਗੀ। ਸੂਤਰਾਂ ਨੇ ਕਿਹਾ, ਕਾਂਗਰਸੀ ਸੰਸਦ ਮੈਂਬਰਾਂ ਨੇ ਸਵਾਲ ਕੀਤਾ ਕਿ ਅਮਰੀਕਾ ਨੇ ਪਾਕਿਸਤਾਨ ਨੂੰ ਭਾਰਤ ਅੱਗੇ ਕਿਉਂ ਰੱਖਿਆ ਅਤੇ ਪਾਕਿਸਤਾਨ ਨੂੰ ਕੌਮਾਂਤਰੀ ਮੁਦਰਾ ਫੰਡ ਦੀ ਮਦਦ ਤੇ ਮੀਟਿੰਗ ਤੋਂ ਭਾਰਤ ਦੀ ਗੈਰ-ਮੌਜੂਦਗੀ ਦਾ ਮੁੱਦਾ ਵੀ ਚੁੱਕਿਆ।


GOLDEN STATE REALITY
"Realtor You Can Trust"
CRE Group Inc.
* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com





Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਭਾਸ਼ਾ ਮੰਤਰੀ ਬੈਂਸ ਨੇ ਲਿਆ ਭਾਸ਼ਾ ਵਿਭਾਗ ਪੰਜਾਬ ਦੀ ਕਾਰਗੁਜ਼ਾਰੀ ਦਾ ਜਾਇਜ਼ਾ

**ਪਟਿਆਲਾ:** ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਪੰਜਾਬ ਸ. ਹਰਜੋਤ ਸਿੰਘ ਬੈਂਸ ਨੇ ਭਾਸ਼ਾ ਵਿਭਾਗ ਪੰਜਾਬ ਦੀ ਕਾਰਗੁਜ਼ਾਰੀ ਦਾ ਡਾਇਰੈਕਟਰ ਭਾਸ਼ਾ ਵਿਭਾਗ ਸ. ਜਸਵੰਤ ਸਿੰਘ ਜ਼ਫ਼ਰ ਨਾਲ ਕੀਤੀ ਮੀਟਿੰਗ ਦੌਰਾਨ ਜਾਇਜਾ ਲਿਆ। ਸ. ਬੈਂਸ ਨੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਵੱਡਮੁੱਲੀਆਂ ਕਿਤਾਬਾਂ ਦੀ ਡਿਜ਼ੀਟਾਈਜੇਸ਼ਨ ਦੇ ਕਾਰਜ ਦੀ ਸਮੀਖਿਆ ਕੀਤੀ। ਇਸ ਕਾਰਜ ਨੂੰ ਦੁਰਲੱਭ ਤੇ ਵੱਡਮੁੱਲੀਆਂ ਪੁਸਤਕਾਂ ਦੀ ਸੰਭਾਲ ਅਤੇ ਦੁਨੀਆ ਭਰ ਵਿੱਚ ਬੈਠੇ ਪੰਜਾਬੀਆਂ ਤੱਕ ਪਹੁੰਚਾਉਣ ਵਾਲਾ ਉੱਦਮ ਕਰਾਰ ਦਿੱਤਾ।

ਇਸ ਤੋਂ ਇਲਾਵਾ ਵਿਭਾਗ ਵੱਲੋਂ ਵੈੱਬਸਾਈਟ ਜਰੀਏ ਈ-ਪੁਸਤਕਾਂ, ਆਡੀਓ ਪੁਸਤਕਾਂ ਤੇ ਸ਼ਬਦ ਕੋਸ਼ਾਂ ਦੇ ਰੂਪ 'ਚ ਪੰਜਾਬੀ ਪ੍ਰੇਮੀਆਂ ਨੂੰ ਮਿਆਰੀ ਪੜ੍ਹਨ ਸਮੱਗਰੀ ਮੁਹੱਈਆ ਕਰਵਾਉਣ ਦੇ ਕਾਰਜ ਦੀ ਸ਼ਲਾਘਾ ਕੀਤੀ। ਉਨ੍ਹਾਂ ਰਾਜ ਭਾਸ਼ਾ ਐਕਟ ਤਹਿਤ ਉੱਚ ਦਫ਼ਤਰਾਂ ਵਿੱਚ ਪੰਜਾਬੀ ਭਾਸ਼ਾ ਲਾਗੂ ਕਰਵਾਉਣ ਲਈ ਵਿਭਾਗ ਵੱਲੋਂ ਆਰੰਭੀ ਗਈ ਮੁਹਿੰਮ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਨੂੰ ਮਸ਼ੀਨੀ ਬੁੱਧੀਮਾਨਤਾ ਦੇ ਖੇਤਰ 'ਚ ਮਜ਼ਬੂਤ/ਸਥਾਪਤ ਕਰਨ ਲਈ ਲਗਾਈਆਂ ਜਾ ਰਹੀਆਂ ਵਰਕਸ਼ਾਪਾਂ ਅਤੇ ਤਕਨੀਕੀ ਸਰਗਰਮੀਆਂ ਜਾਰੀ ਰੱਖਣ ਲਈ ਕਿਹਾ।

ਸ. ਬੈਂਸ ਨੇ ਕਿਹਾ ਕਿ ਭਾਸ਼ਾ ਵਿਭਾਗ ਵੱਲੋਂ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਵਿਲੱਖਣ ਕਾਰਜ ਕੀਤੇ ਜਾ ਰਹੇ ਹਨ, ਜਿੰਨ੍ਹਾਂ ਨੂੰ ਜਾਰੀ ਰੱਖਣ ਲਈ ਵਿਭਾਗ ਦੀ ਸਰਕਾਰ ਵੱਲੋਂ ਹਰ ਸੰਭਵ ਮੱਦਦ ਕੀਤੀ ਜਾਵੇਗੀ। ਉਨ੍ਹਾਂ ਵਿਭਾਗ ਵੱਲੋਂ ਲੰਬੇ ਸਮੇਂ ਤੋਂ ਲੰਬਿਤ ਪਏ ਕਾਰਜਾਂ ਨੂੰ ਨਿਪਟਾਉਣ ਦੀ ਸ਼ਲਾਘਾ ਕੀਤੀ। ਸ. ਬੈਂਸ ਨੇ ਇਸ ਮੌਕੇ ਕਿਹਾ ਕਿ ਵਿਭਾਗ ਵੱਲੋਂ ਨਾਮਵਰ ਲੇਖਕਾਂ ਨਾਲ ਵੱਧ ਤੋਂ ਵੱਧ ਮੁਲਾਕਾਤਾਂ ਰਿਕਾਰਡ ਕੀਤੀਆਂ ਜਾਣ ਅਤੇ ਸੋਸ਼ਲ ਮੀਡੀਆ ਰਾਹੀਂ ਨਸ਼ਰ ਕੀਤੀਆਂ ਜਾਣ ਤਾਂ ਕਿ ਨਵੀਂ ਪੀੜ੍ਹੀ ਵੱਧ ਤੋਂ ਵੱਧ ਸਾਹਿਤ ਨਾਲ ਜੁੜ ਸਕੇ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਦੇ ਪ੍ਰਚਾਰ/ਪਸਾਰ ਲਈ ਪੰਜਾਬ ਤੋਂ ਬਾਹਰ ਸਮਾਗਮਾਂ ਦਾ ਆਯੋਜਨਾਂ ਵੱਡੇ ਪੱਧਰ 'ਤੇ ਕੀਤਾ ਜਾਵੇ ਤਾਂ ਜੋ ਪੰਜਾਬ ਤੋਂ ਬਾਹਰ ਬੈਠੇ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨਾਲ ਜੁੜੀਆਂ ਰਹਿਣ। ਉਨ੍ਹਾਂ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਵੱਖ-ਵੱਖ



ਮੌਕਿਆਂ 'ਤੇ ਕਿਤਾਬਾਂ ਨੂੰ ਤੋਹਫ਼ਿਆਂ ਦੇ ਰੂਪ 'ਚ ਦੇਣ ਦਾ ਰੁਝਾਨ ਪੈਦਾ ਕੀਤਾ ਜਾਵੇ।

ਇਸ ਮੌਕੇ ਡਾਇਰੈਕਟਰ ਭਾਸ਼ਾ ਵਿਭਾਗ ਸ. ਜਸਵੰਤ ਸਿੰਘ ਜ਼ਫ਼ਰ ਨੇ ਸ. ਬੈਂਸ ਨੂੰ ਲਿਖਤੀ ਰੂਪ ਵਿੱਚ ਵਿਭਾਗੀ ਮੁੱਦਿਆਂ ਸਬੰਧੀ ਜਾਣੂ ਕਰਵਾਇਆ। ਜਿੰਨਾਂ ਵਿੱਚ ਵਿਭਾਗ 'ਚ ਖਾਲੀ ਅਸਾਮੀਆਂ ਭਰਨ ਦੀ ਪ੍ਰਕਿਰਿਆ ਤੇਜ ਕਰਨ, ਵੱਡਮੁੱਲੀਆਂ ਪੁਸਤਕਾਂ ਤੇ ਵਿਭਾਗੀ ਰਸਾਲਿਆਂ ਦੀ ਛਪਾਈ ਦੇ ਬਕਾਇਆ ਪਏ ਕਾਰਜ ਜਲਦੀ ਨੇਪਰੇ ਚਾੜ੍ਹਨ ਅਤੇ ਸਾਹਿਤ ਸਦਨ ਸਬੰਧੀ ਮੁੱਦੇ ਸ਼ਾਮਲ ਹਨ। ਡਾਇਰੈਕਟਰ ਭਾਸ਼ਾਵਾਂ ਵੱਲੋਂ ਧਿਆਨ 'ਚ ਲਿਆਂਦੇ ਗਏ ਸਾਰੇ ਮੁੱਦਿਆਂ ਸਬੰਧੀ ਸ. ਬੈਂਸ ਨੇ ਸਬੰਧਤ ਵਿਭਾਗਾਂ ਤੋਂ ਜਲਦੀ ਰਿਪੋਰਟ ਲੈ ਕੇ ਲੋੜੀਦੀ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ। ਉਨ੍ਹਾਂ ਪੁਸਤਕਾਂ ਦੀ ਛਪਾਈ ਸਬੰਧੀ ਜਲਦੀ ਹੀ ਸਬੰਧਤ ਵਿਭਾਗ ਨਾਲ ਜਲਦੀ ਮੀਟਿੰਗ ਕਰਨ ਦੇ ਆਦੇਸ਼ ਵੀ ਜਾਰੀ ਕੀਤੇ।

# ਡਾ. ਬਲਵਿੰਦਰ ਕੌਰ ਬਰਾੜ ਨਾਲ਼ ਵਿਸ਼ੇਸ਼ ਮੁਲਾਕਾਤ ਰਹੀ ਰੌਚਕ

## ਮੇਰੇ ਵਿਦਿਆਰਥੀ ਹੀ ਮੇਰਾ ਸਰਮਾਇਆ ਨੇ: ਡਾ. ਬਰਾੜ

**ਹੇਵਰਡ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀਆਂ ਵੱਲੋਂ ਡਾ. ਬਲਵਿੰਦਰ ਕੌਰ ਬਰਾੜ ਦੇ ਸਨਮਾਨ ਵਿਚ ਮੂਨ ਰੈਸਟੋਰੈਂਟ ਹੇਵਰਡ ਵਿਖੇ ਵਿਸ਼ੇਸ਼ ਮਿਲਣੀ ਆਯੋਜਿਤ ਕੀਤੀ ਗਈ। ਇਸ ਮਿਲਣੀ ਦੇ ਪ੍ਰਬੰਧਕ ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਡਾ. ਬਰਾੜ ਦੀ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਸਮਰਪਣ ਇਸ ਸ਼ਖਸੀਅਤ ਨੇ ਆਪਣੇ ਸੇਵਾ ਕਾਲ ਦੌਰਾਨ ਪੈਂਤੀ ਵਿਦਿਆਰਥੀਆਂ ਨੂੰ ਯੋਗ ਬਣਾਇਆ ਹੈ। ਮੇਰੇ ਵਿਦਿਆਰਥੀ ਮੇਰਾ ਸਰਮਾਇਆ ਹਨ। ਮੈਨੂੰ ਇਹ ਸਵਾਲ ਅਕਸਰ ਪੁੱਛਿਆ ਜਾਂਦਾ ਹੈ ਕਿ ਵਿਦਿਆਰਥੀ ਮੈਨੂੰ ਕਿਉਂ ਏਨਾ ਪਸੰਦ ਕਰਦੇ ਹਨ ਤਾਂ ਮੇਰਾ ਜਵਾਬ ਹੁੰਦਾ ਹੈ: ਮੇਰੀਆਂ ਘੂਰੀਆਂ ਤੇ ਚੂਰੀਆਂ...ਉਨ੍ਹਾਂ ਨੇ ਵਿਦਿਆਰਥੀਆਂ ਨਾਲ਼ ਗੁਜ਼ਾਰੇ ਪਲਾਂ ਨੂੰ ਯਾਦ ਕਰਦੇ ਹੋਏ ਜ਼ਿੰਦਗੀਆਂ ਦੀਆਂ ਤਲਖ਼ ਹਕੀਕਤਾਂ ਵੀ ਸਾਂਝੀਆਂ ਕੀਤੀਆਂ। ਇਹ ਵੀ ਦੱਸਿਆ ਕਿ ਭੀੜੀਆਂ ਗਲ਼ੀਆਂ ਵਿਚੋਂ ਨਿਕਲਦੇ ਹੋਏ



ਪੀਐਚ.ਡੀ. ਕਰਵਾਈ ਅਤੇ 125 ਦੇ ਕਰੀਬ ਵਿਦਿਆਰਥੀਆਂ ਦੀ ਐਮ ਫ਼ਿਲ ਦੇ ਥੀਸਸ ਲਿਖਣ ਲਈ ਯੋਗ ਅਗਵਾਈ ਕੀਤੀ। ਮੈਡਮ ਨੇ ਅੱਧੀ ਦਰਜਨ ਤੋਂ ਵੱਧ ਕਹਾਣੀ-ਸੰਗ੍ਰਿਹ, ਤਿੰਨ ਨਾਵਲ ਅਤੇ ਸਵੈ- ਜੀਵਨੀ ਨਾਲ਼ ਪੰਜਾਬੀ ਸਾਹਿਤ ਦੀ ਝੋਲੀ ਭਰੀ ਹੈ। ਸੇਵਾ ਮੁਕਤੀ ਤੋਂ ਬਾਅਦ ਉਹ ਕੈਲਗਰੀ ਵਿਖੇ ਆਪਣੇ ਬੱਚਿਆਂ ਕੋਲ ਰਹਿ ਰਹੇ ਹਨ। ਜਿੱਥੇ ਉਹ ਇਕ ਵਿਮੈਨ ਐਸੋਸੀਏਸ਼ਨ ਦੇ ਸੰਚਾਲਕ ਹਨ। ਪ੍ਰਾਈਮ ਏਸ਼ੀਆ ਟੀ ਵੀ ਸਮੇਤ ਹੋਰ ਕਈ ਚੈਨਲਾਂ ਤੋਂ ਪੌਡ ਕਾਸਟਿੰਗ ਨਾਲ਼ ਜੀਵਨ ਸੇਧ ਦੇ ਕੇ ਉਨ੍ਹਾਂ ਪੰਜਾਬੀਆਂ ਦੇ ਦਿਲ ਵਿਚ ਵਿਸ਼ੇਸ਼ ਥਾਂ ਬਣਾਈ ਹੈ।

ਪ੍ਰਭਸ਼ਰਨ ਸਿੰਘ ਨੇ ਕਿਹਾ ਕਿ ਮੈਡਮ ਨਿਰਭੈਅਤਾ ਦੀ ਮਿਸਾਲ ਹਨ। ਸਦਮੇ ਵਿਚੋਂ ਲੰਘ ਰਹੇ ਲੋਕਾਂ ਲਈ ਰਚਿਆ ਸਾਹਿਤ ਉਨ੍ਹਾਂ ਵੱਲੋਂ ਕੀਤੀ ਵਿਲੱਖਣ ਪੇਸ਼ਕਾਰੀ ਹੈ। ਸਿਆਸਤ ਜੰਮੂ ਨੇ ਕਿਹਾ ਕਿ ਮੈਡਮ ਦੀ ਕਲਾਸ ਦਾ ਮਾਹੌਲ ਹਮੇਸ਼ਾ ਸ਼ਾਂਤੀ ਨਿਕੇਤਨ ਵਰਗਾ ਹੁੰਦਾ ਸੀ। ਉਨ੍ਹਾਂ ਦੇ ਸੁਭਾਅ ਦਾ ਮੀਰੀ ਗੁਣ ਇਹ ਹੈ ਕਿ ਵਿਦਿਆਰਥੀ ਉਨ੍ਹਾਂ ਨਾਲ਼ ਲੋੜ ਮੁਤਾਬਿਕ ਰਿਸ਼ਤਾ ਕਾਇਮ ਕਰ ਲੈਂਦੇ ਸਨ। ਹਰ ਵਿਅਕਤੀ ਨੂੰ ਉਨ੍ਹਾਂ ਦੇ ਘਰ ਜਾਣ ਦੀ ਤੇ ਮਨ ਭਾਉਂਦਾ ਖਾਣ ਦੀ ਪੂਰੀ ਖੁੱਲ੍ਹ ਹੁੰਦੀ ਸੀ। ਸੁਖਵਿੰਦਰ ਸਿੰਘ (ਸੁੱਖਾ) ਨੇ ਸਿਆਸਤ ਜੰਮੂ ਦੇ ਇਸ ਕਥਨ ਦੀ ਪ੍ਰੋੜ੍ਹਤਾ ਕੀਤੀ।


ਮੈਡਮ ਬਰਾੜ ਨੇ ਸਭ ਦੇ ਰੂ-ਬ-ਰੂ ਹੁੰਦਿਆਂ ਕਿਹਾ ਕਿ ਅਜੋਕੇ ਸਮੇਂ ਵਿਚ ਸਭ ਤੋਂ ਵੱਡਾ ਤੋਹਫ਼ਾ ਕਿਸੇ ਨੂੰ ਸਮਾਂ ਦੇਣਾ ਹੈ ਜੋ ਤੁਸੀਂ ਮੈਨੂੰ ਦੇ ਰਹੇ ਹੋ। ਸਮਾਂ, ਵਿਅਤਕਤੀ ਤੇ ਸੰਬੰਧ ਖ਼ਤਮ ਹੋਣ ਤੋਂ ਬਾਅਦ ਹੀ ਯਾਦ ਆਉਂਦੇ ਹਨ। ਭਰ ਜਵਾਨੀ ਵਿਚ ਜੀਵਨ ਸਾਥੀ ਦੇ ਸਦੀਵੀ ਵਿਛੋੜੇ ਤੋਂ ਬਾਅਦ ਮੈਂ ਵਿਦਿਆਰਥੀਆਂ ਦੇ ਹੁੰਗਾਰੇ ਨਾਲ਼ ਹੀ ਆਪਣੇ ਆਪ ਨੂੰ ਜਿਊਣ ਮਨ 'ਤੇ ਜੋ ਝਰੀਟਾਂ ਆਉਂਦੀਆਂ ਹਨ ਉਨ੍ਹਾਂ ਨੂੰ ਭਰਨਾ ਬਹੁਤ ਜ਼ਰੂਰੀ ਹੁੰਦਾ ਹੈ। ਹਰ ਆਦਮੀ ਦੇ ਅੰਦਰ ਕੁਝ ਵਹਿਸ਼ੀ ਆਵਾਜ਼ਾਂ ਹੁੰਦੀਆਂ ਹਨ ਜਿਨ੍ਹਾਂ ਦਾ ਨਿਕਲਣਾ ਜ਼ਰੂਰੀ ਹੈ। ਉਨ੍ਹਾਂ ਦੀ ਵਿੱਲਖਣ ਤੇ ਸਰਲ ਭਾਸ਼ਾ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਫੋਕ ਲੋਰ 'ਤੇ ਪੀਐਚ.ਡੀ. ਕੀਤੀ। ਇਸ ਸਫ਼ਰ ਦੌਰਾਨ ਉਨ੍ਹਾਂ ਨੂੰ ਲੋਕਾਂ ਕੋਲ ਜਾਣਾ ਪਿਆ, ਉਨ੍ਹਾਂ ਵਰਗੇ ਬਣਨਾ ਪਿਆ ਅਤੇ ਇਸ ਤਜਰਬੇ ਵਿਚੋਂ ਉਨ੍ਹਾਂ ਦੀ ਭਾਸ਼ਾ ਲੋਕਾਂ ਦੇ ਹਾਣ ਦੀ ਹੋ ਕੇ ਨਿੱਕਲੀ। ਅਮਰੀਕਾ ਵਿਚ ਬੱਚਿਆਂ ਦੇ ਪੰਜਾਬੀ ਨਾ ਬੋਲਣ ਦੇ ਕਾਰਨ ਬਾਰੇ ਉਨ੍ਹਾਂ ਮਾਪਿਆਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਇਹ ਵੀ ਦੱਸਿਆ ਕਿ ਕੈਨੇਡਾ ਵਿਚ ਬੱਚੇ ਘਰਾਂ ਵਿਚ ਪੰਜਾਬੀ ਹੀ ਬੋਲਦੇ ਹਨ। ਇਹ ਮਾਪਿਆਂ ਵੱਲੋਂ ਕੀਤੇ ਯਤਨਾਂ ਦਾ ਹੀ ਫ਼ਲ ਹੈ। ਅੰਤ ਵਿਚ ਲਾਜ ਨੀਲਮ ਸੈਣੀ ਨੇ ਪ੍ਰੋ. ਬਲਜਿੰਦਰ ਸਿੰਘ ਦਾ ਇਸ ਖ਼ੂਬਸੂਰਤ ਪ੍ਰੋਗਰਾਮ ਨੂੰ ਉਲੀਕਣ ਲਈ ਅਤੇ ਸਭ ਦੂਰੋਂ ਨੇੜਿਓਂ ਚੱਲ ਕੇ ਆਉਣ ਵਾਲਿਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮੈਡਮ ਬਾਰੇ ਸੁਣਿਆ ਤਾਂ ਬਹੁਤ ਸੀ ਪਰ ਅੱਜ ਉਨ੍ਹਾਂ ਦੇ ਵਿਚਾਰ ਸੁਣ ਕੇ ਬਹੁਤ ਚੰਗਾ ਲੱਗਿਆ। ਅੱਜ ਦੀ ਇਹ ਸ਼ਾਮ ਖ਼ੂਬਸੂਰਤ ਯਾਦ ਬਣ ਕੇ ਸਾਡੇ ਚੇਤਿਆਂ ਵਿਚ ਵਸੀ ਰਹੇਗੀ। ਇਸ ਮਿਲਣੀ ਵਿਚ ਹੋਰਨਾਂ ਤੋਂ ਇਲਾਵਾ ਪ੍ਰੋ. ਸੁਖਦੇਵ ਸਿੰਘ, ਦਰਸ਼ਨ ਗਿੱਲ, ਇੰਦਰਜੀਤ ਕੌਰ, ਸੋਨੀਆ ਧਾਮੀ, ਹਰਮਿੰਦਰ ਸਿੰਘ, ਸਨਾ ਗਿੱਲ, ਰਵਨੀਤ ਗਿੱਲ, ਇਕਬਾਲ ਸਿੰਘ, ਇੰਦਰਜੀਤ ਕੌਰ, ਸਤਿੰਦਰ ਕੌਰ, ਜਸਵੰਤ ਕੌਰ, ਸਤਬੀਰ ਸਿੰਘ, ਗੁਰਵਿੰਦਰ ਕੌਰ, ਸਰਬਜੀਤ ਸਿੰਘ ਗਿੱਲ, ਪਰਮਜੀਤ ਕੌਰ ਗਿੱਲ, ਲਖਵੀਰ ਸਿੰਘ, ਰਵਿੰਦਰ ਕੌਰ ਅਤੇ ਰਵਿੰਦਰ ਸਿੰਘ ਨੇ ਹਿੱਸਾ ਲਿਆ।

*-ਰਿਪੋਰਟ: ਲਾਜ ਨੀਲਮ ਸੈਣੀ*
*ਫ਼ੋਨ: 510-502-0551*

**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
**Ph: (408) 737-7100**
www.homeopathicvibes.com
*We sell and ship homeopathic remedies through out North America.*

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।


**TEL: 209.982.9996**
FAX: 209.982.9997




Personal Injury and Wrongful Death Attorneys

Case Results*

$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results



WILLIAM E. WEISS Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment

Serving Since 1973



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA

Corporate NMLS# 68434
AZ License# BK-0945946



Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੇ ਦੀ ਲੋੜ ਹੈ

Looking for a USA Citizen match for Ramdasia Sikh girl, 1988 born, 5’9", divorcee and has one child living with. She belongs to Punjab (Ludhiana). She has completed her nursing associate in India, currently working in India. Please whatApp biodata and recent picture at 262-960-7366.

19-22

US citizen Nai girl 27, 5’6”  is looking for a suitable match. She has done DMD (Doctor of Dental medicine) and never married. Seeking an educated and well settled boy in the USA. Preference to same caste. Please contact at: 937-776-6474

17-20

Jatt Sikh family seeking a suitable match for their USA citizen girl 30, 5’5’’. Girl is working as a Dentist. Entire family is in the USA. Seeking a Doctor or engineer match from the USA. Jatt Sikh should be preffered. Please contact us at: 773-679-5664

## ਲੜਕੀ ਦੀ ਲੋੜ ਹੈ

Verma family seeks a compatible match for their 34 years (1991 born), 5’11" son , U.S citizen. Cast no bar. Serious enquiries only. Please Contact us at +1224-595-9926 or Email: inderjeetverma08@gmail.com

20-23

Ramgharia Sikh Turbaned boy 33, 5’8" , MEng Western University Canada, Working as Senior Software Engineer in Toronto Canada, Looking for a professionally qualified girl  living in Canada or US. Email: dev.kirat@gmail.com Ph +1 (313) 718-0178

19-26

ਸੈਣੀ ਸਿੱਖ ਲੜਕਾ, ਉਮਰ 29 ਸਾਲ, ਕੱਦ 5’6" Bio Tech ਵਿਚ ਮਾਸਟਰਜ਼ ਕੀਤੀ ਹੋਈ ਅਤੇ Stannford University ਵਿਚ ਰਿਸਰਚ ਜੌਬ ਕਰਦੇ ਲੜਕੇ ਲਈ ਲੜਕੀ ਦੀ ਲੋੜ ਹੈ। ਸੈਣੀ ਪਰਿਵਾਰ ਨਾਲ ਸਬੰਧਤ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ ਫੋਨ ਨੰਬਰ 510 557 6988 ‘ਤੇ ਸੰਪਰਕ ਕਰ ਸਕਦੇ ਹਨ।

18-21

Sikh Boy Sunaar family, 24 yrs, 5’11”, US Citizen seeks a beautiful and suitable girl from USA or India. Caste no bar. He has done Bachelors degree in Computer Science/Software Development & MBA in USA. He is non-vegetarian and does not drink or smoke. No sibling.Father is running Trucking and Gold business. Please contact us at Phone number: 513-448-8599 or E-mail at kanwal450@gmail.com

18-21

Seeking an educated and professional match (American citizen or Permanent Resident) for a 1992-born Punjab boy (Ramdasia and others), 5’8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020.

17-20

Jatt Sikh family seeking a match for their son, born in America. He is 22 years old, 6ft tall and wears a Turban. He did study in computer science and working as a Software Engineer. He has property both in America and India. Seeking a nice girl that enjoys family and lives in USA. He has no siblings. Please contact us at: 206-208-4064 or E-Mail at gursikhjatt@gmail.com

Ramgarhia Family seeks a suitable match for their USA Born and Raised 30 year 5’6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

Jatt Sikh SF Bay Area family seeking bride for their USA born Son 24, 5’10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746
To Advertise In Punjab Times
Call: 847-359-0746

# ਹੇਮਕੁੰਟ ਸਾਹਿਬ ਦੇ ਕਿਵਾੜ ਖੁੱਲ੍ਹਣ ਨਾਲ ਸੰਗਤਾਂ ਵਿਚ ਉਤਸ਼ਾਹ



**ਅੰਮ੍ਰਿਤਸਰ:** ਚਮੋਲੀ, ਉਤਰਾਖੰਡ 'ਚ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਜੀ ਦੇ ਕਿਵਾੜ ਜੈਕਾਰਿਆਂ ਦੀ ਗੂੰਜ ਵਿਚ ਐਤਵਾਰ ਨੂੰ ਸ਼ਰਧਾਲੂਆਂ ਲਈ ਖੋਲ੍ਹ ਦਿੱਤੇ ਗਏ। ਇਹ ਸਾਲਾਨਾ ਯਾਤਰਾ 25 ਮਈ ਤੋਂ 10 ਅਕਤੂਬਰ ਤੱਕ ਚੱਲੇਗੀ। ਗੁਰਦੁਆਰਾ ਸ੍ਰੀ ਗੋਬਿੰਦ ਘਾਟ ਤੋਂ ਪੈਦਲ ਯਾਤਰਾ ਸ਼ੁਰੂ ਹੁੰਦੀ ਹੈ ਜਿਸ ਵਿਚ ਗੁਰਦੁਆਰਾ ਸ੍ਰੀ ਗੋਬਿੰਦ ਧਾਮ ਦਾ ਪੜਾਅ ਆਉਂਦਾ ਹੈ। ਬਰਫ਼ ਦੀਆਂ ਚੋਟੀਆਂ ਤੋਂ ਪੈਦਲ ਯਾਤਰਾ ਕਰਦੀ ਸੰਗਤ ਦਰਸ਼ਨ ਲਈ ਪੁੱਜੀ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਹੈ। ਸ੍ਰੀ ਹੇਮਕੁੰਟ ਸਾਹਿਬ ਦੇ ਗ੍ਰੰਥੀ ਭਾਈ ਮਿਲਾਪ ਸਿੰਘ, ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ, ਮੈਨੇਜਰ ਸੇਵਾ ਸਿੰਘ ਨੇ ਸਜੇ ਦੀਵਾਨ ਵਿਚ ਅਰਦਾਸ ਤੋਂ ਬਾਅਦ ਧਾਰਮਿਕ ਸ਼ਖ਼ਸੀਅਤਾਂ ਤੋਂ ਇਲਾਵਾ ਭਾਰਤੀ ਫ਼ੌਜ ਦੇ ਜਵਾਨਾਂ ਤੇ ਅਫ਼ਸਰਾਂ ਨੂੰ ਸਨਮਾਨਿਤ ਕੀਤਾ, ਜਿਨ੍ਹਾਂ ਨੇ ਇਕ ਮਹੀਨਾ ਸਖ਼ਤ ਮਿਹਨਤ ਕਰਦਿਆਂ ਹਰ ਸਾਲ ਦੀ ਤਰ੍ਹਾਂ ਬਰਫ਼ ਨਾਲ ਢਕੇ ਰਸਤਿਆਂ ਨੂੰ ਸਾਫ਼ ਕਰਦਿਆਂ ਸੰਗਤ ਦੇ ਪਹੁੰਚਣ ਲਈ ਤਿਆਰ ਕੀਤਾ। ਬਰਫ਼ ਨਾਲ ਭਰੇ ਸਰੋਵਰ ਵਿਚ ਸੰਗਤ ਨੇ ਇਸ਼ਨਾਨ ਵੀ ਕੀਤਾ। ਪੈਦਲ ਯਾਤਰਾ ਦੌਰਾਨ ਬਰਫ਼ ਨਾਲ ਰਸਤਿਆਂ 'ਚ ਤਿਲਕਣ ਹੋਣ ਕਾਰਨ ਫ਼ੌਜੀ ਜਵਾਨ ਮਦਦ ਕਰ ਰਹੇ ਹਨ। ਵਿਸ਼ੇਸ਼ ਤੌਰ 'ਤੇ ਪਹੁੰਚੀ ਬੈਂਡ ਪਾਰਟੀ ਨੇ ਧਾਰਮਿਕ ਧੁੰਨਾਂ ਨਾਲ ਧਿਆਨ ਆਪਣੇ ਵੱਲ ਖਿੱਚਿਆ। ਦੱਸਣਯੋਗ ਹੈ ਕਿ 22 ਮਈ ਨੂੰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਲਕਸ਼ਮਣ ਝੂਲਾ ਮਾਰਗ ਰਿਸ਼ੀਕੇਸ਼ ਤੋਂ ਜੈਕਾਰਿਆਂ ਦੀ ਗੂੰਜ ਵਿਚ ਪੰਥਕ ਰਵਾਇਤਾਂ ਅਨੁਸਾਰ ਪੰਜ ਪਿਆਰਿਆਂ ਦੀ ਅਗਵਾਈ ਵਿਚ ਯਾਤਰਾ ਦੀ ਆਰੰਭਤਾ ਕੀਤੀ ਗਈ ਸੀ।

# ਖਾਲੜਾ ਅਗਵਾ ਕਾਂਡ ਦੇ ਮੁੱਖ ਗਵਾਹ ਦੀ ਮੌਤ

## ਗਵਾਹੀ ਤੋਂ ਰੋਕਣ ਲਈ ਪੰਜਾਬ ਪੁਲਿਸ ਨੇ ਦਰਜ ਕੀਤੇ ਸਨ ਕਈ ਕੇਸ

**ਅੰਮ੍ਰਿਤਸਰ:** ਮਨੁੱਖੀ ਹੱਕਾਂ ਦੀ ਆਵਾਜ਼ ਬੁਲੰਦ ਕਰਨ ਵਾਲੇ ਜਸਵੰਤ ਸਿੰਘ ਖਾਲੜਾ ਨੂੰ ਪੁਲੀਸ ਵੱਲੋਂ ਅਗਵਾ ਕਰਨ ਦੇ ਮਾਮਲੇ 'ਚ ਮੁੱਖ ਗਵਾਹ ਕਿਰਪਾਲ ਸਿੰਘ ਰੰਧਾਵਾ (72) ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਹ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਸਾਬਕਾ ਡਿਪਟੀ ਚੇਅਰਪਰਸਨ ਵੀ ਸਨ। ਸੰਗਠਨ ਨੇ 1980ਵਿਆਂ ਅਤੇ 90ਵਿਆਂ 'ਚ ਮਨੁੱਖੀ ਹੱਕਾਂ ਦੇ ਅੰਦੋਲਨ 'ਚ ਮੋਹਰੀ ਨਿਭਾਈ ਸੀ।

ਸ੍ਰੀ ਰੰਧਾਵਾ ਮਰਹੂਮ ਜਸਵੰਤ ਸਿੰਘ ਖਾਲੜਾ ਨਾਲ ਜੁੜੇ ਹੋਏ ਸਨ ਅਤੇ ਉਹ 6 ਸਤੰਬਰ, 1995 'ਚ ਪੁਲੀਸ ਵੱਲੋਂ ਖਾਲੜਾ ਨੂੰ ਅਗਵਾ ਕੀਤੇ ਜਾਣ ਦੇ ਮੁੱਖ ਚਸ਼ਮਦੀਦ ਸਨ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੀ ਜਾਂਚ ਵਿੰਗ ਦੇ ਮੁਖੀ ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ ਸ੍ਰੀ ਰੰਧਾਵਾ ਨੇ ਅੰਮ੍ਰਿਤਸਰ ਦੇ ਕਬੀਰ ਪਾਰਕ ਸਥਿਤ ਆਪਣੀ ਰਿਹਾਇਸ਼ 'ਤੇ ਬੀਤੀ ਰਾਤ ਕਰੀਬ 10 ਵਜੇ ਅੰਤਿਮ ਸਾਹ ਲਏ। ਵੇਰਕਾ ਨੇ ਦੋਸ਼ ਲਾਇਆ ਕਿ ਕਿਰਪਾਲ ਸਿੰਘ ਰੰਧਾਵਾ ਨੂੰ ਖਾਲੜਾ ਹੱਤਿਆ ਕਾਂਡ 'ਚ ਗਵਾਹੀ ਦੇਣ ਤੋਂ ਰੋਕਣ ਲਈ ਉਸ ਵਿਰੁੱਧ ਪੰਜਾਬ ਪੁਲਿਸ ਨੇ ਛੇ ਝੂਠੇ ਕੇਸ ਦਰਜ ਕੀਤੇ ਸਨ।



*ਕਿਰਪਾਲ ਸਿੰਘ ਰੰਧਾਵਾ*



*ਜਸਵੰਤ ਸਿੰਘ ਖਾਲੜਾ*

ਪਟਿਆਲਾ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਨੇ ਇਤਿਹਾਸਕ ਫ਼ੈਸਲਾ ਸੁਣਾਉਂਦਿਆਂ ਰੰਧਾਵਾ ਨੂੰ 12 ਕਰੋੜ ਰੁਪਏ ਦਾ ਮੁਆਵਜ਼ਾ ਦੇਣ ਦੇ ਹੁਕਮ ਦਿੱਤੇ ਸਨ।

ਖਾਲੜਾ ਮਿਸ਼ਨ ਸੰਗਠਨ ਦੇ ਚੇਅਰਪਰਸਨ ਹਰਮਨ ਸਿੰਘ ਸਰਹਾਲੀ ਨੇ ਰੰਧਾਵਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

# ਭਗਵੰਤ ਮਾਨ ਨੇ ਕੇਂਦਰ ਤੋਂ ਪੰਜਾਬ ਲਈ ਵਿਸ਼ੇਸ਼ ਆਰਥਿਕ ਪੈਕੇਜ ਦੀ ਕੀਤੀ ਮੰਗ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਿੱਲੀ 'ਚ ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ ਵਿੱਚ ਪਾਣੀਆਂ ਸਣੇ ਸੂਬੇ ਦੇ ਹੋਰ ਮੁੱਦਿਆਂ ਨੂੰ ਜ਼ੋਰ-ਸ਼ੋਰ ਨਾਲ ਚੁੱਕਿਆ। ਪੰਜਾਬ ਨਾਲ ਬੇਇਨਸਾਫ਼ੀ ਦੇ ਦੋਸ਼ ਲਗਾਉਂਦਿਆਂ ਉਨ੍ਹਾਂ ਕਿਹਾ ਕਿ ਸੂਬੇ ਨਾਲ ਇਸ ਤਰ੍ਹਾਂ ਦਾ ਪੱਖਪਾਤੀ ਅਤੇ ਵਿਤਕਰੇ ਵਾਲਾ ਸਲੂਕ ਗੈਰ-ਵਾਜਬ ਅਤੇ ਗਲਤ ਹੈ। ਉਨ੍ਹਾਂ ਪੰਜਾਬ ਨੂੰ ਸਰਹੱਦੀ ਸੂਬਾ ਹੋਣ ਦੇ ਨਾਅਤੇ ਵਿਸ਼ੇਸ਼ ਆਰਥਿਕ ਪੈਕੇਜ ਦੇਣ ਅਤੇ ਰੁਕੇ ਹੋਏ ਫੰਡ ਜਾਰੀ ਕਰਨ ਦੀ ਮੰਗ ਵੀ ਕੀਤੀ।



ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਸਭ ਤੋਂ ਪਹਿਲਾਂ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀਬੀਐੱਮਬੀ) ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਬੀਬੀਐੱਮਬੀ ਦਾ ਗਠਨ ਪੰਜਾਬ ਪੁਨਰਗਠਨ ਐਕਟ, 1966 ਦੇ ਉਪਬੰਧਾਂ ਤਹਿਤ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਦੌਰਾਨ ਪੰਜਾਬ ਭਾਈਵਾਲ ਸੂਬਿਆਂ ਨਾਲ ਪਾਣੀ ਸਾਂਝਾ ਕਰਨ ਵਿੱਚ ਵਧੇਰੇ ਉਦਾਰ ਰਿਹਾ ਹੈ, ਜਦੋਂ ਕਿ ਝੋਨੇ ਦੀ ਲੁਆਈ ਤੇ ਹੋਰ ਲੋੜਾਂ ਪੂਰੀਆਂ ਕਰਨ ਲਈ ਸੂਬੇ ਨੂੰ ਆਪਣੇ ਭੂਮੀਗਤ ਭੰਡਾਰਾਂ 'ਤੇ ਨਿਰਭਰ ਕਰਨਾ ਪੈ ਰਿਹਾ ਸੀ ਜਿਸ ਕਰਕੇ ਪੰਜਾਬ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਵਧੇਰੇ ਹੇਠਾਂ ਚਲਾ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਨੂੰ ਖੁਦ ਆਪਣੀ ਲੋੜ ਨਾਲੋਂ ਘੱਟ ਪਾਣੀ ਮਿਲ ਰਿਹਾ ਹੈ, ਜਦੋਂ ਕਿ ਹਰਿਆਣਾ ਨੇ 30 ਮਾਰਚ, 2025 ਤੱਕ ਆਪਣੇ ਹਿੱਸਾ ਦਾ ਪੂਰਾ ਪਾਣੀ ਵਰਤ ਲਿਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾਸਰਕਾਰ ਦੀ ਬੇਨਤੀ 'ਤੇ ਪੰਜਾਬ ਨੇ ਮਾਨਵੀ ਆਧਾਰ 'ਤੇ ਆਪਣੇ ਹਿੱਸੇ ਵਿੱਚੋਂ 4000 ਕਿਊਸਿਕ ਵਾਧੂ ਪਾਣੀ ਛੱਡਣ ਦਾ ਫ਼ੈਸਲਾ ਕੀਤਾ ਸੀ।

### ਚੰਡੀਗੜ੍ਹ 'ਤੇ ਪੰਜਾਬ ਦੇ ਬਣਦੇ ਹੱਕ ਦਾ ਮੁੱਦਾ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨੀਤੀ ਆਯੋਗ ਦੀ ਮੀਟਿੰਗ ਵਿੱਚ ਚੰਡੀਗੜ੍ਹ 'ਤੇ ਪੰਜਾਬ ਦੇ ਬਣਦੇ ਹੱਕ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਪੰਜਾਬ ਦੇ ਅਧਿਕਾਰੀਆਂ ਨੂੰ 60/40 ਦੇ ਅਨੁਪਾਤ ਨਾਲ ਪ੍ਰਤੀਨਿਧਤਾ ਮਿਲਣੀ ਚਾਹੀਦੀ ਹੈ,ਪਰ ਕੇਂਦਰ ਸਰਕਾਰ ਵੱਲੋਂ ਕੁਝ ਸਮੇਂ ਤੋਂ ਚੰਡੀਗੜ੍ਹ ਵਿੱਚ ਏਜੀਐੱਮਯੂਟੀ ਅਤੇ ਡੀਏਐੱਨਆਈਪੀਐੱਸ ਕਾਡਰਾਂ ਤੋਂ ਡੈਪੂਟੇਸ਼ਨ 'ਤੇ ਅਧਿਕਾਰੀਆਂ ਨੂੰ ਤਾਇਨਾਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਵਿੱਚ ਪੰਜਾਬ ਨੂੰ ਬਣਦਾ ਹਿੱਸਾ ਦਿੱਤਾ ਜਾਵੇ।

### ਪੋਸਟ-ਮੈਟ੍ਰਿਕ ਸਕਾਲਰਸ਼ਿਪ ਦੇ ਬਕਾਏ ਜਾਰੀ ਕਰਨ ਦੀ ਮੰਗ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨੀਤੀ ਆਯੋਗ ਦੀ ਮੀਟਿੰਗ ਵਿੱਚ ਪੰਜਾਬ ਦੇ ਬਕਾਇਆ ਫੰਡ ਜਾਰੀ ਕਰਨ ਦਾ ਮੁੱਦਾ ਚੁੱਕਿਆ। ਉਨਾਂ ਕਿਹਾ ਕਿ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਅਕਾਦਮਿਕ ਸੈਸ਼ਨ 2017-18, 2018-19 ਅਤੇ 2019-20 ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਬਕਾਏ ਜਾਰੀ ਕੀਤੇ ਜਾਣ। ਉਨ੍ਹਾਂ ਕਿਹਾ ਕਿ ਇਹ ਬੈਕਲਾਗ ਰਕਮ 938.26 ਕਰੋੜ ਰੁਪਏ (ਦੇਣਦਾਰੀ ਦਾ 60 ਫ਼ੀਸਦੀ) ਕੇਂਦਰ ਵੱਲੋਂ ਜਾਰੀ ਕੀਤੇ ਜਾਣੇ ਹਨ ਜਿਸ ਨੂੰ ਛੇਤੀ ਤੋਂ ਛੇਤੀ ਜਾਰੀ ਕੀਤਾ ਜਾਵੇ।

# ਜਯੋਤੀ ਨਾਲ ਚੱਲਦੇ ਸਨ ਏਕੇ-47 ਵਾਲੇ ਬਾਡੀਗਾਰਡ

**ਹਿਸਾਰ:** ਪਾਕਿਸਤਾਨ ਵਿਚ ਜਾਸੂਸੀ ਦੇ ਦੋਸ਼ਾਂ 'ਚ ਗ੍ਰਿਫ਼ਤਾਰ ਜਯੋਤੀ ਮਲਹੋਤਰਾ ਦੇ ਮਾਮਲੇ ਵਿਚ ਨਵਾਂ ਮੋੜ ਆਇਆ ਹੈ। ਸਕਾਟਲੈਂਡ ਦੇ ਯੂ-ਟਿਊਬਰ ਕੈਲਮ ਮਿਲ ਨੇ ਆਪਣੇ ਐਕਸ ਹੈਂਡਲ 'ਤੇ ਜਯੋਤੀ ਦੀ ਲਾਹੌਰ ਯਾਤਰਾ ਦਾ ਇਕ ਵੀਡੀਓ ਸਾਂਝਾ ਕੀਤਾ ਹੈ, ਜਿਸ ਵਿਚ ਉਨ੍ਹਾਂ ਨੇ ਦਿਖਾਇਆ ਕਿ ਜਯੋਤੀ ਨੂੰ ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿਚ ਛੇ ਹਥਿਆਰਬੰਦ ਸੁਰੱਖਿਆ ਕਰਮਚਾਰੀਆਂ ਦੇ ਨਾਲ ਦੇਖਿਆ ਗਿਆ। ਕੈਲਮ ਨੇ ਆਪਣੇ ਵੀਡੀਓ ਵਿਚ ਦੱਸਿਆ ਕਿ ਪਾਕਿਸਤਾਨ ਵਿਚ ਲੋਕਾਂ ਦਾ ਹਥਿਆਰਾਂ ਨਾਲ ਦਿਖਾਈ ਦੇਣਾ ਆਮ ਗੱਲ ਹੈ, ਪਰ ਜਯੋਤੀ ਦੀ ਸੁਰੱਖਿਆ ਨੇ ਉਨ੍ਹਾਂ ਨੂੰ ਹੈਰਾਨ ਕਰ ਦਿੱਤਾ। ਕੈਲਮ ਨੇ ਪਿਛਲੇ ਮਾਰਚ ਵਿਚ ਲਾਹੌਰ ਦੇ ਅਨਾਰਕਲੀ ਬਾਜ਼ਾਰ ਦੀ ਯਾਤਰਾ ਦਾ ਵੀਡੀਓ ਅਪਲੋਡ ਕੀਤਾ, ਜਿਸ ਵਿਚ ਉਨ੍ਹਾਂ ਨੇ ਸਥਾਨਕ ਲੋਕਾਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਦੀ ਜਯੋਤੀ ਨਾਲ ਮੁਲਾਕਾਤ ਹੋਈ। ਕੈਲਮ ਨੇ ਲਿਖਿਆ ਕਿ ਜਯੋਤੀ ਦੇ ਨਾਲ ਛੇ ਹਥਿਆਰਬੰਦ ਸੁਰੱਖਿਆ ਮੁਲਾਜ਼ਮ ਸਨ, ਜਿਨ੍ਹਾਂ ਦੇ ਕੋਲ ਏਕੇ-47 ਰਾਈਫਲਾਂ ਸਨ। ਉਨ੍ਹਾਂ ਨੇ "ਨੋ ਫੀਅਰ" ਵਾਲੀ ਜੈਕਟ ਪਹਿਨੀ ਹੋਈ ਸੀ। 14 ਦਿਨ ਦੀ ਨਿਆਇਕ ਹਿਰਾਸਤ 'ਚ ਭੇਜੀ ਗਈ ਜਯੋਤੀ ਕਈ ਦਿਨਾਂ ਦੀ ਪੁਲਿਸ ਪੁੱਛਗਿੱਛ ਦੇ ਬਾਅਦ ਸੋਮਵਾਰ ਨੂੰ ਕੋਰਟ ਨੇ ਜਯੋਤੀ ਨੂੰ 14 ਦਿਨ ਦੀ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ।



# ਟਰੰਪ ਸਬੰਧੀ ਸਵਾਲ 'ਤੇ ਵਿਦੇਸ਼ੀ ਪੱਤਰਕਾਰ ਨੂੰ ਕੀਤਾ ਲਾਜਵਾਬ

**ਨਵੀਂ ਦਿੱਲੀ:** ਭਾਰਤ ਤੇ ਪਾਕਿਸਤਾਨ 'ਚ ਜੰਗਬੰਦੀ ਕਰਵਾਉਣ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਧੰਨਵਾਦ ਕਰਨ ਸਬੰਧੀ ਇਕ ਸਵਾਲ 'ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦੇ ਜਵਾਬ ਨੇ ਇਕ ਵਿਦੇਸ਼ੀ ਪੱਤਰਕਾਰ ਨੂੰ ਲਾਜਵਾਬ ਕਰ ਦਿੱਤਾ। ਜਰਮਨ ਅਖ਼ਬਾਰ 'ਐਫਏਜ਼ੈਡ' ਨੂੰ ਦਿੱਤੀ ਇੰਟਰਵਿਊ ਦੌਰਾਨ ਜਦੋਂ ਜੈਸ਼ੰਕਰ ਨੂੰ ਇਹ ਸਵਾਲ ਕੀਤਾ ਗਿਆ ਕਿ ਤਾਂ ਉਨ੍ਹਾਂ ਕਿਹਾ, 'ਦੋਵਾਂ ਪੱਖਾਂ ਦੇ ਫੌਜੀ ਕਮਾਂਡਰਾਂ 'ਚ ਸਿੱਧੇ ਸੰਪਰਕ ਜ਼ਰੀਏ ਜੰਗਬੰਦੀ ਕਰਨ 'ਤੇ ਸਹਿਮਤੀ ਬਣੀ ਸੀ। ਇਸ ਤੋਂ ਪਹਿਲਾਂ ਸਵੇਰੇ ਅਸੀਂ ਪਾਕਿਸਤਾਨ ਦੇ ਮੁੱਖ ਏਅਰਬੇਸ ਅਤੇ ਹਵਾਈ ਰੱਖਿਆ ਪ੍ਰਣਾਲੀ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਅਸਫਲ ਕਰ ਦਿੱਤਾ ਸੀ ਤਾਂ ਦੁਸ਼ਮਣੀ ਖ਼ਤਮ ਕਰਨ ਲਈ ਮੈਨੂੰ ਕਿਸ ਦਾ ਧੰਨਵਾਦ ਕਰਨਾ ਚਾਹੀਦਾ? ਮੈਂ ਭਾਰਤੀ ਫ਼ੌਜ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਭਾਰਤੀ ਫੌਜੀ ਕਾਰਵਾਈ ਨੇ ਹੀ ਪਾਕਿਸਤਾਨ ਨੂੰ ਇਹ ਕਹਿਣ 'ਤੇ ਮਜਬੂਰ ਕੀਤਾ, ਅਸੀਂ ਰੁਕਣ ਲਈ ਤਿਆਰ ਹਾਂ।" ਇਕ ਹੋਰ ਸਵਾਲ 'ਤੇ ਜੈਸ਼ੰਕਰ ਨੇ ਕਿਹਾ, 'ਅਸੀਂ ਅੱਤਵਾਦੀਆਂ ਨੂੰ ਸਪੱਸ਼ਟ ਸੰਕੇਤ ਦਿੱਤਾ ਕਿ ਇਸ ਤਰ੍ਹਾਂ ਦੇ ਹਮਲੇ ਕਰਨ ਦੀ ਕੀਮਤ ਤਾਰਨੀ ਹੋਵੇਗੀ, ਜਿਵੇਂ ਉਨ੍ਹਾਂ ਨੇ ਅਪ੍ਰੈਲ 'ਚ ਕਸ਼ਮੀਰ 'ਚ ਕੀਤਾ ਸੀ।

# ਮੂਸੇਵਾਲਾ ਕਤਲ ਕਾਂਡ ਦਾ ਮੁੱਖ ਗਵਾਹ ਨਹੀਂ ਰਿਹਾ

**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਮਾਮਲੇ ਵਿੱਚ ਮੁੱਖ ਗਵਾਹ ਅਤੇ ਜਾਂਚ ਅਧਿਕਾਰੀ ਸੇਵਾਮੁਕਤ ਸਬ-ਇੰਸਪੈਕਟਰ ਅੰਗਰੇਜ਼ ਸਿੰਘ ਦਾ ਬੀਤੇ ਦਿਨ ਦੇਹਾਂਤ ਹੋ ਗਿਆ।



ਸ਼ੁੱਕਰਵਾਰ ਨੂੰ ਅੰਗਰੇਜ਼ ਸਿੰਘ ਦੀ ਮਾਨਸਾ ਅਦਾਲਤ ਵਿੱਚ ਪੇਸ਼ੀ ਸੀ ਅਤੇ ਕੱਲ੍ਹ ਹੀ ਬਿਮਾਰੀ ਕਾਰਨ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਬਿਮਾਰ ਹੋਣ ਕਾਰਨ ਉਹ ਅਦਾਲਤ ਵਿੱਚ ਗਵਾਹੀ ਦੇਣ ਲਈ ਨਹੀਂ ਪੁੱਜ ਸਕੇ ਸਨ। ਉਹ ਲੁਧਿਆਣਾ ਦੇ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਸਨ। ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦਾ 29 ਮਈ 2022 ਨੂੰ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਉਸ ਵੇਲੇ ਅੰਗਰੇਜ਼ ਸਿੰਘ ਥਾਣਾ ਸਿਟੀ-1 ਮਾਨਸਾ ਵਿੱਚ ਬਤੌਰ ਐੱਸਐੱਚਓ ਤਾਇਨਾਤ ਸਨ। ਦੋ ਸਾਲ ਪਹਿਲਾਂ ਉਹ ਨੌਕਰੀ ਤੋਂ ਸੇਵਾਮੁਕਤ ਹੋ ਗਏ ਸਨ। ਸੇਵਾਮੁਕਤ ਹੋਣ ਦੇ ਬਾਅਦ ਤੋਂ ਅੰਗਰੇਜ਼ ਸਿੰਘ ਬਿਮਾਰ ਸਨ। ਉਹ ਸਿੱਧੂ ਮੂਸੇਵਾਲਾ ਦੇ ਕਤਲ ਦੇ ਮਾਮਲੇ ਵਿੱਚ ਮੁੱਖ ਗਵਾਹਾਂ 'ਚੋਂ ਇੱਕ ਸਨ। ਲੰਘੀ 23 ਮਈ ਨੂੰ ਉਨ੍ਹਾਂ ਦੀ ਸਿੱਧੂ ਮੂਸੇਵਾਲਾ ਦੇ ਕਤਲ ਦੇ ਮਾਮਲੇ ਵਿੱਚ ਮਾਨਸਾ ਅਦਾਲਤ ਵਿੱਚ ਪੇਸ਼ੀ ਸੀ ਪਰ ਬਿਮਾਰ ਹੋਣ ਕਾਰਨ ਉਹ ਗਵਾਹੀ ਦੇਣ ਲਈ ਨਹੀਂ ਪੁੱਜੇ ਸਨ। ਅਦਾਲਤ ਨੇ ਉਨ੍ਹਾਂ ਨੂੰ ਅਗਲੀ ਪੇਸ਼ੀ ਲਈ 4 ਜੁਲਾਈ ਨੂੰ ਮੁੜ ਸੱਦਿਆ ਸੀ।

# ਭਾਰਤ ਵਲੋਂ ਪਾਕਿਸਤਾਨ ’ਤੇ ਸਿੰਧੂ ਜਲ ਸਮਝੌਤੇ ਦੀ ਉਲੰਘਣਾ ਦੇ ਦੋਸ਼

**ਸੰਯੁਕਤ ਰਾਸ਼ਟਰ:**ਭਾਰਤ ਨੇ ਸਿੰਧੂ ਜਲ ਸਮਝੌਤੇ ‘ਤੇ ਸੰਯੁਕਤ ਰਾਸ਼ਟਰ ਵਿਚ ਪਾਕਿਸਤਾਨ ਦੇ ਮਾੜੇ ਪ੍ਰਚਾਰ ਦੀਆਂ ਧੱਜੀਆਂ ਉਡਾਉਂਦਿਆਂ ਕਿਹਾ ਕਿ ਇਸਲਾਮਾਬਾਦ ਨੇ ਭਾਰਤ ‘ਤੇ ਤਿੰਨ ਜੰਗਾਂ ਤੇ ਹਜ਼ਾਰਾਂ ਅੱਤਵਾਦੀ ਹਮਲੇ ਕਰ ਕੇ ਇਸ ਸਮਝੌਤੇ ਦੀ ਭਾਵਨਾ ਦੀ ਉਲੰਘਣਾ ਕੀਤੀ ਹੈ। ਸੰਯੁਕਤ ਰਾਸ਼ਟਰ ‘ਚ ਭਾਰਤ ਦੇ ਸਥਾਈ ਪ੍ਰਤੀਨਿਧੀ ਪਰਵਤਨੇਨੀ ਹਰੀਸ਼ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਅਸੀਂ ਸਿੰਧੂ ਜਲ ਸਮਝੌਤੇ ਦੇ ਸਬੰਧ ਵਿਚ ਪਾਕਿਸਤਾਨ ਦੇ ਪ੍ਰਤੀਨਿਧੀ ਮੰਡਲ ਵੱਲੋਂ ਫੈਲਾਈਆਂ ਜਾ ਰਹੀਆਂ ਗਲਤ ਸੂਚਨਾਵਾਂ ਦਾ ਜਵਾਬ ਦੇਣ ਲਈ ਪਾਬੰਦ ਹੋਏ ਹਾਂ। ਭਾਰਤ ਨੇ ਹਮੇਸ਼ਾ ਜ਼ਿੰਮੇਵਾਰੀ ਨਾਲ ਕੰਮ ਕੀਤਾ ਹੈ। ਇਹ ਪਾਕਿਸਤਾਨ ਹੈ, ਜੋ ਸਿੰਧੂ ਜਲ ਸਮਝੌਤੇ ਦੀ ਉਲੰਘਣਾ ਕਰ ਰਿਹਾ ਹੈ। ਹਰੀਸ਼ ਨੇ ਸਲੋਵੇਨੀਆ ਦੇ ਸਥਾਈ ਮਿਸ਼ਨ ਵੱਲੋਂ ਕਰਵਾਈ ਗਈ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਇਹ ਟਿੱਪਣੀ ਕੀਤੀ। ਇਸ ਬੈਠਕ ਦਾ ਵਿਸ਼ਾ ‘ਹਥਿਆਰਬੰਦ ਸੰਘਰਸ਼ ਦੇ ਦੌਰਾਨ ਪਾਣੀ ਦੀ ਸੁਰੱਖਿਆ-ਆਮ ਨਾਗਰਿਕਾਂ ਦੇ ਜੀਵਨ ਦੀ ਸੁਰੱਖਿਆ’ ਸੀ।



ਹਰੀਸ਼ ਨੇ ਦੱਸਿਆ ਕਿ ਭਾਰਤ ਨੇ ਪਿਛਲੇ ਦੋ ਸਾਲਾਂ ‘ਚ ਕਈ ਵਾਰ ਪਾਕਿਸਤਾਨ ਨੂੰ ਸਮਝੌਤੇ ਵਿਚ ਸੋਧਾਂ ‘ਤੇ ਚਰਚਾ ਕਰਨ ਲਈ ਕਿਹਾ ਪਰ ਇਸਲਾਮਾਬਾਦ ਇਸ ਤੋਂ ਇਨਕਾਰ ਕਰਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ 65 ਸਾਲਾਂ ਵਿਚ ਨਾ ਸਿਰਫ਼ ਸਰਹੱਦੋਂ ਪਾਰ ਅੱਤਵਾਦੀ ਹਮਲਿਆਂ ਜ਼ਰੀਏ ਵਧ ਰਹੀਆਂ ਸੁਰੱਖਿਆ ਚਿੰਤਾਵਾਂ ਦੇ ਸੰਦਰਭ ‘ਚ, ਸਗੋਂ ਸਾਫ਼ ਊਰਜਾ ਉਤਪਾਦਨ, ਜਲਵਾਯੂ ਬਦਲਾਅ ਅਤੇ ਜਨਸੰਖਿਆ ਬਦਲਾਅ ਦੀਆਂ ਵਧ ਰਹੀਆਂ ਜ਼ਰੂਰਤਾਂ ਦੇ ਸੰਦਰਭ ਵਿਚ ਵੀ ਦੂਰਗਾਮੀ ਬਦਲਾਅ ਹੋਏ ਹਨ। ਕੁਝ ਪੁਰਾਣੇ ਡੈਮਾਂ ਦੇ ਸਬੰਧ ਵਿਚ ਸੁਰੱਖਿਆ ਸਬੰਧੀ ਗੰਭੀਰ ਚਿੰਤਾਵਾਂ ਹਨ। ਪਾਕਿਸਤਾਨ ਇਸ ਬੁਨਿਆਦੀ ਢਾਂਚੇ ਵਿਚ ਸਮਝੌਤੇ ਅਧੀਨ ਸਵੀਕਾਰਨਯੋਗ ਕਿਸੇ ਵੀ ਬਦਲਾਅ ਅਤੇ ਪ੍ਰਬੰਧਾਂ ਵਿਚ ਕਿਸੇ ਵੀ ਸੋਧ ਨੂੰ ਲਗਾਤਾਰ ਰੋਕਦਾ ਰਿਹਾ ਹੈ।

ਭਾਰਤੀ ਪ੍ਰਤੀਨਿਧੀ ਹਰੀਸ਼ ਨੇ ਕਿਹਾ ਕਿ 2012 ਵਿਚ ਅੱਤਵਾਦੀਆਂ ਨੇ ਜੰਮੂ-ਕਸ਼ਮੀਰ ਵਿਚ ਤਲਬੂਲ ਪ੍ਰੋਜੈਕਟ ‘ਤੇ ਵੀ ਹਮਲਾ ਕੀਤਾ ਸੀ। ਇਹ ਨਿੰਦਣਯੋਗ ਕਾਰਾ ਸਾਡੇ ਪ੍ਰੋਜੈਕਟਾਂ ਅਤੇ ਆਮ ਨਾਗਰਿਕਾਂ ਦੇ ਜੀਵਨ ਦੀ ਸੁਰੱਖਿਆ ਨੂੰ ਖ਼ਤਰੇ ਵਿਚ ਪਾਉਂਦਾ ਹੈ। ਇਸੇ ਪਿਛੋਕੜ ਵਿਚ ਭਾਰਤ ਨੇ ਆਖਰਕਾਰ ਐਲਾਨ ਕੀਤਾ ਹੈ ਕਿ ਜਦ ਤੱਕ ਅੱਤਵਾਦ ਦਾ ਵਿਸ਼ਵ ਕੇਂਦਰ ਪਾਕਿਸਤਾਨ ਸਰਹੱਦ ਪਾਰੋਂ ਅੱਤਵਾਦ ਨੂੰ ਆਪਣਾ ਸਮੱਰਥਨ ਖ਼ਤਮ ਨਹੀਂ ਕਰਦਾ, ਉਦੋਂ ਤੱਕ ਇਹ ਸਮਝੌਤਾ ਰੁਕਿਆ ਰਹੇਗਾ। ਇਹ ਸਪੱਸ਼ਟ ਹੈ ਕਿ ਇਹ ਪਾਕਿਸਤਾਨ ਹੀ ਹੈ, ਜੋ ਸਿੰਧੂ ਜਲ ਸਮਝੌਤੇ ਦੀ ਉਲੰਘਣਾ ਕਰ ਰਿਹਾ ਹੈ।

## ਅਤਿਵਾਦੀਆਂ ਤੇ ਆਮ ਨਾਗਰਿਕਾਂ ’ਚ ਕੋਈ ਫ਼ਰਕ ਨਹੀਂ ਕਰਦਾ ਪਾਕਿਸਤਾਨ

ਹਰੀਸ਼ ਨੇ ਸੁਰੱਖਿਆ ਕੌਂਸਲ ਦੀ ਖੁੱਲ੍ਹੀ ਬਹਿਸ ‘ਚ ਪਾਕਿਸਤਾਨ ਦੇ ਬਿਆਨ ‘ਤੇ ਤਿੱਖੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਪਾਕਿ ਦੇ ਪਾਖੰਡ ਦੀ ਨਿੰਦਾ ਕਰਦਿਆਂ ਕਿਹਾ ਕਿ ਇਕ ਅਜਿਹਾ ਦੇਸ਼ ਜੋ ਅੱਤਵਾਦੀਆਂ ਅਤੇ ਆਮ ਨਾਗਰਿਕਾਂ ਦੇ ਵਿਚਕਾਰ ਕੋਈ ਫਰਕ ਨਹੀਂ ਕਰਦਾ, ਉਸ ਨੂੰ ਆਮ ਨਾਗਰਿਕਾਂ ਦੀ ਸੁਰੱਖਿਆ ‘ਤੇ ਗੱਲ ਕਰਨ ਦਾ ਕੋਈ ਹੱਕ ਨਹੀਂ ਹੈ। ਦਰਅਸਲ, ਸੰਯੁਕਤ ਰਾਸ਼ਟਰ ਵਿਚ ਪਾਕਿਸਤਾਨ ਦੇ ਰਾਜਦੂਤ ਆਸਿਮ ਇਫਤਿਖਾਰ ਅਹਿਮਦ ਨੇ ਆਪਣੇ ਭਾਸ਼ਣ ਵਿਚ




ਕਸ਼ਮੀਰ ਮੁੱਦੇ ਨੂੰ ਉਠਾਇਆ ਅਤੇ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਹਾਲੀਆ ਸੰਘਰਸ਼ ਬਾਰੇ ਗੱਲ ਕੀਤੀ। ਹਰੀਸ਼ ਨੇ ਇਸ ‘ਤੇ ਕਿਹਾ ਕਿ ਭਾਰਤ ਨੇ ਦਹਾਕਿਆਂ ਤੋਂ ਆਪਣੀਆਂ ਸਰਹੱਦਾਂ ‘ਤੇ ਪਾਕਿਸਤਾਨ ਸਪਾਂਸਰਡ ਹਮਲਿਆਂ ਦਾ ਸਾਹਮਣਾ ਕੀਤਾ ਹੈ।

## ਅਤਿਵਾਦੀ ਹਮਲਿਆਂ ’ਚ ਗਈ 20 ਹਜ਼ਾਰ ਭਾਰਤੀਆਂ ਦੀ ਜਾਨ

ਭਾਰਤੀ ਪ੍ਰਤੀਨਿਧੀ ਹਰੀਸ਼ ਨੇ ਪਾਕਿਸਤਾਨ ਦੇ ਮਾੜੇ ਪ੍ਰਚਾਰ ਨੂੰ ਉਜਾਗਰ ਕਰਨ ਲਈ ਚਾਰ ਪੱਖਾਂ ‘ਤੇ ਰੋਸ਼ਨੀ ਪਾਈ। ਉਨਾਂ ਕਿਹਾ ਕਿ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਫ਼ੈਸਲਾ ਕੀਤਾ ਸੀ ਕਿ 1960 ਦੇ ਸਿੰਧੂ ਜਲ ਸਮਝੌਤੇ ਨੂੰ ਤੁਰੰਤ ਪ੍ਰਭਾਵ ਨਾਲ ਰੋਕਿਆ ਜਾਵੇਗਾ। ਸਿੰਧੂ ਜਲ ਸਮਝੌਤੇ ਦੀ ਪ੍ਰਸਤਾਵਨਾ ਵਿਚ ਕਿਹਾ ਗਿਆ ਹੈ ਕਿ ਇਸ ਨੂੰ ‘ਸਦਭਾਵਨਾ ਤੇ ਦੋਸਤੀ ਦੀ ਭਾਵਨਾ ਨਾਲ ਕੀਤਾ ਗਿਆ। ਪਿਛਲੇ ਸਾਢੇ ਛੇ ਦਹਾਕਿਆਂ ਵਿਚ ਪਾਕਿਸਤਾਨ ਨੇ ਭਾਰਤ ‘ਤੇ ਤਿੰਨ ਜੰਗਾਂ ਅਤੇ ਹਜ਼ਾਰਾਂ ਅੱਤਵਾਦੀ ਹਮਲੇ ਕਰ ਕੇ ਸਮਝੌਤੇ ਦੀ ਭਾਵਨਾ ਦੀ ਉਲੰਘਣਾ ਕੀਤਾ ਹੈ। ਪਿਛਲੇ ਚਾਰ ਦਹਾਕਿਆਂ ਵਿਚ ਅੱਤਵਾਦੀ ਹਮਲਿਆਂ ‘ਚ 20 ਹਜ਼ਾਰ ਤੋਂ ਵੱਧ ਭਾਰਤੀਆਂ ਦੀ ਜਾਨ ਗਈ। ਇਨ੍ਹਾਂ ‘ਚ ਹੀ 22 ਅਪ੍ਰੈਲ ਨੂੰ ਪਹਿਲਗਾਮ ਵਿਚ ਸੈਲਾਨੀਆਂ ‘ਤੇ ਕੀਤਾ ਗਿਆ ਹਮਲਾ ਵੀ ਸ਼ਾਮਲ ਸੀ। ਭਾਰਤ ਨੇ ਇਸ ਪੂਰੀ ਮਿਆਦ ਵਿਚ ਅਸਾਧਾਰਨ ਸਬਰ ਤੇ ਦਿਆਲੂ ਭਾਵਨਾ ਦਿਖਾਈ ਹੈ। ਹਰੀਸ਼ ਨੇ ਕਿਹਾ ਕਿ ਫਿਰ ਵੀ ਪਾਕਿਸਤਾਨ ਦਾ ਟੀਚਾ ਭਾਰਤ ਦੇ ਆਮ ਨਾਗਰਿਕਾਂ ਦੇ ਜੀਵਨ, ਧਾਰਮਿਕ ਸਦਭਾਵਨਾ ਅਤੇ ਆਰਥਿਕ ਖੁਸ਼ਹਾਲੀ ਨੂੰ ਨੁਕਸਾਨ ਪਹੁੰਚਾਉਣਾ ਹੀ ਰਿਹਾ ਹੈ।

# ਜਗਨਨਾਥ ਮੰਦਰ ਦੀ ਰਾਖੀ ਲਈ ਵਰਤੀ ਜਾਵੇਗੀ ਐਂਟੀ ਡ੍ਰੋਨ ਤਕਨੀਕ

**ਭੁਬਨੇਸ਼ਵਰ:**ਪੁਰੀ ਜਗਨਨਾਥ ਮੰਦਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਐਂਟੀ ਫੋਨ ਤਕਨੀਕ ਦੀ ਵਰਤੋਂ ਕੀਤੀ ਜਾਵੇਗੀ। ਕਾਨੂੰਨ ਵਿਭਾਗ ਨੇ ਇਸ ਸਬੰਧ ਵਿਚ ਪੁਲਿਸ ਨਾਲ ਚਰਚਾ ਕੀਤੀ ਹੈ। ਜੇ ਜ਼ਰੂਰਤ ਪਈ, ਤਾਂ ਮੰਦਰ ਪ੍ਰਸ਼ਾਸਨ ਇਸ ਤਕਨੀਕ ਦੇ ਖਰਚੇ ਨੂੰ ਉਠਾਉਣ ਲਈ ਤਿਆਰ ਹੈ। ਓਡੀਸ਼ਾ ਦੇ ਕਾਨੂੰਨ ਮੰਤਰੀ ਪ੍ਰਿਥਵੀਰਾਜ ਹਰਿਚੰਦਨ ਨੇ ਦੱਸਿਆ ਕਿ ਐਂਟੀ ਡ੍ਰੋਨ ਤਕਨੀਕ



ਰਾਹੀਂ ਉੱਡ ਰਹੇ ਡ੍ਰੋਲਾਂ ਨਸ਼ਟ ਕੀਤਾ ਜਾ ਸਕੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਰਥਯਾਤਰਾ ਦੇ ਆਯੋਜਨ ਲਈ ਸੂਬਾ ਸਰਕਾਰ ਸਹਾਇਤਾ ਪ੍ਰਦਾਨ ਕਰੇਗੀ।

# ਜੰਮੂ-ਕਸ਼ਮੀਰ ’ਚ 37 ਥਾਵਾਂ ’ਤੇ ਮੋਬਾਈਲ ਇੰਟਰਨੈੱਟ ਸੇਵਾ ਮੁਅੱਤਲ



**ਊਧਮਪੁਰ:**ਜੰਮੂ ਕਸ਼ਮੀਰ ਸਰਕਾਰ ਦੇ ਗ੍ਰਹਿ ਵਿਭਾਗ ਨੇ ਭਦਰਵਾਹ ਖੇਤਰ ‘ਚ ਮੋਬਾਈਲ ਡਾਟਾ ਸੇਵਾਵਾਂ ਦੀ ਦੁਰਵਰਤੋਂ ਦੇ ਸ਼ੱਕ ਦੇ ਕਾਰਨ 37 ਲੋਕੇਸ਼ਨਾਂ ‘ਤੇ 74 ਸੈੱਲ ਆਈਡੀਜ਼ ਦੀਆਂ ਮੋਬਾਈਲ ਇੰਟਰਨੈੱਟ ਸੇਵਾਵਾਂ ਆਰਜ਼ੀ ਤੌਰ ‘ਤੇ ਮੁਅੱਤਲ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਨਾਲ ਜਿਓ ਤੇ ਏਅਰਟੈੱਲ ਦੇ ਖਪਤਕਾਰਾਂ ਨੂੰ ਪਬਲਿਕ ਵਾਈਫਾਈ ਤੇ ਇੰਟਰਨੈੱਟ ਸੇਵਾਵਾਂ ਮੁਹੱਈਆ ਨਹੀਂ ਹੋਣਗੀਆਂ। ਹਾਲਾਂਕਿ ਬੀਐੱਸਐੱਨਐੱਲ ਦੀਆਂ ਸੇਵਾਵਾਂ ਆਮ ਵਾਂਗ ਚੱਲਦੀਆਂ ਰਹਿਣਗੀਆਂ। ਇਹ ਫ਼ੈਸਲਾ ਦੇਸ਼ਵਿਰੋਧੀ ਅਨਸਰਾਂ ਵਲੋਂ ਇੰਟਰਨੈੱਟ ਸੇਵਾਵਾਂ ਦੀ ਸੰਭਾਵਿਤ ਦੁਰਵਰਤੋਂ ਦੇ ਸ਼ੱਕ ਦੇ ਮੱਦੇਨਜ਼ਰ ਲਿਆ ਗਿਆ ਹੈ।

# ਪਾਕਿਸਤਾਨ ਨੂੰ ਫੋਨ ਕਰਨ ਵਾਲਾ ਗ੍ਰਿਫ਼ਤਾਰ

**ਜੈਪੁਰ:**ਰਾਜਸਥਾਨ ਦੇ ਡੀਗ ਜ਼ਿਲ੍ਹੇ ਦੇ ਇਕ ਨੌਜਵਾਨ ਨੂੰ ਇੰਟੈਲੀਜੈਂਸ ਬਿਊਰੋ (ਆਈਬੀ) ਦੀ ਟੀਮ ਨੇ ਗ੍ਰਿਫ਼ਤਾਰ ਕੀਤਾ ਹੈ, ਜੋ ਪਾਕਿਸਤਾਨ ਦੇ ਕੁਝ ਲੋਕਾਂ ਨਾਲ ਸੰਪਰਕ ਵਿਚ ਸੀ। ਨੌਜਵਾਨ ਦਾ



ਨਾਮ ਕਾਸਿਮ ਹੈ।ਆਈਬੀ ਅਤੇ ਸੀਆਈਡੀ ਦੀ ਟੀਮ ਨੇ ਉਸਨੂੰ ਪੁੱਛਗਿੱਛ ਲਈ ਜੈਪੁਰ ਲੈ ਕੇ ਪੁੱਜੀ ਹੈ। ਜਾਂਚ ਏਜੰਸੀਆਂ ਨੂੰ ਨੌਜਵਾਨ ਦੇ ਮੋਬਾਈਲ ਤੋਂ ਮਹੱਤਵਪੂਰਨ ਜਾਣਕਾਰੀਆਂ ਮਿਲੀਆਂ ਹਨ। ਉਹ ਮੋਬਾਈਲ ਰਾਹੀਂ ਪਾਕਿਸਤਾਨ ਦੇ ਕੁਝ ਲੋਕਾਂ ਨਾਲ ਲਗਾਤਾਰ ਸੰਪਰਕ ਵਿਚ ਸੀ। ਕਾਸਿਮ ਇਕ ਵਾਰ ਵੀਜ਼ਾ ਲੈ ਕੇ ਪਾਕਿਸਤਾਨ ਦੀ ਯਾਤਰਾ ਵੀ ਕਰ ਚੁੱਕਾ ਹੈ। ਉਸਨੇ ਪਾਕਿਸਤਾਨ ਵਿਚ ਕਈ ਵਾਰ ਗੱਲਬਾਤ ਕੀਤੀ ਹੈ। ਪਾਕਿਸਤਾਨ ਵਿਚ ਉਸਦੇ ਰਿਸ਼ਤੇਦਾਰ ਰਹਿੰਦੇ ਹਨ। ਏਜੰਸੀਆਂ ਨੇ ਕਾਸਿਮ ‘ਤੇ ਪਿਛਲੇ ਕੁਝ ਦਿਨਾਂ ਤੋਂ ਨਜ਼ਰ ਰੱਖੀ ਹੋਈ ਸੀ। ਏਜੰਸੀਆਂ ਨੇ ਡੀਗ ਪੁਲਿਸ ਨਾਲ ਸੰਪਰਕ ਕੀਤਾ ਅਤੇ ਸ਼ੁੱਕਰਵਾਰ ਦੀ ਸ਼ਾਮ ਨੂੰ ਕਾਸਿਮ ਦੇ ਘਰ ‘ਤੇ ਛਾਪਾ ਮਾਰ ਕੇ ਉਸਨੂੰ ਗ੍ਰਿਫ਼ਤਾਰ ਕਰ ਲਿਆ।

# ਕਰੋੜਾਂ ਡਾਲਰ ਦੇ ਠੱਗ ਚੰਡੋਕ ਨੂੰ ਅਮਰੀਕਾ ਤੋਂ ਲਿਆਂਦਾ ਭਾਰਤ

**ਨਵੀਂ ਦਿੱਲੀ:**ਫ਼ਰਜ਼ੀ ਕੰਪਨੀਆਂ ਦੇ ਨੈੱਟਵਰਕ ਰਾਹੀਂ ਅਮਰੀਕੀ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਕੇ ਕਰੋੜਾਂ ਡਾਲਰ ਦੀ ਧੋਖਾਧੜੀ ਕਰਨ ਦੇ ਮੁਲਜ਼ਮ ਤੇ ਭਾਰਤ ‘ਚ ਲੁੜੀਂਦੇ ਅੰਗਦ ਸਿੰਘ ਚੰਡੋਕ ਨੂੰ ਅਮਰੀਕੀ ਅਦਾਲਤ ‘ਚ ਹਵਾਲਗੀ ਦੀ ਲੜਾਈ ਤੋਂ ਬਾਅਦ ਅਮਰੀਕਾ ਤੋਂ ਭਾਰਤ ਵਾਪਸ ਲਿਆਉਣ ‘ਚ ਸੀਬੀਆਈ ਨੂੰ ਵੱਡੀ ਸਫਲਤਾ ਮਿਲੀ ਹੈ। ਅਧਿਕਾਰੀਆਂ ਨੇ ਸ਼ਨਿਚਰਵਾਰ ਨੂੰ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਕ ਅਮਰੀਕੀ ਅਦਾਲਤ ਨੇ ਵੱਡੇ ਪੱਧਰ ‘ਤੇ ਆਨਲਾਈਨ ਧੋਖਾਧੜੀ ਦੇ ਮਾਮਲੇ ‘ਚ ਸਾਲ 2022 ‘ਚ ਚੰਡੋਕ ਨੂੰ ਦੋਸ਼ੀ ਠਹਿਰਾਇਆ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਧੋਖਾਧੜੀ



ਨੂੰ ਅੰਜਾਮ ਦੇਣ ਲਈ ਚੰਡੋਕ ਤੇ ਉਸਦੇ ਸਾਥੀ ਖ਼ੁਦ ਨੂੰ ਤਕਨੀਕੀ ਮਦਦ ਦੇਣ ਵਾਲੇ ਦੇ ਤੌਰ ‘ਤੇ ਪੇਸ਼ ਕਰਦੇ ਸਨ ਤੇ ਪੀੜਤਾਂ ਤੋਂ ਵੱਡੀ ਰਕਮ ਟ੍ਰਾਂਸਫਰ ਕਰਵਾਉਂਦੇ ਸਨ। ਅਮਰੀਕੀ ਨਿਆਂ ਵਿਭਾਗ ਦੇ ਮਾਰਚ 2022 ਦੇ ਪ੍ਰੈੱਸ ਬਿਆਨ ਅਨੁਸਾਰ, ਇਸ ਸਾਜ਼ਿਸ਼ ‘ਚ ਉਸਦੀ ਭੂਮਿਕਾ ਲਈ ਉਸ ਨੂੰ ਛੇ ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਧੋਖਾਧੜੀ ਤੋਂ ਹਾਸਲ ਧਨ ਨੂੰ ਚੰਡੋਕ ਵੱਲੋਂ ਸਥਾਪਿਤ ਕਈ ਫ਼ਰਜ਼ੀ ਕੰਪਨੀਆਂ ਰਾਹੀਂ ਭਾਰਤ ਤੇ ਹੋਰਨਾਂ ਦੇਸ਼ਾਂ ‘ਚ ਭੇਜਿਆ ਗਿਆ ਸੀ। ਕਰੋੜਾਂ ਡਾਲਰ ਦੀ ਇਸ ਧਾਂਦਲੀ ‘ਚ ਜਿਹੜੇ ਅਮਰੀਕੀਆਂ ਨੂੰ ਨਿਸ਼ਾਨਾ ਬਣਾਇਆ ਗਿਆ, ਉਨ੍ਹਾਂ ਜ਼ਿਆਦਾਤਰ ਬਜ਼ੁਰਗ ਹਨ। ਉਨ੍ਹਾਂ ਦੀ ਉਮਰ ਭਰ ਦੀ ਬੱਚਤ ਦੀ ਠੱਗੀ ਕੀਤੀ ਗਈ।

# ਅਮਰਨਾਥ ਯਾਤਰਾ ਦੌਰਾਨ ਵਿਸ਼ੇਸ਼ ਦਸਤੇ ਰਹਿਣਗੇ ਤਾਇਨਾਤ



**ਸ੍ਰੀਨਗਰ:**ਅਮਰੇਸ਼ਵਰਧਾਮ ਦੀ ਸਾਲਾਨਾ ਤੀਰਥਯਾਤਰਾ ਦੌਰਾਨ ਕਿਸੇ ਵੀ ਸੰਭਾਵੀ ਖਤਰੇ ਨਾਲ ਨਜਿੱਠਣ ਲਈ ਯਾਤਰਾ ਦੇ ਰਸਤੇ ‘ਤੇ ਅੱਤਵਾਦੀ ਹਿੰਸਾ ਰੋਕੂ ਵਿਸ਼ੇਸ਼ ਦਸਤੇ ਤਾਇਨਾਤ ਰਹਿਣਗੇ। ਜ਼ਿਕਰਯੋਗ ਹੈ ਕਿ ਸ਼ਰੀ ਅਮਰੇਸ਼ਵਰ ਧਾਮ ਨੂੰ ਸ੍ਰੀ ਅਮਰਨਾਥ ਦੀ ਪਵਿੱਤਰ ਗੁਫਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਸਾਲ ਇਹ ਤੀਰਥਯਾਤਰਾ ਤਿੰਨ ਜੁਲਾਈ ਤੋਂ ਨੌਂ ਅਗਸਤ ਤੱਕ ਚੱਲੇਗੀ। ਡੀਜੀਪੀ ਨਲਿਨ ਪ੍ਰਭਾਤ ਨੇ ਸ਼ਨਿਚਰਵਾਰ ਨੂੰ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਬੈਠਕ ‘ਚ ਇਹ ਨਿਰਦੇਸ਼ ਦਿੱਤਾ। ਸਮੀਖਿਆ ਬੈਠਕ ‘ਚ ਪੁਲਿਸ, ਸੀਆਰਪੀਐੱਫ, ਐੱਸਐੱਸਬੀ, ਆਈਟੀਬੀਪੀ ਤੇ ਵੱਖ ਵੱਖ ਖੁਫੀਆ ਏਜੰਸੀਆਂ ਦੇ ਸੀਨੀਅਰ ਅਧਿਕਾਰੀਆਂ ਨੇ ਹਿੱਸਾ ਲਿਆ। ਲਗਪਗ ਤਿੰਨ ਘੰਟੇ ਤੱਕ ਚੱਲੀ ਬੈਠਕ ‘ਚ ਪਹਿਲਗਾਮ ਹਮਲੇ ਦੇ ਬਾਅਦ ਦੀ ਸਥਿਤੀ ਦੇ ਮੱਦੇਨਜ਼ਰ ਯਾਤਰਾ ਦੀ ਸੁਰੱਖਿਆ ਰਣਨੀਤੀ ‘ਤੇ ਚਰਚਾ ਕੀਤੀ ਗਈ।

## ਅਦਾਕਾਰ ਮੁਕੁਲ ਦੇਵ ਦਾ ਦੇਹਾਂਤ



**ਮੁੰਬਈ:**’ਸਨ ਆਫ ਸਰਦਾਰ’, ‘ਯਮਲਾ ਪਗਲਾ ਦੀਵਾਨਾ’ ਤੇ ‘ਜੈ ਹੋ’ ਵਰਗੀਆਂ ਫਿਲਮਾਂ ‘ਚ ਅਹਿਮ ਭੂਮਿਕਾ ਨਿਭਾਉਣ ਵਾਲੇ ਅਦਾਕਾਰ ਮੁਕੁਲ ਦੇਵ ਦਾ ਦੇਹਾਂਤ ਹੋ ਗਿਆ ਹੈ। ਇਹ ਜਾਣਕਾਰੀ ਸ਼ਨਿਚਰਵਾਰ ਨੂੰ ਉਨ੍ਹਾਂ ਦੇ ਭਰਾ ਰਾਹੁਲ ਦੇਵ ਨੇ ਦਿੱਤੀ। ਉਹ 54 ਵਰ੍ਹਿਆਂ ਦੇ ਸਨ। ਮੁਕੁਲ ਦੇਵ ਦੇ ਨਜ਼ਦੀਕੀ ਦੋਸਤ ਬਿੰਦੂ ਦਾਰਾ ਸਿੰਘ ਮੁਤਾਬਕ, ਮੁਕਲ ਦਾ ਦੇਹਾਂਤ ਦਿੱਲੀ ਦੇ ਇਕ ਹਸਪਤਾਲ ‘ਚ ਹੋਇਆ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ। ਸ਼ਾਮ ਪੰਜ ਵਜੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ।ਆਪਣੇ ਪਿਛੋਕੜ ਵਜੋਂ ਉਹ ਪੰਜਾਬ ਦੇ ਜਲੰਧਰ ਜ਼ਿਲ੍ਹੇ ਨਾਲ ਸੰਬੰਧਿਤ ਸੀ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਟਰੰਪ ਨੇ ਹੁਣ ਪੁਤਿਨ ਨੂੰ ਸਨਕੀ ਕਿਹਾ



**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਜਿਨ੍ਹਾਂ ਨੇ ਸਿਰਫ਼ ਛੇ ਦਿਨ ਪਹਿਲਾਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਚੰਗਾ ਵਿਅਕਤੀ ਦੱਸਿਆ ਸੀ, ਨੇ ਹੁਣ ਪੁਤਿਨ ਨੂੰ ਸਨਕੀ ਦੱਸਿਆ ਹੈ। ਟਰੰਪ ਨੇ ਇਹ ਗੱਲ ਰੂਸ ਵੱਲੋਂ ਯੂਕਰੇਨ 'ਤੇ ਲਗਾਤਾਰ ਹੋ ਰਹੇ ਹਮਲਿਆਂ ਕਾਰਨ ਕਹੀ ਹੈ।

ਰੂਸ ਨੇ ਐਤਵਾਰ ਨੂੰ ਯੂਕਰੇਨ 'ਤੇ 39 ਮਹੀਨਿਆਂ ਦੀ ਜੰਗ ਦਾ ਆਪਣਾ ਸਭ ਤੋਂ ਵੱਡਾ ਹਵਾਈ ਹਮਲਾ ਕੀਤਾ ਜਿਸ 'ਚ ਤਿੰਨ ਬੱਚਿਆਂ ਸਣੇ 13 ਲੋਕ ਮਾਰੇ ਗਏ। ਟਰੰਪ ਨੇ ਪਿਛਲੇ ਸੋਮਵਾਰ (19 ਮਈ) ਨੂੰ ਪੁਤਿਨ ਨਾਲ ਦੋ ਘੰਟੇ ਫ਼ੋਨ 'ਤੇ ਗੱਲ ਕੀਤੀ। ਗੱਲਬਾਤ ਦਾ ਮੁੱਖ ਮੁੱਦਾ ਯੂਕਰੇਨ 'ਚ ਜੰਗਬੰਦੀ ਸੀ ਪਰ ਉਹ ਇਸ ਲਈ ਪੁਤਿਨ ਨੂੰ ਮਨਾਉਣ 'ਚ ਅਸਫਲ ਰਹੇ। ਫਿਰ ਟਰੰਪ ਨੇ ਰੂਸ 'ਤੇ ਪਾਬੰਦੀਆਂ ਲਗਾਉਣ 'ਚ ਯੂਰਪ ਦਾ ਸਮਰਥਨ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਪਰ ਸੋਮਵਾਰ ਨੂੰ ਪੁਤਿਨ ਨੂੰ ਸਨਕੀ ਕਹਿਣ ਤੋਂ ਬਾਅਦ ਟਰੰਪ ਨੇ ਕਿਹਾ ਕਿ ਉਹ ਰੂਸ 'ਤੇ ਨਵੀਆਂ ਪਾਬੰਦੀਆਂ ਲਗਾਉਣ ਬਾਰੇ ਵਿਚਾਰ ਕਰ ਰਹੇ ਹਨ। ਟਰੰਪ ਨੇ ਇਹ ਗੱਲ ਟਰੂਥ ਸੋਸ਼ਲ 'ਤੇ ਪੋਸਟ ਕੀਤੇ ਇਕ ਸੰਦੇਸ਼ 'ਚ ਕਹੀ ਹੈ।

ਟਰੰਪ ਨੇ ਕਿਹਾ, 'ਪੁਤਿਨ ਨਾਲ ਕੁਝ ਅਜਿਹਾ ਹੋਇਆ ਹੈ ਜਿਸ ਕਾਰਨ ਉਹ ਸਨਕੀ ਹੋ ਗਏ ਹਨ। ਮੈਂ ਅਕਸਰ ਕਹਿੰਦਾ ਹਾਂ ਕਿ ਉਹ (ਪੁਤਿਨ) ਪੂਰਾ ਯੂਕਰੇਨ ਚਾਹੁੰਦੇ ਹਨ, ਇਸ ਦਾ ਹਿੱਸਾ ਨਹੀਂ। ਉਹ ਆਪਣੇ ਕੰਮਾਂ ਨਾਲ ਇਸ ਕਥਨ ਨੂੰ ਸਹੀ ਸਾਬਤ ਕਰ ਰਹੇ ਹਨ।

# ਡੋਨਲਡ ਟਰੰਪ ਨੇ ਈਯੂ ਟੈਰਿਫ 9 ਜੁਲਾਈ ਤੱਕ ਟਾਲਿਆ



**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਰਪੀਅਨ ਯੂਨੀਅਨ (ਈਯੂ) 'ਤੇ 50 ਫ਼ੀਸਦੀ ਟੈਰਿਫ ਲਗਾਉਣ ਦੀ ਆਪਣੀ ਯੋਜਨਾ ਨੂੰ 9 ਜੁਲਾਈ ਤੱਕ ਮੁਲਤਵੀ ਕਰ ਦਿੱਤਾ ਹੈ। 1 ਜੂਨ ਤੋਂ ਯੂਰਪੀਅਨ ਯੂਨੀਅਨ ਤੋਂ ਅਮਰੀਕਾ ਆਉਣ ਵਾਲੇ ਸਮਾਨ 'ਤੇ ਟੈਰਿਫ ਲਗਾਉਣ ਦੀ ਯੋਜਨਾ ਸੀ। ਇਹ ਕਦਮ ਯੂਰਪੀਅਨ ਦੇਸ਼ਾਂ ਦੇ ਇਸ ਸਮੂਹ ਨਾਲ ਗੱਲਬਾਤ ਲਈ ਚੁੱਕਿਆ ਗਿਆ ਹੈ।

ਅਮਰੀਕੀ ਰਾਸ਼ਟਰਪਤੀ ਦੇ ਅਨੁਸਾਰ ਇਹ ਸਮਝੌਤਾ ਐਤਵਾਰ ਨੂੰ ਯੂਰਪੀਅਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵੈਨ ਡੇਰ ਲੇਅਨ ਨਾਲ ਟੈਲੀਫੋਨ 'ਤੇ ਗੱਲਬਾਤ ਤੋਂ ਬਾਅਦ ਹੋਇਆ। ਉਨ੍ਹਾਂ ਨੇ ਕਿਹਾ ਕਿ ਉਹ ਇਸ ਮੁੱਦੇ 'ਤੇ ਗੰਭੀਰ ਚਰਚਾ ਕਰਨਾ ਚਾਹੁੰਦੀ ਹੈ। ਟਰੰਪ ਨੇ ਇਹ ਜਾਣਕਾਰੀ ਐਤਵਾਰ ਨੂੰ ਨਿਊ ਜਰਸੀ 'ਚ ਪੱਤਰਕਾਰਾਂ ਨੂੰ ਦਿੱਤੀ। ਨੇ ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਇੰਟਰਨੈੱਟ ਮੀਡੀਆ ਪੋਸਟ 'ਚ ਉਨ੍ਹਾਂ ਨੇ ਯੂਰਪੀ ਸੰਘ 1 ਤੋਂ ਆਉਣ ਵਾਲੇ ਸਮਾਨ 'ਤੇ 50 ਫ਼ੀਸਦੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਸੀ।

# ਰਾਜ ਸਭਾ ਦੀਆਂ 8 ਸੀਟਾਂ ਲਈ ਚੋਣ 19 ਨੂੰ

**ਨਵੀਂ ਦਿੱਲੀ:** ਰਾਜ ਸਭਾ ਦੀਆਂ 8 ਸੀਟਾਂ ਲਈ 19 ਜੂਨ ਨੂੰ ਚੋਣਾਂ ਹੋਣਗੀਆਂ। ਇਨ੍ਹਾਂ ਵਿਚ ਤਾਮਿਲਨਾਡੂ ਦੀਆਂ ਛੇ ਅਤੇ ਅਸਾਮ ਦੀਆਂ ਦੋ ਸੀਟਾਂ ਸ਼ਾਮਲ ਹਨ। ਚੋਣ ਕਮਿਸ਼ਨ ਨੇ ਸੋਮਵਾਰ ਨੂੰ ਕਿਹਾ ਕਿ ਰਾਜ ਸਭਾ ਚੋਣਾਂ ਲਈ ਨੋਟੀਫਿਕੇਸ਼ਨ




ਦੋ ਜੂਨ ਨੂੰ ਜਾਰੀ ਕੀਤਾ ਜਾਵੇਗਾ। ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੀ ਆਖ਼ਰੀ ਤਰੀਕ 9 ਜੂਨ ਹੈ। 19 ਜੂਨ ਨੂੰ ਵੋਟਾਂ ਪੈਣਗੀਆਂ। ਵੋਟਾਂ ਦੀ ਗਿਣਤੀ ਇਸੇ ਦਿਨ ਹੋਵੇਗੀ। ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਕੋਲ 126 ਮੈਂਬਰੀ ਅਸਾਮ ਵਿਧਾਨ ਸਭਾ 'ਚ 84 ਸੀਟਾਂ ਹਨ।

# ਭਾਰਤ-ਕੈਨੇਡਾ ਸੰਬੰਧ ਸੁਧਰਨ ਦੇ ਆਸਾਰ

**ਨਵੀਂ ਦਿੱਲੀ:** ਭਾਰਤ ਅਤੇ ਕੈਨੇਡਾ ਦੇ ਸਬੰਧਾਂ 'ਚ ਲਗਭਗ ਦੋ ਸਾਲਾਂ ਤੋਂ ਚੱਲ ਰਿਹਾ ਲਗਾਤਾਰ ਵਿਗੜਦਾ ਜਾ ਰਿਹਾ ਹੈ ਜੋ ਹੁਣ ਖ਼ਤਮ ਹੋਣ ਵਾਲਾ ਹੈ। ਉਮੀਦ ਹੈ ਕਿ ਦੋਵੇਂ ਧਿਰਾਂ ਜਲਦੀ ਹੀ ਸਬੰਧਾਂ ਨੂੰ ਆਮ ਬਣਾਉਣ ਲਈ ਨਵੇਂ ਸਿਰੇ ਤੋਂ ਯਤਨ ਸ਼ੁਰੂ ਕਰਨਗੀਆਂ। ਐਤਵਾਰ ਦੇਰ ਰਾਤ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਤੇ ਕੈਨੇਡਾ ਦੀ ਨਵੀਂ ਵਿਦੇਸ਼ ਮੰਤਰੀ ਅਨੀਤਾ ਆਨੰਦ ਵਿਚਕਾਰ ਟੈਲੀਫੋਨ 'ਤੇ ਗੱਲਬਾਤ ਬਹੁਤ ਸਕਾਰਾਤਮਕ ਰਹੀ।

ਫਰਵਰੀ 2024 ਤੋਂ ਬਾਅਦ ਪਹਿਲੀ ਵਾਰ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਵਿਚਕਾਰ ਸਿੱਧੀ ਗੱਲਬਾਤ ਹੋਈ ਹੈ। ਕੈਨੇਡਾ 'ਚ ਹਾਲ ਹੀ ਵਿਚ ਹੋਈਆਂ ਚੋਣਾਂ ਤੋਂ ਬਾਅਦ ਮਾਰਕ ਕਾਰਨੀ ਦੀ ਅਗਵਾਈ ਹੇਠ ਨਵੀਂ ਸਰਕਾਰ ਬਣੀ ਹੈ। ਨਵੀਂ



ਸਰਕਾਰ ਵੱਲੋਂ ਹੁਣ ਤੱਕ ਕੋਈ ਭਾਰਤ ਵਿਰੋਧੀ ਬਿਆਨਬਾਜ਼ੀ ਨਹੀਂ ਕੀਤੀ ਗਈ ਹੈ ਜਿਵੇਂ ਕਿ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਕਾਰਜਕਾਲ ਦੌਰਾਨ ਹੋਈ ਸੀ। ਜਿਸ ਤਰ੍ਹਾਂ ਦੋਵਾਂ ਵਿਦੇਸ਼ ਮੰਤਰੀਆਂ ਵਿਚਕਾਰ ਆਰਥਿਕ ਸਹਿਯੋਗ 'ਤੇ ਚਰਚਾ ਹੋਈ ਉਸ ਤੋਂ ਲੱਗਦਾ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਮੁਕਤ ਵਪਾਰ ਸਮਝੌਤੇ (ਐੱਫਟੀਏ) 'ਤੇ ਗੱਲਬਾਤ ਵੀ ਮੁੜ ਸ਼ੁਰੂ ਹੋ ਸਕਦੀ ਹੈ। ਅਨੀਤਾ ਆਨੰਦ ਨਾਲ ਗੱਲਬਾਤ ਤੋਂ ਬਾਅਦ ਜੈਸ਼ੰਕਰ ਨੇ ਇੰਟਰਨੈੱਟ ਮੀਡੀਆ 'ਤੇ ਲਿਖਿਆ, 'ਮੈ ਕੈਨੇਡੀਅਨ ਵਿਦੇਸ਼ ਮੰਤਰੀ ਨਾਲ ਗੱਲਬਾਤ ਦੀ ਸ਼ਲਾਘਾ ਕਰਦਾ ਹਾਂ।' ਅਸੀਂ ਭਾਰਤ-ਕੈਨੇਡਾ ਸਬੰਧਾਂ ਦੀਆਂ ਭਵਿੱਖੀ ਸੰਭਾਵਨਾਵਾਂ ਬਾਰੇ ਗੱਲ ਕੀਤੀ। ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਸਫ਼ਲ ਕਾਰਜਕਾਲ ਲਈ ਸ਼ੁਭਕਾਮਨਾਵਾਂ ਦਿੰਦਾ ਹਾਂ। ਇਸ ਤੋਂ ਬਾਅਦ ਵਿਦੇਸ਼ ਮੰਤਰੀ ਆਨੰਦ ਨੇ ਇੰਟਰਨੈੱਟ ਮੀਡੀਆ 'ਤੇ ਗੱਲ ਕਰਦੇ ਹੋਏ ਕਿਹਾ, 'ਭਾਰਤ-ਕੈਨੇਡਾ ਸਬੰਧਾਂ ਨੂੰ ਮਜ਼ਬੂਤ ਕਰਨ, ਆਰਥਿਕ ਸਬੰਧਾਂ ਨੂੰ ਅੱਗੇ ਵਧਾਉਣ ਤੇ ਸਾਂਝੀਆਂ ਤਰਜੀਹਾਂ ਦੇ ਵਿਸ਼ੇ 'ਤੇ ਬਹੁਤ ਵਧੀਆ ਚਰਚਾ ਕਰਨ ਲਈ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਦਾ ਬਹੁਤ-ਬਹੁਤ ਧੰਨਵਾਦ। ਮੈਨੂੰ ਭਵਿੱਖ 'ਚ ਤੁਹਾਡੇ ਨਾਲ ਕੰਮ ਕਰਨ ਦੀ ਉਮੀਦ ਹੈ।'

# ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਦਾ ਅਮਰੀਕਾ ਦੌਰਾ

**ਨਵੀਂ ਦਿੱਲੀ:** ਵਿਦੇਸ਼ ਸਕੱਤਰ ਵਿਕਰਮ ਮਿਸਰੀ ਮੰਗਲਵਾਰ ਤੋਂ ਅਮਰੀਕਾ ਦਾ ਤਿੰਨ ਦਿਨਾਂ ਦੌਰਾ ਬੇਹੱਦ ਮਹੱਤਵਪੂਰਨ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਮਿਸਰੀ ਦੀ ਅਮਰੀਕਾ ਫੇਰੀ ਫਰਵਰੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਾਸ਼ਿੰਗਟਨ ਫੇਰੀ ਤੋਂ ਬਾਅਦ ਆਈ ਹੈ। ਮੰਤਰਾਲੇ ਨੇ ਕਿਹਾ ਕਿ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਵਾਸ਼ਿੰਗਟਨ ਡੀਸੀ ਵਿਖੇ ਅਮਰੀਕੀ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਇਹ ਦੌਰਾ ਫਰਵਰੀ 'ਚ ਪ੍ਰਧਾਨ ਮੰਤਰੀ ਦੇ ਅਮਰੀਕਾ ਦੌਰੇ ਤੋਂ ਬਾਅਦ ਹੋ ਰਿਹਾ ਹੈ ਜਦੋਂ ਦੋਵਾਂ ਧਿਰਾਂ ਨੇ 21ਵੀਂ ਸਦੀ ਲਈ ਭਾਰਤ-ਅਮਰੀਕਾ ਸਮਝੌਤਾ (ਫ਼ੌਜੀ ਭਾਈਵਾਲੀ, ਤੇਜ਼ ਵਣਜ ਤੇ ਤਕਨਾਲੋਜੀ ਲਈ ਮੌਕਿਆਂ ਨੂੰ ਉਤਸ਼ਾਹਿਤ ਕਰਨਾ) ਪ੍ਰੋਗਰਾਮ ਸ਼ੁਰੂ ਕੀਤਾ ਸੀ। ਇਸ ਸਮੇਂ ਦੌਰਾਨ ਭਾਰਤ ਤੇ ਅਮਰੀਕਾ ਨੇ ਕਈ ਖੇਤਰਾਂ 'ਚ ਅਹਿਮ ਪਹਿਲਕਦਮੀਆਂ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕੀਤਾ। ਜਨਵਰੀ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਲਈ ਅਹੁਦਾ ਸੰਭਾਲਣ ਤੋਂ ਬਾਅਦ ਇਹ ਪ੍ਰਧਾਨ ਮੰਤਰੀ ਮੋਦੀ ਦਾ ਪਹਿਲਾ ਅਮਰੀਕਾ ਦੌਰਾ ਸੀ। ਟਰੰਪ ਦੇ ਦੂਜੇ ਕਾਰਜਕਾਲ ਲਈ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕਾ ਦਾ ਦੌਰਾ ਕਰਨ ਵਾਲੇ ਪ੍ਰਧਾਨ ਮੰਤਰੀ ਮੋਦੀ ਪਹਿਲੇ ਕੁਝ ਵਿਸ਼ਵ ਨੇਤਾਵਾਂ 'ਚੋਂ ਇਕ ਹਨ ਤੇ ਨਵੇਂ ਪ੍ਰਸ਼ਾਸਨ ਦੇ ਸਿਰਫ਼ ਤਿੰਨ ਹਫ਼ਤਿਆਂ 'ਚ ਹੀ ਉਨ੍ਹਾਂ ਨੂੰ ਅਮਰੀਕਾ ਦਾ ਦੌਰਾ ਕਰਨ ਦਾ ਸੱਦਾ ਮਿਲਿਆ ਹੈ। ਆਈਏਐੱਨਐੱਸ ਨੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਇਹ ਦੌਰਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਾਰ-ਵਾਰ ਦਾਅਵਿਆਂ ਦੇ ਪਿਛੋਕੜ 'ਚ ਹੈ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਇਸ ਮਹੀਨੇ ਦੇ ਸ਼ੁਰੂ 'ਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਵਿਚ ਵਿਚੋਲਗੀ ਕੀਤੀ ਸੀ।



## "ਸੁੱਖ ਚੈਨ ਨਾਲ ਜੀਉ...

*(ਪਹਿਲੇ ਸਫ਼ੇ ਦਾ ਬਾਕੀ)*

ਮੋਦੀ ਨੇ 26 ਜਨਵਰੀ 2001 ਵਿਚ ਆਏ ਭਿਆਨਕ ਭੂਚਾਲ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੁਨੀਆ ਨੇ ਕੱਛ ਦੇ ਲੋਕਾਂ ਨੂੰ ਕਮੀ ਅਤੇ ਆਫਤ ਵਿਚ ਖੜੇ ਹੁੰਦਿਆਂ ਦੇਖਿਆ ਹੈ। ਇੱਥੇ ਦੇ ਲੋਕਾਂ ਦੇ ਆਤਮਵਿਸ਼ਵਾਸ ਦਾ ਕੋਈ ਜਵਾਬ ਨਹੀਂ ਹੈ।

ਆਪਣੇ ਕਾਰਜਕਾਲ ਦੇ 11 ਸਾਲ ਪੂਰੇ ਕਰਨ ਵਾਲੇ ਮੋਦੀ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਕੋਈ ਸਾਡੀਆਂ ਭੈਣਾਂ ਦਾ ਸਿੰਧੂਰ ਮਿਟਾਏਗਾ, ਤਾਂ ਉਹ ਮਿੱਟੀ ਵਿੱਚ ਮਿਲ ਜਾਏਗਾ।

## *ਚੀਨੀ ਮਾਲ ਦੇ ਬਾਇਕਾਟ ਦਾ ਐਲਾਨ*

ਪ੍ਰਧਾਨ ਮੰਤਰੀ ਨੇ ਦੇਸ਼ਵਾਸੀਆਂ ਨੂੰ ਮੇਡ ਇਨ ਇੰਡੀਆ ਵਾਲੀਆਂ ਵਸਤੂਆਂ ਦੀ ਵਰਤੋਂ ਦਾ ਸੱਦਾ ਦਿੱਤਾ। ਉਨ੍ਹਾਂ ਨੇ ਚਾਈਨੀਜ਼ ਮਾਲ ਦੇ ਬਾਇਕਾਟ ਦਾ ਸਿੱਧਾ ਸੰਦੇਸ਼ ਦਿੰਦੇ ਹੋਏ ਕਿਹਾ ਕਿ ਗਣੇਸ਼ ਉਤਸਵ 'ਤੇ ਬਰੀਕ ਅੱਖਾਂ ਵਾਲੇ ਗਣਪਤੀ ਲਿਆਉਣ ਤੋਂ ਬਚੋ। ਉਨ੍ਹਾਂ ਕਿਹਾ ਕਿ ਹੋਲੀ ਅਤੇ ਦੀਵਾਲੀ 'ਤੇ ਵੀ ਚਾਈਨਾ ਵਿਚ ਬਣੇ ਰੰਗ ਅਤੇ ਪਟਾਖੇ ਵਰਤੇ ਜਾਂਦੇ ਹਨ। ਮੋਦੀ ਨੇ ਕਿਹਾ ਕਿ ਜਦੋਂ ਭਾਰਤ ਵਿਚ ਬਣੀਆਂ ਵਸਤੂਆਂ ਦਾ ਦੁਨੀਆ ਵਿਚ ਡੰਕਾ ਵੱਜ ਰਿਹਾ ਹੈ, ਤਾਂ ਸਾਨੂੰ ਆਪਣੀਆਂ ਵਸਤੂਆਂ ਦਾ ਉਪਯੋਗ ਕਿਉਂ ਨਹੀਂ ਕਰਨਾ ਚਾਹੀਦਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਹਾਰਵਰਡ 'ਚ ਦਾਖ਼ਲੇ 'ਤੇ ਰੋਕ ਨਾਲ ਭਾਰਤੀ ਵਿਦਿਆਰਥੀ ਮੁਸ਼ਕਿਲ 'ਚ

**ਵਾਸ਼ਿੰਗਟਨ:** ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੇ ਇਕ ਫ਼ੈਸਲੇ 'ਚ ਹਾਰਵਰਡ ਯੂਨੀਵਰਸਿਟੀ ਦੇ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖ਼ਲਾ ਦੇਣ ਦੀ ਯੋਜਨਾ ਰੱਦ ਕਰ ਦਿੱਤਾ ਹੈ। ਪ੍ਰਸ਼ਾਸਨ ਨੇ ਯੂਨੀਵਰਸਿਟੀ ਨੂੰ ਸੂਚਿਤ ਕੀਤਾ ਕਿ ਉਸਨੇ ਗ੍ਰਿਹ ਸੁਰੱਖਿਆ ਵਿਭਾਗ ਵੱਲੋਂ ਯੂਨੀਵਰਸਿਟੀ 'ਚ ਚੱਲ ਰਹੀ ਜਾਂਚ ਦੇ ਤਹਿਤ ਇਹ ਕਦਮ ਚੁੱਕਿਆ ਹੈ।

ਗ੍ਰਿਹ ਸੁਰੱਖਿਆ ਮੰਤਰੀ ਕ੍ਰਿਸਟੀ ਨੋਏਮ ਨੇ ਯੂਨੀਵਰਸਿਟੀ ਨੂੰ ਇਕ ਪੱਤਰ ਲਿਖ ਕੇ ਕਿਹਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖ਼ਲਾ ਦੇਣ ਦੀ ਉਸਦੀ ਯੋਗਤਾ ਨੂੰ ਖ਼ਤਮ ਕਰ ਦਿੱਤਾ। ਗਿਆ ਹੈ। ਟਰੰਪ ਪ੍ਰਸ਼ਾਸਨ ਨੇ ਇਸ ਫ਼ੈਸਲੇ ਨੂੰ ਯੂਨੀਵਰਸਿਟੀ ਦੇ ਨਾਲ ਵਧਦੇ ਟਕਰਾਅ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ ਪਰ ਇਸਦਾ ਖਮਿਆਜ਼ਾ ਹਜ਼ਾਰਾਂ ਵਿਦੇਸ਼ੀ ਵਿਦਿਆਰਥੀਆਂ ਭੁਗਤਣਾ ਪਵੇਗਾ। ਪ੍ਰਸ਼ਾਸਨ ਦੇ ਇਸ ਕਦਮ ਨਾਲ ਭਾਰਤੀ ਵਿਦਿਆਰਥੀ ਵੀ ਬਹੁਤ ਪ੍ਰਭਾਵਿਤ ਹੋਣਗੇ।



## 788 ਹਨ ਭਾਰਤੀ ਵਿਦਿਆਰਥੀ

ਹਾਰਵਰਡ ਦੇ ਸਕੂਲਾਂ 'ਚ ਇਸ ਸਮੇਂ ਦੁਨੀਆ ਭਰ ਦੇ ਕੁੱਲ 10,158 ਵਿਦਿਆਰਥੀ ਤੇ ਖੋਜੀ ਰਜਿਸਟਰਡ ਹਨ। ਇਨ੍ਹਾਂ 'ਚ 1203 ਚੀਨੀ ਵਿਦਿਆਰਥੀ ਵੀ ਹਨ। ਹਾਰਵਰਡ ਇੰਟਰਨੈਸ਼ਨਲ ਆਫਿਸ ਦੀ ਵੈੱਬਸਾਈਟ ਅਨੁਸਾਰ, ਯੂਨੀਵਰਸਿਟੀ ਦੇ ਤਹਿਤ ਸਾਰੇ ਸਕੂਲਾਂ 'ਚ 2024-25 'ਚ ਭਾਰਤ ਦੇ 788 ਵਿਦਿਆਰਥੀ ਤੇ ਖੋਜ ਕਰਨ ਵਾਲੇ ਰਜਿਸਟਰਡ ਹਨ, ਜਦਕਿ ਹਾਰਵਰਡ ਗਲੋਬਲ ਸੁਪੋਰਟ ਸਰਵਿਸਿਜ਼ ਨੇ ਆਪਣੀ ਵੈੱਬਸਾਈਟ 'ਤੇ ਕਿਹਾ ਕਿ ਹਰ ਸਾਲ 500-800 ਭਾਰਤੀ ਵਿਦਿਆਰਥੀ ਤੇ ਖੋਜੀ ਹਾਰਵਰਡ 'ਚ ਪੜ੍ਹਦੇ ਹਨ।




## ਮੌਜੂਦਾ ਵਿਦਿਆਰਥੀਆਂ 'ਤੇ ਕੀ ਪਵੇਗਾ ਅਸਰ?

ਹਾਰਵਰਡ ਯੂਨੀਵਰਸਿਟੀ ਦੇ ਮੌਜੂਦਾ ਸਮੈਸਟਰ 'ਚ ਆਪਣੀ ਡਿਗਰੀ ਪੂਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਗੈਜੂਏਟ ਹੋਣ ਤੱਕ ਦੀ ਇਜਾਜ਼ਤ ਹੋਵੇਗੀ। ਇਸ ਸਬੰਧ 'ਚ ਗ੍ਰਿਹ ਸੁਰੱਖਿਆ ਮੰਤਰੀ ਕ੍ਰਿਸਟੀ ਨੋਏਮ ਦੇ ਪੱਤਰ 'ਚ ਕਿਹਾ ਗਿਆ ਹੈ ਕਿ ਇਹ ਬਦਲਾਅ ਵਿੱਦਿਅਕ ਸੈਸ਼ਨ 2025-26 ਤੋਂ ਪ੍ਰਭਾਵਸ਼ਾਲੀ ਹੋਣਗੇ। ਹਾਲਾਂਕਿ ਉਨ੍ਹਾਂ ਵਿਦਿਆਰਥੀਆਂ ਨੂੰ ਦੂਜੀਆਂ ਯੂਨੀਵਰਸਿਟੀਆਂ 'ਚ ਤਬਦੀਲ ਹੋਣਾ ਹੋਵੇਗਾ, ਜਿਨ੍ਹਾਂ ਦੀ ਡਿਗਰੀ ਹਾਲੇ ਤੱਕ ਪੂਰੀ ਨਹੀਂ ਹੋਈ ਹੈ।ਅਜਿਹਾ ਨਾ ਕਰਨ 'ਤੇ ਉਹ ਅਮਰੀਕਾ 'ਚ ਰਹਿਣ ਦੀ ਆਪਣੀ ਕਾਨੂੰਨੀ ਹਾਲਤ ਨੂੰ ਗੁਆ ਦੇਣਗੇ।

## ਕਿਉਂ ਨਿਸ਼ਾਨੇ 'ਤੇ ਹੈ ਹਾਰਵਰਡ 'ਵਰਸਿਟੀ

ਹਾਰਵਰਡ ਦਾ ਟਰੰਪ ਪ੍ਰਸ਼ਾਸਨ ਨਾਲ ਟਕਰਾਅ ਅਪ੍ਰੈਲ 'ਚ ਸ਼ੁਰੂ ਹੋਇਆ। ਉਸ ਸਮੇਂ ਇਸ ਯੂਨੀਵਰਸਿਟੀ ਨੇ ਪ੍ਰਸ਼ਾਸਨ ਦੀ ਫ਼ਲਸਤੀਨ ਸਮਰਥਨ ਪ੍ਰਦਰਸ਼ਨਾਂ ਨੂੰ ਸੀਮਤ ਕਰਨ ਤੇ ਵਿਲੱਖਣਤਾ, ਸਮਾਨਤਾ ਤੇ ਰਲੇਵੇਂ ਸਬੰਧਤ ਨੀਤੀਆਂ ਨੂੰ ਖ਼ਤਮ ਕਰਨ ਦੀਆਂ ਮੰਗਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਮਹੀਨੇ ਦੀ ਸ਼ੁਰੂਆਤ 'ਚ ਰਾਸ਼ਟਰਪਤੀ ਟਰੰਪ ਨੇ ਹਾਰਵਰਡ ਲਈ ਅਰਬਾਂ ਡਾਲਰ ਦੇ ਖੋਜ ਯੋਗਦਾਨ ਤੇ ਹੋਰ ਮਦਦ 'ਤੇ ਰੋਕ ਲਗਾ ਦਿੱਤੀ ਸੀ। ਪ੍ਰਸ਼ਾਸਨ ਪ੍ਰਸ਼ਾਸਨ ਹਾਰਵਰਡ ਨੂੰ ਆਪਣੇ ਕੰਪਲੈਕਸਾਂ 'ਚ ਹਿੰਸਾ, ਯਹੂਦੀ ਵਿਰੋਧੀ ਭਾਵਨਾ ਨੂੰ ਬੜ੍ਹਾਵਾ ਦੇਣ ਤੇ ਚੀਨੀ ਕਮਿਊਨਿਸਟ ਪਾਰਟੀ ਨਾਲ ਤਾਲਮੇਲ ਲਈ ਜ਼ਿੰਮੇਵਾਰ ਮੰਨਦਾ ਹੈ।

## ਟਰੰਪ ਪ੍ਰਸ਼ਾਸਨ ਨੇ ਰੱਖੀਆਂ ਕੁਝ ਮੰਗਾਂ

ਪ੍ਰਸ਼ਾਸਨ ਜਦੋਂ ਤੱਕ ਆਪਣਾ ਫ਼ੈਸਲਾ ਨਹੀਂ ਬਦਲਦਾ ਜਾਂ ਕੋਰਟ ਕੋਈ ਦਖ਼ਲ ਨਹੀਂ ਦਿੰਦੀ, ਉਦੋਂ ਤੱਕ ਇਹ ਫ਼ੈਸਲਾ ਕਾਇਮ ਰਹੇਗਾ। ਨੋਏਮ ਨੇ ਕਿਹਾ ਕਿ ਜੇ ਹਾਰਵਰਡ 72 ਘੰਟਿਆਂ ਦੇ ਅੰਦਰ ਇਕ ਸੂਚੀਬੱਧ ਮੰਗਾਂ ਦੀ ਪਾਲਣਾ ਕਰਦੀ ਹੈ ਤਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖ਼ਲਾ ਦੇਣ ਦੀ ਉਸਦੀ ਯੋਗਤਾ ਬਹਾਲ ਹੋ ਸਕਦੀ ਹੈ। ਮੰਗਾਂ 'ਚ ਵਿਦੇਸ਼ੀ ਵਿਦਿਆਰਥੀਆਂ ਦਾ ਅਨੁਸ਼ਾਸਤਮਕ ਰਿਕਾਰਡ ਤੋਂ ਇਲਾਵਾ ਵਿਰੋਧ-ਪ੍ਰਦਰਸ਼ਨ ਦੀਆਂ ਸਰਗਰਮੀਆਂ ਦੇ ਆਡੀਓ ਤੇ ਵੀਡੀਓ ਰਿਕਾਰਡਿੰਗ ਸ਼ਾਮਲ ਹਨ। ਹਾਲਾਂਕਿ, ਹਾਰਵਰਡ ਪਹਿਲਾਂ ਹੀ ਇਸ ਤਰ੍ਹਾਂ ਦੇ ਰਿਕਾਰਡ ਮੁਹੱਈਆ ਕਰਵਾਉਣ ਤੋਂ ਇਨਕਾਰ ਕਰ ਚੁੱਕਾ ਹੈ।

# ਭਾਰਤ-ਨੇਪਾਲ ਸਰਹੱਦ ਤੋਂ ਬੰਗਲਾਦੇਸ਼ੀ ਗ੍ਰਿਫ਼ਤਾਰ



**ਸਿਲੀਗੁੜੀ:** ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ 'ਚ ਭਾਰਤ-ਨੇਪਾਲ ਸਰਹੱਦ 'ਤੇ ਤਾਇਨਾਤ ਹਥਿਆਰਬੰਦ ਸਰਹੱਦੀ ਬਲ (ਐੱਸਐੱਸਬੀ) ਦੀ 41ਵੀਂ ਬਟਾਲੀਅਨ ਦੇ ਜਵਾਨਾਂ ਨੇ ਇਕ ਬੰਗਲਾਦੇਸੀ ਨੂੰ ਗ੍ਰਿਫ਼ਤਾਰ ਕੀਤਾ ਹੈ। ਐੱਸਐੱਸਬੀ ਨੇ ਅਗਲੀ ਕਾਰਵਾਈ ਲਈ ਉਸ ਨੂੰ ਖੋਰੀਬਾੜੀ ਥਾਣੇ ਨੂੰ ਸੌਂਪ ਦਿੱਤਾ ਹੈ। ਐੱਸਐੱਸਬੀ ਦੇ ਸੂਤਰਾਂ ਅਨੁਸਾਰ, ਗ੍ਰਿਫ਼ਤਾਰ ਬੰਗਲਾਦੇਸ਼ੀ ਰੰਜੀਤ ਬਰਮਨ 2021 'ਚ ਬੰਗਲਾਦੇਸ਼ ਤੋਂ ਭਾਰਤ 'ਚ ਦਾਖ਼ਲ ਹੋਇਆ ਸੀ। ਉਹ ਕੂਚਬਿਹਾਰ ਜ਼ਿਲ੍ਹੇ ਦੇ ਚੇਂਗਰਾਬਾਂਧਾ ਸਰਹੱਦੀ ਚੈੱਕਪੋਸਟ ਰਾਹੀਂ ਜਾਇਜ਼ ਪਾਸਪੋਰਟ ਨਾਲ ਭਾਰਤ ਆਇਆ ਸੀ।

# ਰੂਸ-ਯੂਕਰੇਨ ਵਿਚਾਲੇ ਬੰਦੀਆਂ ਦੀ ਅਦਲਾ-ਬਦਲੀ ਸ਼ੁਰੂ

**ਕੀਵ:** ਰੂਸ ਅਤੇ ਯੂਕਰੇਨ ਨੇ ਸ਼ੁੱਕਰਵਾਰ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਜੰਗ ਦੇ ਬੰਦੀਆਂ ਦੀ ਅਦਲਾ-ਬਦਲੀ ਸ਼ੁਰੂ ਕੀਤੀ ਹੈ। ਹਰੇਕਪਾਸਿਓਂ 390 ਕੈਦੀਆਂ ਨੂੰ ਰਿਹਾਅ ਕੀਤਾ ਗਿਆ ਹੈ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਰਿਹਾਈ ਹੋਵੇਗੀ। ਛੱਡੇ ਗਏ ਬੰਦੀਆਂ ਵਿਚ 270 ਫ਼ੌਜੀ ਅਤੇ 120 ਨਾਗਰਿਕ ਸ਼ਾਮਲ ਹਨ। ਤਿੰਨ ਸਾਲਾਂ ਵਿਚ ਪਹਿਲੀ ਵਾਰ ਪਿਛਲੇ ਹਫ਼ਤੇ ਇਸਤਾਂਬੂਲ ਵਿਚ ਹੋਈ ਸਿੱਧੀ ਗੱਲਬਾਤ ਵਿਚ ਰੂਸ ਅਤੇ ਯੂਕਰੇਨ ਨੇ 1,000 ਬੰਦੀਆਂ ਦੀ ਅਦਲਾ-ਬਦਲੀ 'ਤੇ ਸਹਿਮਤੀ ਪ੍ਰਗਟਾਈ ਸੀ। ਬੰਦੀਆਂ ਦੀ ਅਦਲਾ-ਬਦਲੀ ਹੀ ਇੱਕੋ ਇਕ ਠੋਸ ਕਦਮ ਸੀ, ਜਿਸ 'ਤੇ ਦੋਹਾਂ ਪੱਖਾਂ ਨੇ ਸਹਿਮਤੀ ਪ੍ਰਗਟਾਈ। ਟਰੰਪ ਨੇ ਕਿਹਾ ਕਿ ਦੋਹਾਂ ਪੱਖਾਂ ਨੂੰ ਵਧਾਈ। ਇਹ ਕੁਝ ਵੱਡਾ ਹੋਣ ਦਾ ਸੰਕੇਤ ਹੈ।



# ਰਮਨ ਅਰੋੜਾ ਦੀ ਗ੍ਰਿਫ਼ਤਾਰੀ ਸਿਆਸੀ ਸਟੰਟ ਕਰਾਰ

**ਜਲੰਧਰ:** ਪੰਜਾਬ ਦੀ ਸਿਆਸਤ 'ਚ ਉਦੋਂ ਹਲਚਲ ਮਚ ਗਈ, ਜਦੋਂ ਵਿਧਾਨ ਸਭਾ ਹਲਕਾ ਜਲੰਧਰ ਸੈਂਟਰਲ ਤੋਂ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਰਮਨ ਅਰੋੜਾ ਨੂੰ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਗ੍ਰਿਫਤਾਰ ਕਰ ਲਿਆ। ਅਰੋੜਾ ਦੇ ਘਰ ਛਾਪੇਮਾਰੀ ਮਗਰੋਂ ਉਸ ਦੀ ਜਾਇਦਾਦ ਸੀਲ ਕਰ ਦਿੱਤੀ ਗਈ ਅਤੇ ਉਸ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਐਫਆਈਆਰ ਦਰਜ ਕਰ ਲਈ ਗਈ। ਛਾਪੇਮਾਰੀ ਦੌਰਾਨ ਵਿਜੀਲੈਂਸ ਨੇ ਕੁਝ ਅਹਿਮ ਦਸਤਾਵੇਜ਼ ਤੇ ਸਬੂਤ ਇਕੱਠੇ ਕੀਤੇ ਹਨ ਜਿਨ੍ਹਾਂ ਦੀ ਜਾਂਚ ਫ਼ਿਲਹਾਲ ਜਾਰੀ ਹੈ। ਹਾਲਾਂਕਿ ਪਿਛਲੇ ਹਫ਼ਤੇ ਜਦੋਂ ਅਰੋੜਾ ਦੀ ਸੁਰੱਖਿਆ ਵਾਪਸ ਲਈ ਗਈ ਸੀ ਤਾਂ ਉਦੋਂ ਹੀ ਕਿਆਸ ਲੱਗਣੇ ਸ਼ੁਰੂ ਹੋ ਗਏ ਸਨ ਕਿ ਉਸ 'ਤੇ ਕੋਈ ਕਾਰਵਾਈ ਹੋ ਸਕਦੀ ਹੈ। ਵਿਜੀਲੈਂਸ ਦੀ ਇਸ ਕਾਰਵਾਈ ਨੇ ਨਾ ਸਿਰਫ਼ ਜਲੰਧਰ ਦੇ ਸਿਆਸੀ ਮਾਹੌਲ ਨੂੰ ਗਰਮ ਕਰ ਦਿੱਤਾ ਹੈ ਸਗੋਂ ਪੰਜਾਬ ਦੀ ਸਿਆਸਤ ਵਿਚ ਵੀ ਭੂਚਾਲ ਲਿਆ ਦਿੱਤਾ ਹੈ। ਵਿਰੋਧੀ ਧਿਰਾਂ, ਖ਼ਾਸ ਤੌਰ 'ਤੇ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ 'ਆਪ' ਸਰਕਾਰ 'ਤੇ ਸਵਾਲ ਚੁੱਕਦਿਆਂ ਕਿਹਾ ਹੈ ਕਿ ਜੇਕਰ ਸੱਤਾਧਾਰੀ ਪਾਰਟੀ ਦੇ ਵਿਧਾਇਕ ਹੀ ਭ੍ਰਿਸ਼ਟਾਚਾਰ ਵਿਚ ਸ਼ਾਮਲ ਹਨ ਤਾਂ ਸਰਕਾਰ ਦੀ ਪਾਰਦਰਸ਼ਿਤਾ ਤੇ ਇਮਾਨਦਾਰੀ ਦੇ ਦਾਅਵਿਆਂ 'ਤੇ ਭਰੋਸਾ ਕਿਵੇਂ ਕੀਤਾ ਜਾ ਸਕਦਾ ਹੈ? ਦੂਜੇ ਪਾਸੇ, 'ਆਪ' ਦੇ ਬੁਲਾਰਿਆਂ ਨੇ ਇਸ ਕਾਰਵਾਈ ਨੂੰ ਸਰਕਾਰ ਦੀ 'ਜ਼ੀਰੋ ਟਾਲਰੈਂਸ' ਨੀਤੀ ਦਾ ਸਬੂਤ ਦੱਸਿਆ ਹੈ। ਉਨ੍ਹਾਂ ਮੁਤਾਬਕ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਸਰਕਾਰ ਨੇ ਸਪਸ਼ਟ ਕੀਤਾ ਹੋਇਆ ਹੈ ਕਿ ਕੋਈ ਵੀ ਦੋਸ਼ੀ, ਭਾਵੇਂ ਉਹ ਕਿਸੇ ਵੀ ਪਾਰਟੀ ਦਾ ਹੋਵੇ, ਨਹੀਂ ਬਖ਼ਸ਼ਿਆ ਜਾਵੇਗਾ। ਇਸ ਦ੍ਰਿਸ਼ਟੀਕੋਣ ਨੂੰ ਹਮਾਇਤ ਦਿੰਦਿਆਂ ਕੁਝ ਵਿਸ਼ਲੇਸ਼ਕਾਂ ਨੇ ਵੀ ਸਰਕਾਰ ਦੀ ਇਸ ਕਾਰਵਾਈ ਨੂੰ ਸਿਆਸੀ ਸਫ਼ਾਈ ਦੀ ਦਿਸ਼ਾ ਵਿਚ ਇਕ ਹਾਂ-ਪੱਖੀ ਕਦਮ ਦੱਸਿਆ ਹੈ। ਵਿਧਾਇਕ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਮਿਲੇ-ਜੁਲੇ ਪ੍ਰਤੀਕਰਮ ਆ ਰਹੇ ਹਨ। ਕੁਝ ਲੋਕਾਂ ਦਾ ਮੰਨਣਾ ਹੈ ਕਿ ਵਿਜੀਲੈਂਸ ਦੀ ਇਹ ਕਾਰਵਾਈ ਸਰਕਾਰ ਦੀ ਇਮਾਨਦਾਰੀ ਦਾ ਸਬੂਤ ਹੈ ਜਦਕਿ ਕੁਝ ਇਸ ਨੂੰ ਸਿਆਸੀ ਖੇਡ ਦਾ ਹਿੱਸਾ ਮੰਨ ਰਹੇ ਹਨ। ਸੋਸ਼ਲ ਮੀਡੀਆ 'ਤੇ ਵੀ ਇਸ ਮੁੱਦੇ 'ਤੇ ਗਰਮਾ-ਗਰਮ ਬਹਿਸ ਚੱਲ ਰਹੀ ਹੈ। ਕਈ ਯੂਜ਼ਰਸ ਨੇ ਇਸ ਕਾਰਵਾਈ ਦੀ ਸ਼ਲਾਘਾ ਕੀਤੀ ਜਦਕਿ ਕੁਝ ਨੇ ਸਰਕਾਰ 'ਤੇ ਸਵਾਲ ਚੁੱਕੇ ਹਨ ਕਿ ਇਹ ਸਿਰਫ਼ ਇਕ ਸਿਆਸੀ ਸਟੰਟ ਹੈ। ਦਰਅਸਲ, ਪੰਜਾਬ ਦੀ ਸਿਆਸਤ 'ਚ ਭ੍ਰਿਸ਼ਟਾਚਾਰ ਦਾ ਮੁੱਦਾ ਕੋਈ ਨਵਾਂ ਨਹੀਂ ਹੈ। ਪਿਛਲੀਆਂ ਸਰਕਾਰਾਂ, ਚਾਹੇ ਉਹ ਕਾਂਗਰਸ ਦੀਆਂ ਹੋਣ ਜਾਂ ਅਕਾਲੀ ਦਲ ਦੀਆਂ, ਹਮੇਸ਼ਾ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਘੇਰੇ ਵਿਚ ਰਹੀਆਂ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ 'ਆਪ' ਨੇ ਇਸ ਮੁੱਦੇ ਨੂੰ ਆਪਣੀ ਚੋਣ ਮੁਹਿੰਮ ਦਾ ਮੁੱਖ ਹਥਿਆਰ ਬਣਾਇਆ ਸੀ ਪਰ ਸੱਤਾ ਵਿਚ ਆਉਣ ਤੋਂ ਬਾਅਦ ਉਸ ਦੇ ਆਪਣੇ ਕੁਝ ਮੰਤਰੀਆਂ, ਵਿਧਾਇਕਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਦੇ ਰਹੇ ਹਨ। ਇਸ ਮਾਮਲੇ ਦੀ ਜਾਂਚ ਅਜੇ ਸ਼ੁਰੂਆਤੀ ਪੜਾਅ 'ਤੇ ਹੈ। ਵਿਜੀਲੈਂਸ ਨੇ ਸਪਸ਼ਟ ਕੀਤਾ ਹੈ ਕਿ ਉਹ ਸਾਰੇ ਸਬੂਤਾਂ ਦੀ ਡੂੰਘਾਈ ਨਾਲ ਪੁਣ-ਛਾਣ ਕਰ ਰਹੀ ਹੈ। ਭਵਿੱਖ 'ਚ ਇਹ ਮਾਮਲਾ ਹੋਰ ਤੂਲ ਫੜ ਸਕਦਾ ਹੈ। ਇਹ ਕਾਰਵਾਈ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਦਾ ਹਿੱਸਾ ਹੋ ਸਕਦੀ ਹੈ ਪਰ ਇਸ ਨੇ 'ਆਪ' ਦੀ ਸਾਖ਼ 'ਤੇ ਵੀ ਸਵਾਲ ਜ਼ਰੂਰ ਖੜ੍ਹੇ ਕੀਤੇ ਹਨ। ਅਗਲੇ ਕੁਝ ਦਿਨਾਂ ਵਿਚ ਜਾਂਚ ਦੇ ਨਤੀਜਿਆਂ ਤੋਂ ਸਪਸ਼ਟ ਹੋਵੇਗਾ ਕਿ ਇਹ ਮਾਮਲਾ ਸਿਆਸੀ ਸਫ਼ਾਈ ਦੀ ਦਿਸ਼ਾ .'ਚ ਇਕ ਕਦਮ ਹੈ ਜਾਂ ਮਹਿਜ਼ ਸਿਆਸੀ ਖੇਡ ਦਾ ਹਿੱਸਾ ਹੈ।



# ਜੰਗੀ ਬੇੜੇ ਦੀ ਅਸਫ਼ਲ ਲਾਂਚਿੰਗ ਦੇ ਜ਼ਿੰਮੇਵਾਰ ਹੋ ਸਕਦੇ ਹਨ ਗ੍ਰਿਫ਼ਤਾਰ

**ਸਿਓਲ:** ਉੱਤਰੀ ਕੋਰੀਆ ਆਪਣੇ ਦੂਜੇ ਜਲ ਸੈਨਾ ਦੇ ਜੰਗੀ ਜਹਾਜ਼ ਦੀ ਅਸਫਲ ਲਾਂਚਿੰਗ ਲਈ ਜ਼ਿੰਮੇਵਾਰ ਲੋਕਾਂ ਦੀ ਗ੍ਰਿਫ਼ਤਾਰੀ ਕਰ ਸਕਦਾ ਹੈ। ਉਸਨੇ ਦਾਅਵਾ ਕੀਤਾ ਹੈ ਕਿ ਜੰਗੀ ਬੇੜੇ ਨੂੰ ਕੋਈ ਵੱਡਾ ਨੁਕਸਾਨ ਨਹੀਂ ਹੋਇਆ ਹੈ। ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਘਟਨਾ 'ਤੇ ਡੂੰਘੀ ਨਾਰਾਜ਼ਗੀ ਜ਼ਾਹਰ ਕੀਤੀ ਸੀ। ਇਸ ਨੂੰ ਉਨ੍ਹਾਂ ਅਪਰਾਧਕ ਲਾਪਰਵਾਹੀ ਦਿੱਤਾ ਸੀ। ਮੁੱਖ ਫ਼ੌਜ ਕਮੇਟੀ ਨੇ ਸ਼ੁੱਕਰਵਾਰ ਨੂੰ ਕਿਹਾ ਸੀ ਕਿ ਜ਼ਿੰਮੇਵਾਰ ਲੋਕਾਂ ਨੂੰ ਇਸ ਅਪਰਾਧਕ ਕਾਰੇ ਲਈ ਜਵਾਬਦੇਹ ਠਹਿਰਾਇਆ ਜਾਵੇਗਾ।



# ਪਰਮਾਣੂ ਗੱਲਬਾਤ ਪਿੱਛੋਂ ਈਰਾਨ ਨੂੰ ਤਰੱਕੀ ਦੀ ਉਮੀਦ

**ਰੋਮ:** ਇਰਾਨੀ ਅਤੇ ਅਮਰੀਕੀ ਵਾਰਤਾਕਾਰਾਂ ਨੇ ਸ਼ੁੱਕਰਵਾਰ ਨੂੰ ਪੰਜਵੇਂ ਦੌਰ ਦੀ ਗੱਲਬਾਤ ਪੂਰੀ ਕਰ ਲਈ। ਵਿਚੋਲੀਏ ਓਮਾਨ ਨੇ ਕਿਹਾ ਕਿ ਤਹਿਰਾਨ ਦੀਆਂ ਪਰਮਾਣੂ ਖਾਹਿਸ਼ਾਂ 'ਤੇ ਦਹਾਕਿਆਂ ਪੁਰਾਣੇ ਵਿਵਾਦ ਨੂੰ ਸੁਲਝਾਉਣ ਦੇ ਟੀਚੇ ਨਾਲ ਕੀਤੀ ਗਈ ਗੱਲਬਾਤ ਵਿਚ ਕੁਝ ਸੀਮਤ ਤਰੱਕੀ ਹੋਈ ਹੈ। ਇਰਾਨੀ ਟੀਮ ਦੇ ਇਕ ਨੇੜਲੇ ਸਰੋਤ ਨੇ ਦੱਸਿਆ ਕਿ ਦੋਹਾਂ ਪੱਖਾਂ ਨੇ ਫਿਰ ਮਿਲਣ ਦਾ ਫੈਸਲਾ ਕੀਤਾ ਹੈ, ਹਾਲਾਂਕਿ ਮਿਤੀ ਅਤੇ ਸਥਾਨ ਅਜੇ ਤੱਕ ਨਿਰਧਾਰਿਤ ਨਹੀਂ ਹੋਏ।ਰੋਮ ਵਿਚ ਹੋਈ ਬੈਠਕ ਤੋਂ ਬਾਅਦ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਕਿਹਾ ਕਿ ਓਮਾਨ ਵੱਲੋਂ ਕਈ ਮਤਾ ਰੱਖੇ ਜਾਣ ਦੇ ਬਾਅਦ ਗੱਲਬਾਤ ਵਿਚ ਤਰੱਕੀ ਦੀ ਸੰਭਾਵਨਾ ਹੈ, ਪਰ ਗੱਲਬਾਤ ਗੁੰਝਲਦਾਰ ਹੈ ਅਤੇ ਹੋਰ ਚਰਚਾ ਦੀ ਲੋੜ ਹੈ।



# ਤਿੰਨ ਸਾਲਾਂ ਵਿਚ 'ਆਪ' ਦੇ ਤਿੰਨ ਵਿਧਾਇਕ ਅਤੇ ਇਕ ਮੰਤਰੀ ਗਏ ਜੇਲ੍ਹ

**ਚੰਡੀਗੜ੍ਹ:** ਆਪ ਸਰਕਾਰ ਦੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਇਕ ਮੰਤਰੀ ਅਤੇ ਦੋ ਵਿਧਾਇਕਾਂ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਜੇਲ੍ਹ ਜਾਣਾ ਪਿਆ ਹੈ। ਹਾਲਾਂਕਿ ਕਈ ਹੋਰ ਵਿਧਾਇਕਾਂ, ਆਪ ਨੇਤਾਵਾਂ ਤੇ ਅਫ਼ਸਰਸਾਹੀ 'ਤੇ ਵੀ ਉਂਗਲ ਉੱਠਦੀ ਰਹੀ ਹੈ ਪਰ ਪੰਜਾਬ ਦੀ ਸਿਆਸਤ 'ਚ ਪਹਿਲੀ ਵਾਰ ਹੈ ਕਿ ਸਰਕਾਰ ਨੇ ਆਪਣੇ ਵਿਧਾਇਕਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਹੋਵੇ।



ਡਾ. ਵਿਜੇ ਸਿੰਗਲਾ, ਬਠਿੰਡਾ ਦਿਹਾਤੀ ਦੇ ਵਿਧਾਇਕ ਅਮਿਤ ਰਤਨ ਕੋਟਫੱਤਾ ਤੇ ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ

ਜਾਣਕਾਰੀ ਅਨੁਸਾਰ ਮਈ 2023 'ਚ ਹੋਈ ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ਦੌਰਾਨ ਪਾਰਟੀ ਹਾਈਕਮਾਨ ਨੂੰ ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ ਤੇ ਆਪ ਦੇ ਸਾਬਕਾ ਵਿਧਾਇਕ ਸ਼ੀਤਲ ਅੰਗੂਰਾਲ ਦੇ ਖ਼ਿਲਾਫ਼ ਬਹੁਤ ਸਾਰੀਆਂ ਸ਼ਿਕਾਇਤਾਂ ਮਿਲੀਆਂ ਸਨ।

ਪਾਰਟੀ ਲੀਡਰਸ਼ਿਪ ਨੂੰ ਪ੍ਰਚਾਰ ਦੌਰਾਨ ਇਹਨਾਂ ਵਿਧਾਇਕਾਂ ਦੀ ਕਾਰਗੁਜ਼ਾਰੀ ਕਰ ਕੇ ਲੋਕਾਂ ਦੇ ਰੋਹ ਦਾ ਸਾਹਮਣਾ ਵੀ ਕਰਨਾ ਪਿਆ। ਦੱਸਿਆ ਜਾਂਦਾ ਹੈ ਕਿ ਪਾਰਟੀ ਦੇ ਇਨ੍ਹਾਂ ਆਗੂਆਂ ਨੂੰ ਸਮਝਾਉਣ ਦਾ ਯਤਨ ਵੀ ਕੀਤਾ ਗਿਆ ਸੀ ਪਰ ਅੱਜ ਰਮਨ ਅਰੋੜਾ ਵਿਜੀਲੈਂਸ ਦੇ ਅੜਿੱਕੇ ਆ ਗਿਆ। ਪਿਛਲੇ ਹਫ਼ਤੇ ਪਹਿਲਾਂ ਅਰੋੜਾ ਦੀ ਸੁਰੱਖਿਆ ਵਾਪਸ ਲਈ ਗਈ ਸੀ।

ਭ੍ਰਿਸ਼ਟਾਚਾਰ ਦੇ ਮਾਮਲੇ 'ਚ ਵਿਜੀਲੈਂਸ ਦੇ ਅੜਿੱਕੇ ਆਉਣ ਵਾਲੇ ਅਰੋੜਾ 'ਆਪ' ਸਰਕਾਰ ਦੇ ਤੀਜੇ ਵਿਧਾਇਕ ਹਨ। ਮਈ 2022 ਵਿਚ ਉਸ ਵੇਲੇ ਦੇ ਸਿਹਤ ਮੰਤਰੀ ਡਾ. ਵਿਜੇ ਸਿੰਗਲਾ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਪਹਿਲੀ ਕਾਰਵਾਈ ਕੀਤੀ ਗਈ ਸੀ। ਮੁੱਖ ਮੰਤਰੀ ਨੇ ਖੁਦ ਇੱਕ ਵੀਡੀਓ ਜਾਰੀ ਕਰਕੇ ਡਾ. ਸਿੰਗਲਾ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਸਬੂਤ ਹੋਣ ਦੀ ਗੱਲ ਕਹੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਕਿਸੇ ਨੂੰ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਹ ਗੱਲ ਵੱਖਰੀ ਹੈ ਕਿ ਡਾ. ਸਿੰਗਲਾ ਵਿਰੁੱਧ ਚਾਰਜਸ਼ੀਟ ਅਦਾਲਤ 'ਚ ਪੇਸ਼ ਨਹੀਂ ਕੀਤੀ ਗਈ। ਇਸ ਘਟਨਾ ਤੋਂ 17 ਦਿਨ ਪਹਿਲਾਂ 7 ਮਈ 2022 ਨੂੰ ਸੀਬੀਆਈ ਨੇ ਅਮਰਗੜ੍ਹ ਦੇ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ 'ਤੇ 41 ਕਰੋੜ ਰੁਪਏ ਦੇ ਧੋਖਾਧੜੀ ਦੇ ਮਾਮਲੇ 'ਚ ਛਾਪਾ ਮਾਰਿਆ ਸੀ। ਈਡੀ ਨੇ ਗੱਜਣਮਾਜਰਾ ਨੂੰ 6 ਨਵੰਬਰ 2023 ਨੂੰ ਗ੍ਰਿਫ਼ਤਾਰ ਕੀਤਾ ਸੀ। ਇਸੇ ਤਰ੍ਹਾਂ ਫਰਵਰੀ 2023 'ਚ ਬਠਿੰਡਾ ਦਿਹਾਤੀ ਦੇ ਵਿਧਾਇਕ ਅਮਿਤ ਰਤਨ ਕੋਟਫੱਤਾ ਵਿਜੀਲੈਂਸ ਨੇ ਰਿਸ਼ਵਤ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਸੀ।

ਯਾਦ ਰਹੇ ਕਿ ਸਤੰਬਰ 2022 ਵਿਚ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਦੇ ਓਐੱਸਡੀ ਨਾਲ ਦੀ ਆਡੀਓ ਜਨਤਕ ਹੋ ਗਈ। ਵਿਰੋਧੀ ਧਿਰ ਦੇ ਦਬਾਅ ਕਾਰਨ ਸਰਕਾਰ ਨੇ 7 ਜਨਵਰੀ 2023 ਨੂੰ ਸਰਾਰੀ ਦਾ ਅਸਤੀਫਾ ਲੈ ਲਿਆ। ਇਸੇ ਤਰ੍ਹਾਂ ਵਿਧਾਇਕ ਸਰਬਜੀਤ ਕੌਰ ਮਾਣੂੰਕੇ 'ਤੇ ਇਕ ਐੱਨਆਰਆਈ ਦੇ ਬੰਗਲੇ 'ਤੇ ਕਬਜ਼ਾ ਕਰਨ ਦੇ ਦੋਸ਼ ਲੱਗੇ। ਹਾਲਾਂਕਿ ਵਿਧਾਇਕ ਨੇ ਕੋਠੀ ਕਿਰਾਏ 'ਤੇ ਲੈਣ ਦੀ ਗੱਲ ਕਹੀ ਸੀ ਪਰ ਸਿਆਸੀ ਵਿਰੋਧੀਆਂ ਦੇ ਦਬਾਅ ਕਾਰਨ ਵਿਧਾਇਕ ਨੇ ਕੋਠੀ ਛੱਡ ਦਿੱਤੀ ਸੀ। ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ 'ਤੇ ਟਰੱਕ ਯੂਨੀਅਨ ਦਾ ਪ੍ਰਧਾਨ ਬਣਾਉਣ ਲਈ 30 ਲੱਖ ਰੁਪਏ ਲੈਣ ਦਾ ਦੋਸ਼ ਲੱਗਿਆ। ਇਹ ਆਡਿਓ ਵੀਡਿਓ ਵੀ ਵਾਇਰਲ ਹੋ ਗਈ। ਇਸ ਨਾਲ ਵਿਧਾਇਕ ਨਰਿੰਦਰ ਕੌਰ ਭਰਾਜ਼ ਤੇ ਸਰਕਾਰ ਦੀ ਕਿਰਕਰੀ ਹੋ ਗਈ।

ਸੂਤਰ ਮੁਤਾਬਕ ਪਾਰਟੀ ਹਾਈਕਮਾਨ ਨੂੰ ਕਈ ਹੋਰ ਵਿਧਾਇਕਾਂ ਖ਼ਿਲਾਫ਼ ਵੀ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਪਾਰਟੀ ਹਾਈਕਮਾਨ ਸਰਕਾਰ ਖ਼ਿਲਾਫ਼ ਚੱਲ ਰਹੀ ਹਵਾ ਨੂੰ ਰੋਕਣ ਲਈ ਆਗਾਮੀ ਦਿਨਾਂ 'ਚ ਹੋਰ ਵਿਧਾਇਕਾਂ ਤੇ ਆਪ ਨੇਤਾਵਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿਚ ਲਿਆ ਸਕਦੀ ਹੈ।

## ਸ਼ੀਤਲ ਅੰਗੁਰਾਲ ਨੇ ਖੋਲ੍ਹਿਆ ਸੀ ਮੋਰਚਾ

ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਨੇ ਵੀ ਵਿਧਾਇਕ ਰਮਨ ਅਰੋੜਾ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਸੀ। ਉਨ੍ਹਾਂ ਨੇ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਦੌਰਾਨ. ਸ਼ਰੇਆਮ ਇਕ ਪੈਨ ਡ੍ਰਾਈਵ ਦਿਖਾ ਕੇ ਦਾਅਵਾ ਕੀਤਾ ਸੀ ਕਿ ਇਸ ਵਿਚ ਸ਼ਹਿਰ ਦੇ ਇਕ ਵਿਧਾਇਕ ਦੇ ਭ੍ਰਿਸ਼ਟਾਚਾਰ ਦਾ ਪੂਰਾ ਰਿਕਾਰਡ ਹੈ। ਰੋਮਨ ਅਰੋੜਾ ਦੇ ਭ੍ਰਿਸ਼ਟਾਚਾਰ ਵਿਚ ਸ਼ਾਮਲ ਹੋਣ ਦੀ ਰਿਕਾਰਡਿੰਗ ਹੋਣ ਦੀ ਗੱਲ ਵੀ ਸ਼ੀਤਲ ਅੰਗੁਰਾਲ ਨੇ ਜਨਤਕ ਤੌਰ 'ਤੇ ਕਹੀ ਸੀ।

## ਸ਼ੁਰੂ ਤੋਂ ਹੀ ਵਿਵਾਦਾਂ ਵਿਚ ਰਿਹਾ ਰਮਨ ਅਰੋੜਾ


**ਜਲੰਧਰ:** ਆਦਮੀ ਪਾਰਟੀ ਦੇ ਵਿਧਾਇਕ ਰਮਨ ਅਰੋੜਾ 'ਤੇ ਭ੍ਰਿਸ਼ਟਾਚਾਰ ਵਿਚ ਸ਼ਾਮਲ ਹੋਣ ਦੇ ਦੋਸ਼ ਪਿਛਲੇ ਤਿੰਨ ਸਾਲਾਂ ਤੋਂ ਲੱਗ ਰਹੇ ਸਨ। ਸਰਕਾਰ ਨੇ ਪੱਕੇ ਸਬੂਤ ਮਿਲਣ ਦੇ ਬਾਅਦ ਹੁਣ ਆਪਣੇ ਹੀ ਵਿਧਾਇਕ 'ਤੇ ਨਜ਼ਰ ਰੱਖੀ ਹੈ। ਰਮਨ ਅਰੋੜਾ ਸਾਲ 2022 ਵਿਚ ਪਹਿਲੀ ਵਾਰ ਸੈਂਟਰਲ ਹਲਕੇ ਤੋਂ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਵਿਧਾਇਕ ਬਣੇ ਸਨ। ਉਨ੍ਹਾਂ ਨੇ ਕਾਂਗਰਸ ਦੇ ਰਾਜਿੰਦਰ ਬੇਰੀ ਨੂੰ ਲਗਪਗ 250 ਵੋਟਾਂ ਨਾਲ ਹਰਾਇਆ ਸੀ।

ਵਿਧਾਇਕ ਬਣਨ ਤੋਂ ਬਾਅਦ ਹੀ ਰਮਨ ਅਰੋੜਾ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣੇ ਸ਼ੁਰੂ ਹੋ ਗਏ ਸਨ। ਲਾਟਰੀ ਦਾ ਧੰਦਾ ਕਰਨ ਵਾਲੇ ਹੋਣ ਜਾਂ ਫਿਰ ਬਿਲਡਰ-ਕਾਲੋਨਾਈਜ਼, ਇਨ੍ਹਾਂ ਸਭ ਤੋਂ ਵਸੂਲੀ ਦੇ ਦੋਸ਼ ਅਰੋੜਾ 'ਤੇ ਲਗਾਤਾਰ ਲੱਗਦੇ ਰਹੇ। ਪੁਲਿਸ, ਲਾਟਰੀ ਵਾਲੇ, ਡਾਕਟਰ, ਕਾਰੋਬਾਰੀ ਜਾਂ ਕੋਈ ਹੋਰ, ਕੋਈ ਵੀ ਰਮਨ ਅਰੋੜਾ ਤੋਂ ਬਚ ਨਹੀਂ ਪਾਇਆ। ਵਿਧਾਇਕ ਬਣਨ ਤੋਂ ਬਾਅਦ ਉਨ੍ਹਾਂ ਦੀਆਂ ਕਹਾਣੀਆਂ ਸਾਹਮਣੇ ਆਉਣ ਲੱਗੀਆਂ ਸਨ। ਸਭ ਤੋਂ ਪਹਿਲਾਂ ਮਾਮਲੇ ਵਿਚ ਕੰਪਨੀ : ਬਾਗ ਚੌਕ ਦੇ ਨੇੜੇ ਇਕ ਰਿਫ੍ਰੈਸ਼ਮੈਂਟ ਹਾਊਸ ਦੇ ਗ਼ੈਰ ਕਾਨੂੰਨੀ ਨਿਰਮਾਣ ਨੂੰ ਮੁੱਦਾ ਬਣਾ ਕੇ ਆਪਣੇ ਨੇੜਲੇ ਰਿਸ਼ਤੇਦਾਰ ਨੂੰ ਲਾਭ ਪਹੁੰਚਾਉਣ ਦਾ ਵੀ ਦੋਸ਼ ਸੀ।

## ਇਹ ਮਾਮਲੇ ਵੀ ਚਰਚਾ ਵਿਚ ਰਹੇ

ਰਾਮਾਮੰਡੀ ਸਥਿਤ ਇਕ ਸਕੂਲ ਦੇ ਮਾਲਕ ਦੇ ਘਰ ਚੋਰੀ ਹੋਈ ਸੀ। ਸਕੂਲ ਮਾਲਕ ਨੇ ਚੋਰੀ ਦਾ ਸਾਮਾਨ ਘੱਟ ਦੱਸਿਆ। ਚੋਰ ਫੜੇ ਗਏ ਤਾਂ ਬਰਾਮਦਗੀ ਕਾਫੀ ਜ਼ਿਆਦਾ ਸੀ। ਪੁਲਿਸ ਸਕੂਲ ਮਾਲਕ 'ਤੇ ਹੀ ਕਾਰਵਾਈ ਕਰਨਾ ਚਾਹੁੰਦੀ ਸੀ, ਪਰ ਵਿਧਾਇਕ ਦੇ ਨੇੜਲੇ ਨੇ ਮਾਮਲਾ ਰਫਾ-ਦਫਾ ਕਰਵਾਇਆ। ਇਸ ਮਾਮਲੇ ਵਿਚ ਲੱਖਾਂ ਰੁਪਏ ਦੀ ਵਸੂਲੀ ਦੀ ਚਰਚਾ ਹੋਈ ਸੀ। ਬਾਅਦ ਵਿਚ ਏਐਸਆਈ ਸਮੇਤ ਦੋ ਪੁਲਿਸ ਮੁਲਾਜ਼ਮ ਵੀ ਸਸਪੈਂਡ ਹੋਏ ਸਨ। ਨੈਸ਼ਨਲ ਹਾਈਵੇ 'ਤੇ ਸਥਿਤ ਇਕ ਹੋਟਲ ਦੇ ਨਿਰਮਾਣ ਦੇ ਮਾਮਲੇ ਵਿਚ ਵੀ ਲੱਖਾਂ ਰੁਪਏ ਲਏ ਜਾਣ ਦੀ ਚਰਚਾ ਹੋਈ ਸੀ, ਪਰ ਆਪਣੀ ਸਰਕਾਰ ਹੋਣ ਦੇ ਕਾਰਨ ਵਿਧਾਇਕ ਨੇ ਮਾਮਲਾ ਦਬਾ ਦਿੱਤਾ ਸੀ। ਇਕ ਹਸਪਤਾਲ ਦੀ ਨਵੀਂ ਬਿਲਡਿੰਗ ਦੇ ਨਿਰਮਾਣ ਨਾਲ ਘਰਾਂ ਵਿਚ ਦਰਾਰਾਂ ਆਉਣ ਦੇ ਮਾਮਲੇ ਵਿਚ ਵੀ ਵਿਧਾਇਕ ਦਾ ਨਾਮ ਚਰਚਾ ਵਿਚ ਰਿਹਾ ਸੀ। ਲੱਧੇਵਾਲੀ ਰੋਡ 'ਤੇ ਇਕ ਪੁਲਿਸ ਅਧਿਕਾਰੀ ਦੇ ਨੇੜਲੇ ਮੁਲਾਜ਼ਮ ਦੀ ਬਿਲਡਿੰਗ ਡਿੱਗਣ ਦਾ ਮਾਮਲਾ ਵੀ ਸਾਹਮਣੇ ਆਇਆ ਸੀ। ਉਥੇ ਫਗਵਾੜਾ ਗੇਟ ਦੇ ਆਸਪਾਸ ਬਣੀਆਂ ਕਈ ਮਾਰਕੀਟਾਂ ਦੇ ਨਿਰਮਾਣ ਵਿਚ ਵੀ ਭ੍ਰਿਸ਼ਟਾਚਾਰ ਦੀ ਗੱਲ ਸਾਹਮਣੇ ਆਈ ਸੀ ਅਤੇ ਵਸੂਲੀ ਕੀਤੀ ਗਈ ਸੀ। ਇਨ੍ਹਾਂ ਇਮਾਰਤਾਂ 'ਤੇ ਏਟੀਪੀ ਸੁਖਦੇਵ ਵਸ਼ਿਸ਼ਟ ਨੇ ਹੀ ਕਾਰਵਾਈ ਕੀਤੀ ਸੀ।

# ਭਾਰਤ 'ਚ ਬਣੇ ਆਈਫੋਨਾਂ 'ਤੇ ਲੱਗੇਗਾ 25% ਟੈਕਸ: ਟਰੰਪ



**ਨਵੀਂ ਦਿੱਲੀ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਦੇ ਆਰਥਿਕ ਹਿੱਤਾਂ 'ਤੇ ਹਮਲਾ ਕਰਦਿਆਂ ਐਪਲ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਹ ਭਾਰਤ ਵਿਚ ਬਣੇ ਆਈਫੋਨ ਅਮਰੀਕਾ ਵਿਚ ਮੰਗਾਉਂਦੇ ਹਨ ਤਾਂ ਹੈ ਉਨ੍ਹਾਂ ਨੂੰ 25% ਟੈਕਸ ਚੁਕਾਉਣਾ ਪਵੇਗਾ।

ਇਹ ਬਿਆਨ ਐਪਲ ਨੂੰ ਭਾਰਤ ਵਿਚ ਫੈਕਟਰੀ ਨਾ ਲਗਾਉਣ ਲਈ ਦਬਾਅ ਬਣਾਉਣ ਦਾ ਦੂਜਾ ਯਤਨ ਹੈ। ਪਿਛਲੇ ਹਫ਼ਤੇ, ਉਨ੍ਹਾਂ ਖਾੜੀ ਦੇ ਦੇਸ਼ਾਂ ਦੀ ਯਾਤਰਾ ਦੌਰਾਨ ਐਪਲ ਨੂੰ ਸਾਫ਼ ਸੂਚਨਾ ਦਿੱਤੀ ਸੀ ਕਿ ਉਹ ਭਾਰਤ ਵਿਚ ਉਤਪਾਦਨ ਨਾ ਕਰੇ। ਹਾਲਾਂਕਿ, ਐਪਲ ਨੇ ਉਸ ਸਮੇਂ ਭਾਰਤ ਸਰਕਾਰ ਨੂੰ ਯਕੀਨ ਦਿਵਾਇਆ ਸੀ ਕਿ ਉਨ੍ਹਾਂ ਦੀ ਨਿਵੇਸ਼ ਯੋਜਨਾਵਾਂ ਵਿਚ ਕੋਈ ਬਦਲਾਅ ਨਹੀਂ ਹੋਵੇਗਾ। ਐਪਲ ਨੇ ਹਾਲ ਹੀ ਵਿਚ ਐਲਾਨ ਕੀਤਾ ਹੈ ਕਿ ਉਹ ਅਮਰੀਕਾ ਵਿਚ ਵੇਚੇ ਜਾਣ ਵਾਲੇ ਸਾਰੇ ਆਈਫੋਨ ਦਾ ਉਤਪਾਦਨ ਭਾਰਤਵਿਚ ਕਰੇਗੀ, ਇਸ ਲਈ ਉਹ ਚੀਨ ਸਥਿਤ ਆਪਣੀ ਫੈਕਟਰੀ ਤੋਂ ਉਤਪਾਦਨ ਨੂੰ ਭਾਰਤ ਵਿਚ ਤਬਦੀਲ ਕਰੇਗੀ। ਟਰੰਪ ਦੇ ਇਸ ਬਿਆਨ 'ਤੇ ਭਾਰਤ ਸਰਕਾਰ ਵੱਲੋਂ ਕੋਈ ਆਧਿਕਾਰਤ ਪ੍ਰਤੀਕਿਰਿਆ ਨਹੀਂ ਆਈ ਹੈ ਪਰ ਮਾਹਰਾਂ ਦਾ ਮੰਨਣਾ ਹੈ ਕਿ ਉਨ੍ਹਾਂ ਦਾ ਲਗਾਤਾਰ ਭਾਰਤ ਬਾਰੇ ਦਿੱਤਾ ਜਾਣ ਵਾਲਾ ਬਿਆਨ ਭਾਰਤ-ਅਮਰੀਕਾ ਦੇ ਰਿਸ਼ਤਿਆਂ ਵਿਚ ਤਣਾਅ ਪੈਦਾ ਕਰ ਸਕਦਾ ਹੈ। ਟਰੰਪ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਦੋਹਾਂ ਦੇਸ਼ਾਂ ਦੇ ਵਿਚਕਾਰ ਦੋਪੱਖੀ ਵਪਾਰ ਸਮਝੌਤੇ ਦੀ ਗੱਲਬਾਤ ਆਖ਼ਰੀ ਪੜਾਅ 'ਤੇ ਹੈ। ਟਰੰਪ ਨੇ ਇੰਟਰਨੈੱਟ ਮੀਡੀਆ 'ਤੇ ਲਿਖਿਆ, 'ਮੈਂ ਪਹਿਲਾਂ ਹੀ ਐਪਲ ਦੇ ਸੀਈਓ ਟਿਮ ਕੁਕ ਨੂੰ ਜਾਣਕਾਰੀ ਦਿੱਤੀ ਹੈ ਕਿ ਮੈਨੂੰ ਉਮੀਦ ਹੈ ਕਿ ਅਮਰੀਕਾ ਵਿਚ ਵਿਕਣ ਵਾਲਾ ਆਈਫੋਨ ਅਮਰੀਕਾ ਵਿਚ ਹੀ ਬਣਾਇਆ ਜਾਵੇਗਾ, ਭਾਰਤ ਜਾਂ ਹੋਰ ਕਿਸੇ ਸਥਾਨ 'ਤੇ ਨਹੀਂ। ਜੇਕਰ ਅਜਿਹਾ ਨਹੀਂ ਹੁੰਦਾ, ਤਾਂ ਐਪਲ ਨੂੰ ਅਮਰੀਕਾ ਵਿਚ 25% ਟੈਕਸ ਦੇਣਾ ਪਵੇਗਾ।

# ਭਾਰਤ ਦੀ ਆਕਾਸ਼ਤੀਰ ਪ੍ਰਣਾਲੀ ਦੀ ਦੀਵਾਨੀ ਹੋਈ ਦੁਨੀਆ

**ਨਾਗਪੁਰ:** ਆਪ੍ਰੇਸ਼ਨ ਸਿੰਧੂਰ ਨੇ ਸੰਸਾਰ ਨੂੰ ਦਿਖਾ ਦਿੱਤਾ ਹੈ ਕਿ ਭਾਰਤ ਆਪਣੀ ਰੱਖਿਆ ਕਰਨ 'ਚ ਖ਼ੁਦ ਸਮਰੱਥ ਹੈ। ਉਹ ਦੁਸ਼ਮਣ ਦੀ ਕਿਸੇ ਵੀ ਹਿਮਾਕਤ ਦਾ ਪੂਰਾ ਜਵਾਬ ਦੇ ਸਕਦਾ ਹੈ। ਆਪ੍ਰੇਸ਼ਨ ਸਿੰਧੂਰ ਦੌਰਾਨ ਭਾਰਤ ਦੀ ਆਕਾਸ਼ਤੀਰ ਪ੍ਰਣਾਲੀ ਨੇ ਜਿਸ ਸਟੀਕ ਤਰੀਕੇ ਨਾਲ ਦੁਸ਼ਮਣ ਦੇ ਜਹਾਜ਼ਾਂ, ਡ੍ਰੋਨਾਂ ਅਤੇ ਮਿਜ਼ਾਈਲਾਂ ਦਾ ਪਤਾ ਲਗਾਇਆ, ਟ੍ਰੈਕ ਕੀਤਾ ਅਤੇ ਉਨ੍ਹਾਂ ਨੂੰ ਨਸ਼ਟ ਕੀਤਾ, ਉਸਦੀ ਪੂਰੀ ਦੁਨੀਆ ਮੁਰੀਦ ਹੋਣ ਲੱਗੀ ਹੈ। ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀਆਰਡੀਓ) ਦੇ ਮੁਖੀ ਸਮੀਰ ਵੀ ਕਾਮਤ ਨੂੰ ਯਕੀਨ ਹੈ ਕਿ ਦੇਸ਼ 'ਚ ਵਿਕਸਤ 'ਆਕਾਸ਼ਤੀਰ' ਹਵਾਈ ਰੱਖਿਆ ਪ੍ਰਣਾਲੀ ਦੀ ਸਫਲਤਾ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਇਸ ਵਿਚ ਰੁਚੀ ਹੋਰ ਵਧੇਗੀ। ਆਪ੍ਰੇਸ਼ਨ ਸਿੰਧੂਰ ਦੌਰਾਨ ਇਹ ਪ੍ਰਣਾਲੀ ਨਵੀਆਂ ਜੰਗੀ ਸਮਰੱਥਾਵਾਂ ਦੀ ਅਦ੍ਰਿਸ਼ ਤਾਕਤ ਦੇ ਤੌਰ 'ਤੇ ਸਾਹਮਣੇ ਆਈ ਹੈ। ਯਾਦ ਰਹੇ ਕਿ ਭਾਰਤ ਨੇ ਆਪ੍ਰੇਸ਼ਨ ਸਿੰਧੂਰ ਦੇ ਤਹਿਤ ਛੇ-ਸੱਤ ਮਈ ਨੂੰ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ ਕਸ਼ਮੀਰ ਵਿਚ 9 ਅੱਤਵਾਦੀ ਟਿਕਾਣਿਆਂ ਨੂੰ ਨਸ਼ਟ ਕਰ ਦਿੱਤਾ ਸੀ।



ਡੀਆਰਡੀਓ ਦੇ ਮੁਖੀ ਸਮੀਰ ਵੀ. ਕਾਮਤ ਨੇ ਵੀਰਵਾਰ ਨੂੰ ਕਿਹਾ, 'ਯਕੀਨੀ ਤੌਰ 'ਤੇ ਸਾਡੀ ਹਵਾਈ ਰੱਖਿਆ ਪ੍ਰਣਾਲੀ ਨੇ ਬਿਹਤਰੀਨ ਪ੍ਰਦਰਸ਼ਨ ਕੀਤਾ ਹੈ।'' ਰੱਖਿਆ ਖੇਤਰ 'ਚ ਭਾਰਤ ਦੇ 'ਆਤਮਨਿਰਭਰ ਹੋਣ ਬਾਰੇ ਕਾਮਤ ਨੇ ਕਿਹਾ ਕਿ ਇਸ ਦਿਸ਼ਾ ਵਿਚ ਕਾਫੀ ਤਰੱਕੀ ਹੋਈ ਹੈ ਪਰ ਪੂਰੀ ਤਰ੍ਹਾਂ ਆਤਮਨਿਰਭਰ ਹੋਣ ਲਈ ਹੋਰ ਕੰਮ ਕਰਨ ਦੀ ਲੋੜ ਹੈ। ਵਿਸ਼ਵਾਸ ਪ੍ਰਗਟਾਇਆ ਕਿ ਆਉਣ ਵਾਲੇ ਸਾਲਾਂ 'ਚ ਭਾਰਤ ਪੂਰੀ ਤਰ੍ਹਾਂ ਆਤਮਨਿਰਭਰ ਬਣ ਜਾਵੇਗਾ। ਕਾਮਤ ਨੇ ਕਿਹਾ ਕਿ ਭਵਿੱਖ ਦੀਆਂ ਜੰਗਾਂ ਲਈ ਰਵਾਇਤੀ ਹਥਿਆਰਾਂ ਦੇ ਨਾਲ-ਨਾਲ ਡ੍ਰੋਨ ਅਤੇ ਇਲੈਕਟ੍ਰਾਨਿਕ ਜੰਗ ਵਰਗੀਆਂ ਉਭਰਦੀਆਂ ਤਕਨੀਕਾਂ ਲਈ ਵੀ ਤਿਆਰ ਰਹਿਣਾ ਹੋਵੇਗਾ। ਰੋਬੋਟ ਸਿਪਾਹੀਆਂ ਬਾਰੇ ਕਿਹਾ, ਨੇੜਲੇ ਭਵਿੱਖ 'ਚ ਅਜਿਹਾ ਨਹੀਂ ਹੋਣ ਵਾਲਾ।

## ਫ਼ੌਜ 'ਚ ਸ਼ਾਮਲ ਹੋ ਸਕਦੈ 5.5 ਪੀੜ੍ਹੀ ਦਾ ਲੜਾਕੂ ਜਹਾਜ਼


ਡੀਆਰਡੀਓ ਦੇ ਮੁਖੀ ਨੇ ਕਿਹਾ ਕਿ ਦੇਸ਼ੀ 5.5 ਪੀੜ੍ਹੀ ਦਾ ਸਟੈਲਥ ਲੜਾਕੂ ਜਹਾਜ਼-ਐਡਵਾਂਸਡ ਮੀਡੀਅਮ ਕਾਂਬੈਟ ਏਅਰਕ੍ਰਾਫਟ (ਏਐਮਸੀਏ) ਵਿਕਸਤ ਕਰਨ ਦਾ ਪ੍ਰੋਜੈਕਟ ਪਿਛਲੇ ਸਾਲ ਸ਼ੁਰੂ ਹੋਇਆ ਸੀ। ਉਮੀਦ ਹੈ ਕਿ ਇਹ 2034 ਤੱਕ ਪੂਰਾ ਹੋ ਜਾਵੇਗਾ। ਇਸਨੂੰ 2035 ਤੱਕ ਫੌਜ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਏਐੱਮਸੀਏ ਦਾ ਮਾਡਲ ਫਰਵਰੀ 'ਚ ਬੈਂਗਲੁਰੂ 'ਚ ਕਰਵਾਏ ਗਏ ਏਅਰੋ ਇੰਡੀਆ 2025 ਵਿਚ ਪੇਸ਼ ਕੀਤਾ ਗਿਆ ਸੀ। ਯਾਦ ਰਹੇ ਕਿ ਇਸ ਸਮੇਂ ਸਭ ਤੋਂ ਉੱਨਤ ਲੜਾਕੂ ਜਹਾਜ਼ ਰਾਫੇਲ 4.5 ਪੀੜ੍ਹੀ ਦਾ ਹੈ। ਡੀਆਰਡੀਓ ਦੀ ਏਅਰੋਨਾਟਿਕਲ ਡਿਵੈਲਪਮੈਂਟ ਏਜੰਸੀ (ਏਡੀਏ) ਅਤਿ ਆਧੁਨਿਕ ਤਕਨੀਕਾਂ 'ਤੇ ਕੰਮ ਕਰ ਰਹੀ ਹੈ।

## ਰਡਾਰ, ਸੈਂਸਰ ਤੇ ਸੰਚਾਰ ਪ੍ਰਣਾਲੀਆਂ ਨਾਲ ਹੈ ਲੈਸ

'ਆਕਾਸ਼ਤੀਰ' ਰਡਾਰ, ਸੈਂਸਰ ਅਤੇ ਸੰਚਾਰ ਪ੍ਰਣਾਲੀਆਂ ਨਾਲ ਲੈਸ ਹੈ। ਇਹ ਟੀਚੇ ਨੂੰ ਪਛਾਣ ਕੇ ਸਟੀਕਤਾ ਤੇ ਤੇਜ਼ੀ ਨਾਲ ਹਮਲਾ ਕਰਨ 'ਚ ਸਮਰੱਥ ਹੈ। ਇਹ ਪ੍ਰਣਾਲੀ ਦੁਸ਼ਮਣ ਦੇ ਜਹਾਜ਼ਾਂ, ਡ੍ਰੋਨਾਂ ਅਤੇ ਮਿਜ਼ਾਈਲਾਂ ਦਾ ਪਤਾ ਲਗਾਉਣ, ਟ੍ਰੈਕ ਕਰਨ ਅਤੇ ਉਨ੍ਹਾਂ ਨੂੰ ਨਸ਼ਟ ਕਰਨ ਦੇ ਯੋਗ ਹੈ। ਇਸ ਰਾਹੀਂ ਫੌਜ ਸੰਭਾਵੀ ਹਵਾਈ ਖਤਰੇ ਤੋਂ ਮਹੱਤਵਪੂਰਨ ਜਾਇਦਾਦਾਂ, ਸਿਪਾਹੀਆਂ ਅਤੇ ਬੁਨਿਆਦੀ ਢਾਂਚੇ ਦੀ ਬਿਹਤਰ ਰੱਖਿਆ ਕਰ ਸਕਦੀ ਹੈ। ਆਕਾਸ਼ਤੀਰ ਦਾ ਮਹੱਤਵਪੂਰਨ ਪੱਖ ਇਸਦੀ ਗਤੀਸ਼ੀਲਤਾ ਹੈ। ਇਸ ਦੇ ਕੰਟਰੋਲ ਕੇਂਦਰ ਵਾਹਨ-ਆਧਾਰਿਤ ਅਤੇ ਮੋਬਾਈਲ ਬਣਾਏ ਗਏ ਹਨ।

# ਬੰਗਲਾ ਦੇਸ਼ 'ਚ ਮੁਹੰਮਦ ਯੂਨੁਸ ਨਹੀਂ ਦੇਣਗੇ ਅਸਤੀਫ਼ਾ

**ਢਾਕਾ:** ਬੰਗਲਾਦੇਸ਼ ਵਿਚ ਚੱਲ ਰਹੀ ਸਿਆਸੀ ਉਥਲ-ਪੁਥਲ ਦੇ ਦਰਮਿਆਨ ਅੰਤ੍ਰਿਮ ਸਰਕਾਰ ਦੇ ਮੁਖੀ ਮੁਹੰਮਦ ਯੂਨੁਸ ਨੇ ਸ਼ਨਿਚਰਵਾਰ ਨੂੰ ਸਲਾਹਕਾਰ ਕੌਂਸਲ (ਕੈਬਨਿਟ) ਦੀ ਮੀਟਿੰਗ ਬੁਲਾਈ। ਇਸ ਅਚਾਨਕ ਬੁਲਾਈ ਗਈ ਮੀਟਿੰਗ ਵਿਚ ਯੂਨੁਸ ਨੇ ਅਸਤੀਫੇ ਦੀ ਪੇਸ਼ਕਸ਼ ਕੀਤੀ ਪਰ ਸਹਿਯੋਗੀਆਂ ਨੇ ਇਸਨੂੰ ਨਾਮਨਜ਼ੂਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਯੂਨੁਸ ਦੀ ਅਗਵਾਈ ਵਿਚ ਹੀ ਚੁਣੌਤੀਆਂ ਦਾ ਸਾਹਮਣਾ ਕੀਤਾ ਜਾਵੇਗਾ। ਇਹ ਮੀਟਿੰਗ ਉਸ ਸਮੇਂ ਹੋਈ ਹੈ ਜਦੋਂ ਸਰਕਾਰ ਨੂੰ ਸਮਰਥਨ ਦੇ ਰਹੇ ਇਕ ਪ੍ਰਮੁੱਖ ਸਹਿਯੋਗੀ ਪਾਰਟੀ ਨੇ ਕਿਹਾ ਸੀ ਕਿ ਯੂਨੁਸ ਅਸਤੀਫਾ ਦੇਣ 'ਤੇ ਵਿਚਾਰ ਕਰ ਰਹੇ ਹਨ।



ਮੀਟਿੰਗ ਪਿੱਛੋਂ ਯੋਜਨਾ ਵਿਭਾਗ ਦੇ ਇੰਚਾਰਜ ਮੰਤਰੀ ਵਹੀਦੁਦੀਨ ਮਹਿਮੂਦ ਨੇ ਸਾਫ਼ ਕੀਤਾ ਕਿ ਯੂਨੁਸ ਨੇ ਅਸਤੀਫਾ ਦੇਣ ਲਈ ਨਹੀਂ ਕਿਹਾ।

ਉਨ੍ਹਾਂ ਕਿਹਾ, ''ਅਸੀਂ ਹਰ ਰੁਕਾਵਟ ਦਾ ਸਾਹਮਣਾ ਕਰਦੇ ਹੋਏ ਕੰਮ ਕਰਾਂਗੇ ਅਤੇ ਜ਼ਿੰਮੇਵਾਰੀਆਂ ਨੂੰ ਪੂਰਾ ਕਰਾਂਗੇ। ਉਹ (ਮੁਹੰਮਦ ਯੂਨੁਸ) ਆਪਣੇ ਅਹੁਦੇ 'ਤੇ ਕੰਮ ਕਰਦੇ ਰਹਿਣਗੇ। ਉਨ੍ਹਾਂ ਦੀ ਟੀਮ ਵਿਚ ਸ਼ਾਮਲ ਸਾਰੇ ਸਲਾਹਕਾਰ ਵੀ ਸਾਬਕਾ ਵਾਂਗ ਕੰਮ ਕਰਦੇ ਰਹਿਣਗੇ, ਉਹ ਆਪਣੇ ਫ਼ਰਜ਼ਾਂ ਤੋਂ ਨਹੀਂ ਭੱਜਣਗੇ।'' ਵੱਡੇ ਸਿਆਸੀ ਸੰਕਟ ਦਾ ਸਾਹਮਣਾ ਕਰ ਰਹੀ ਯੂਨੁਸ ਸਰਕਾਰ ਨੇ ਦੋਸ਼ ਲਾਇਆ ਕਿ ਹਾਰੀਆਂ ਤਾਕਤਾਂ ਅਤੇ ਵਿਦੇਸ਼ੀ ਸਾਜ਼ਿਸ਼ਾਂ ਦੇ ਕਾਰਨ ਦੇਸ਼ ਵਿਚ ਆਮ ਕੰਮਕਾਜ ਦਾ ਮਾਹੌਲ ਨਹੀਂ ਬਣ ਪਾ ਰਿਹਾ। ਇਸ ਨਾਲ ਜਨਤਾ ਵਿਚ ਭ੍ਰਮ ਅਤੇ ਖ਼ਦਸ਼ੇ ਦੀ ਸਥਿਤੀ ਬਣ ਰਹੀ ਹੈ। ਅੰਤ੍ਰਿਮ ਸਰਕਾਰ ਰਾਸ਼ਟਰ ਦੇ ਹਿੱਤ ਵਿਚ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਕਰਨ ਦਾ ਹਰ ਸੰਭਵ ਯਤਨ ਕਰਦੀ ਰਹੇਗੀ।

# ਸ਼ੁਭਮਨ ਗਿੱਲ ਬਣਿਆ ਭਾਰਤ ਦੀ ਕ੍ਰਿਕਟ ਟੀਮ ਦਾ ਕਪਤਾਨ



**ਨਵੀਂ ਦਿੱਲੀ:** ਰੋਹਿਤ ਸ਼ਰਮਾ ਵੱਲੋਂ ਟੈਸਟ ਮੈਚਾਂ ਤੋਂ ਸੰਨਿਆਸ ਲੈਣ ਤੋਂ ਬਾਅਦ ਭਾਰਤੀ ਚੋਣਕਾਰਾਂ ਨੇ ਇੰਗਲੈਂਡ 'ਚ 20 ਜੂਨ ਤੋਂ ਸ਼ੁਰੂ ਹੋਣ ਵਾਲੀ ਪੰਜ ਟੈਸਟ ਮੈਚਾਂ ਦੀ ਸੀਰੀਜ਼ ਲਈ 25 ਸਾਲਾ ਬੱਲੇਬਾਜ਼ ਸ਼ੁਭਮਨ ਗਿੱਲ ਨੂੰ ਕਪਤਾਨ ਐਲਾਨ ਦਿੱਤਾ ਹੈ। ਵਿਕਟਕੀਪਰ ਰਿਸ਼ਭ ਪੰਤ ਉਪ ਕਪਤਾਨ ਹੋਣਗੇ। 'ਦੈਨਿਕ ਜਾਗਰਣ' ਨੇ ਸਭ ਤੋਂ ਪਹਿਲਾਂ ਇਹ ਜਾਣਕਾਰੀ ਦਿੱਤੀ ਸੀ ਕਿ ਰੋਹਿਤ ਤੋਂ ਬਾਅਦ ਗਿੱਲ ਕਪਤਾਨ ਤੇ ਪੰਤ ਉਪ ਕਪਤਾਨ ਹੋਣਗੇ।

ਮੁੰਬਈ 'ਚ ਬੀਸੀਸੀਆਈ ਹੈੱਡਕੁਆਰਟਰ 'ਚ ਚੋਣ ਕਮੇਟੀ ਦੇ ਪ੍ਰਧਾਨ ਅਜਿਤ ਅਗਰਕਰ ਨੇ ਟੀਮ ਦਾ ਐਲਾਨ ਕਰਨ ਮਗਰੋਂ ਕਿਹਾ, 'ਪਿਛਲੇ ਸਾਲ ਅਸੀਂ ਸ਼ੁਭਮਨ 'ਤੇ (ਅਗਵਾਈ ਲਈ) ਨਜ਼ਰ ਰੱਖਣੀ ਸ਼ੁਰੂ ਕੀਤੀ ਸੀ। ਅਸੀਂ ਮੰਨਦੇ ਹਾਂ ਕਿ ਉਹ ਇਸ ਕੰਮ ਲਈ ਸਭ ਤੋਂ ਯੋਗ ਹਨ। ਇਹ ਕਾਫੀ ਦਬਾਅ ਵਾਲਾ ਕੰਮ ਹੈ ਪਰ ਉਹ ਸ਼ਾਨਦਾਰ ਖਿਡਾਰੀ ਹਨ। ਅਸੀਂ ਉਨ੍ਹਾਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹਾਂ।'

ਬੱਲੇਬਾਜ਼ ਸਾਈ ਸੁਦਰਸ਼ਨ ਤੇ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੂੰ ਪਹਿਲੀ ਵਾਰ ਟੈਸਟ ਟੀਮ 'ਚ ਸ਼ਾਮਲ ਕੀਤਾ ਗਿਆ ਹੈ। 33 ਸਾਲ ਦੇ ਕਰੁਣ ਨਾਇਰ ਸੱਤ ਸਾਲਾਂ ਬਾਅਦ ਰਾਸ਼ਟਰੀ ਟੀਮ, 'ਚ ਵਾਪਸੀ ਕਰ ਰਹੇ ਹਨ। ਆਸਟ੍ਰੇਲੀਆ ਦੌਰੇ ਦੀ ਟੀਮ ਤੋਂ ਹਰਸ਼ਿਤ ਰਾਣਾ ਅਤੇ ਸਰਫਰਾਜ ਖਾਨ ਨੂੰ ਬਾਹਰ ਕਰ ਦਿੱਤਾ'ਪਿਛਲੇ ਸਾਲ ਅਸੀਂ ਸ਼ੁਭਮਨ 'ਤੇ (ਅਗਵਾਈ ਲਈ) ਨਜ਼ਰ ਰੱਖਣੀ ਸ਼ੁਰੂ ਕੀਤੀ ਸੀ। ਅਸੀਂ ਮੰਨਦੇ ਹਾਂ ਕਿ ਉਹ ਇਸ ਕੰਮ ਲਈ ਸਭ ਤੋਂ ਯੋਗ ਹਨ। ਇਹ ਕਾਫੀ ਦਬਾਅ ਵਾਲਾ ਕੰਮ ਹੈ ਪਰ ਉਹ ਸ਼ਾਨਦਾਰ ਖਿਡਾਰੀ ਹਨ। ਅਸੀਂ ਉਨ੍ਹਾਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹਾਂ।'

ਬੱਲੇਬਾਜ਼ ਸਾਈ ਸੁਦਰਸ਼ਨ ਤੇ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੂੰ ਪਹਿਲੀ ਵਾਰ ਟੈਸਟ ਟੀਮ 'ਚ ਸ਼ਾਮਲ ਕੀਤਾ ਗਿਆ ਹੈ। 33 ਸਾਲ ਦੇ ਕਰੁਣ ਨਾਇਰ ਸੱਤ ਸਾਲਾਂ ਬਾਅਦ ਰਾਸ਼ਟਰੀ ਟੀਮ, 'ਚ ਵਾਪਸੀ ਕਰ ਰਹੇ ਹਨ। ਆਸਟ੍ਰੇਲੀਆ ਦੌਰੇ ਦੀ ਟੀਮ ਤੋਂ ਹਰਸ਼ਿਤ ਰਾਣਾ ਅਤੇ ਸਰਫਰਾਜ ਖਾਨ ਨੂੰ ਬਾਹਰ ਕਰ ਦਿੱਤਾ ਗਿਆ ਹੈ। ਤੇਜ਼ ਗੇਂਦਬਾਜ਼ ਮੁਹੰਮਦ ਸ਼ਮੀ ਨੂੰ ਇੰਗਲੈਂਡ ਦੌਰੇ ਲਈ ਟੀਮ ਵਿਚ ਸ਼ਾਮਲ ਨਹੀਂ ਕੀਤਾ ਗਿਆ ਹੈ। ਘਰੇਲੂ ਸੈਸ਼ਨ ਵਿਚ ਚੰਗਾ ਪ੍ਰਦਰਸ਼ਨ ਕਰਨ ਦੇ ਬਾਵਜੂਦ ਸ਼ੇਅਸ ਅਈਅਰ ਨੂੰ ਟੀਮ ਵਿਚ ਜਗ੍ਹਾ ਨਹੀਂ ਮਿਲੀ ਹੈ।

### ਇੰਗਲੈਂਡ ਦੌਰੇ ਲਈ ਚੁਣੀ ਗਈ ਭਾਰਤੀ ਟੀਮ

ਸ਼ੁਭਮਨ ਗਿੱਲ (ਕਪਤਾਨ), ਰਿਸ਼ਭਪੰਤ (ਉਪ ਕਪਤਾਨ), ਯਸ਼ਸਵੀ ਜਾਇਸਵਾਲ, ਕੇਐੱਲ ਰਾਹੁਲ, ਸਾਈ ਸੁਦਰਸ਼ਨ ਅਭਿਮੰਨਿਊ ਈਸ਼ਵਰਨ, ਕਰੁਣ ਨਾਇਰ, ਨਿਤੀਸ਼ ਰੈਡੀ, ਰਵਿੰਦਰ ਜਡੇਜਾ, ਧਰੁਵ ਜੁਰੇਲ, ਵਾਸ਼ਿੰਗਟਨ ਸੁੰਦਰ, ਸ਼ਾਰਦੁਲ ਠਾਕੁਰ, ਜਸਪ੍ਰੀਤ ਬੁਮਰਾਹ, ਮੁਹੰਮਦ ਸਿਰਾਜ, ਪ੍ਰਸਿੱਧ ਕ੍ਰਿਸ਼ਨਾ, ਆਕਾਸ਼ਦੀਪ, ਅਰਸ਼ਦੀਪ ਸਿੰਘ ਅਤੇ ਕੁਲਦੀਪ ਯਾਦਵ।

# ਪੀਲੀਭੀਤ 'ਚ ਵੱਡੇ ਪੱਧਰ 'ਤੇ ਹੋ ਰਿਹੈ ਸਿੱਖਾਂ ਦਾ ਧਰਮ ਪਰਿਵਰਤਨ



**ਪੀਲੀਭੀਤ:** ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਾਂਗ ਹੁਣ ਯੂਪੀ ਵਿਚ ਨੇਪਾਲ ਦੀ ਸਰਹੱਦ ਨਾਲ ਲੱਗਦੇ ਪਿੰਡਾਂ ਵਿਚ ਵੀ ਸਿੱਖਾਂ ਦੇ ਈਸਾਈ ਧਰਮ ਵਿਚ ਪਰਿਵਰਤਨ ਦੀ ਵੱਡੀ ਸਾਜ਼ਿਸ਼ ਰਚੀ ਜਾ ਰਹੀ ਹੈ। ਸਥਾਨਕ ਸਿੱਖ ਜਥੇਬੰਦੀਆਂ ਦਾ ਦਾਅਵਾ ਹੈ ਕਿ ਨੇਪਾਲ ਤੋਂ ਆਏ ਪਾਦਰੀ ਅਤੇ ਕੁਝ ਸਥਾਨਕ ਪਾਸਟਰ ਪੈਸੇ ਦੇਣ ਅਤੇ ਮਕਾਨ ਬਣਵਾਉਣ ਦਾ ਲਾਲਚ ਦੇ ਕੇ ਅਤੇ ਚੰਗਾਈ ਸਭਾਵਾਂ ਕਰਵਾ ਕੇ ਸਿੱਖਾਂ ਨੂੰ ਈਸਾਈ ਬਣਾ ਰਹੇ ਹਨ। ਹਾਲਾਤ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲੋਂ ਲਗਾਇਆ ਜਾ ਸਕਦਾ ਹੈ। ਕਿ ਜੋ ਲੋਕ ਧਰਮ ਪਰਿਵਰਤਨ ਲਈ ਤਿਆਰ ਨਹੀਂ ਹੁੰਦੇ, ਉਨ੍ਹਾਂ ਦੇ ਖੇਤਾਂ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ ਅਤੇ ਉਨ੍ਹਾਂ 'ਤੇ ਹਮਲੇ ਕੀਤੇ ਜਾਂਦੇ ਹਨ। ਇਕ ਸਿੱਖ ਔਰਤ ਵੱਲੋਂ ਧਰਮ ਪਰਿਵਰਤਨ ਨਾ ਕਰਨ 'ਤੇ ਪਾਦਰੀ ਤੇ ਭੀੜ ਨੇ ਉਸ ਤੇ ਉਸ ਦੀ ਧੀ 'ਤੇ ਹਮਲਾ ਕਰ ਦਿੱਤਾ। ਪ੍ਰਸ਼ਾਸਨ ਨੇ ਧਰਮ ਪਰਿਵਰਤਨ ਦੇ ਦੋਸ਼ਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਗਠਿਤ ਕਰ ਦਿੱਤੀ ਹੈ।


ਈਸਾਈ ਮਿਸ਼ਨਰੀਆ ਦਾ ਨੈੱਟਵਰਕ ਸਰਹੱਦੀ ਪਿੰਡਾਂ ਟਾਟਰਗੰਜ, ਬੈਲ੍ਹਾ, ਬਮਨਪੁਰ ਭਾਗੀਰਥ, ਬਾਜ਼ਾਰਘਾਟ ਅਤੇ ਸਿੰਘਾੜਾ ਤੋਂ ਲੈ ਕੇ ਪੂਰਨਪੁਰ ਕਸਬੇ ਤੱਕ ਫੈਲਿਆ ਹੋਇਆ ਹੈ। ਪੂਰਨਪੁਰ ਕਸਬੇ ਵਿਚ ਦੋ ਸਾਲਾਂ ਵਿਚ ਧਰਮ ਪਰਿਵਰਤਨ ਦੀਆਂ ਪੰਜ ਐੱਫਆਈਆਰਜ਼ ਲਿਖਾਈਆਂ ਜਾ ਚੁੱਕੀਆਂ ਹਨ। ਇਨ੍ਹਾਂ ਸਾਰੇ ਮਾਮਲਿਆਂ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਦੇ ਕਰਮਚਾਰੀਆਂ ਨੇ ਚੰਗਾਈ ਸਭਾਵਾਂ ਵਿਚ ਛਾਪੇ ਮਾਰੇ ਸਨ। ਉਨ੍ਹਾਂ ਦਾ ਦਾਅਵਾ ਹੈ ਕਿ ਚੰਗਾਈ ਸਭਾ ਦੀ ਆੜ ਵਿਚ ਈਸਾਈ ਮਿਸ਼ਨਰੀ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਨੂੰ ਲਾਲਚ ਦੇ ਕੇ ਧਰਮ ਪਰਿਵਰਤਨ ਕਰਵਾ ਰਹੇ ਹਨ। ਤਿੰਨ-ਚਾਰ ਮਹੀਨਿਆਂ ਤੋਂ ਕਸਬੇ ਵਿਚ ਇਸ 'ਤੇ ਰੋਕਥਾਮ ਲੱਗੀ ਤਾਂ ਸਰਹੱਦੀ ਪਿੰਡਾਂ ਦੇ ਮਾਮਲੇ ਸਾਹਮਣੇ ਆਉਣ ਲੱਗੇ। 10 ਮਈ ਨੂੰ ਔਰਤ ਮਨਜੀਤ ਕੌਰ ਨੇ ਦੱਸਿਆ ਕਿ ਈਸਾਈ ਮਿਸ਼ਨਰੀ ਦੇ ਲੋਕ ਲਾਲਚ ਦੇ ਕੇ ਉਸ ਦੇ ਪਤੀ ਦਾ ਧਰਮ ਪਰਿਵਰਤਨ ਕਰਵਾ ਚੁੱਕੇ ਹਨ। ਉਸ ਨੇ ਦਾਅਵਾ ਕੀਤਾ ਕਿ ਪਾਦਰੀ ਅਰਜੁਨ ਅਤੇ 55 ਹੋਰ ਲੋਕਾਂ ਨੇ ਉਸ ਦਾ ਅਤੇ ਉਸ ਦੀ ਧੀ ਦਾ ਜ਼ਬਰਦਸਤੀ ਧਰਮ ਪਰਿਵਰਤਨ ਕਰਨ ਦਾ ਯਤਨ ਕੀਤਾ। ਉਸ ਨੂੰ ਕੁੱਟਿਆ ਗਿਆ ਅਤੇ ਉਸ ਦੀ ਨਾਬਾਲਿਗ ਧੀ ਨਾਲ ਮਾੜਾ ਵਿਹਾਰ ਕਰਨ ਦਾ ਯਤਨ ਕੀਤਾ ਗਿਆ। ਔਰਤ ਦੀ ਸ਼ਿਕਾਇਤ 'ਤੇ ਆਠ ਲੋਕਾਂ ਨੂੰ ਨਾਮਜ਼ਦ ਕਰਦਿਆਂ 56 'ਤੇ ਐੱਫਆਈਆਰ ਦਰਜ ਕੀਤੀ ਗਈ। ਇਸ ਤੋਂ ਬਾਅਦ ਸਿੱਖ ਸੰਗਠਨ ਸਰਗਰਮ ਹੋਣ ਲੱਗੇ। 16 ਮਈ ਨੂੰ ਆਲ ਇੰਡੀਆ ਸਿੱਖ ਪੰਜਾਬੀ ਵੈੱਲਫੇਅਰ ਕੌਂਸਲ ਦੇ ਪ੍ਰਧਾਨ ਹਰਪਾਲ ਸਿੰਘ ਜੱਗੀ ਨੇ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਕਿ ਤਿੰਨ ਹਜ਼ਾਰ ਸਿੱਖ ਪਰਿਵਾਰਾਂ ਦਾ ਧਰਮ ਪਰਿਵਰਤਨ ਕਰਵਾਇਆ ਜਾ ਚੁੱਕਾ ਹੈ। ਇਨ੍ਹਾਂ ਵਿੱਚੋਂ 150 ਪਰਿਵਾਰਾਂ ਦੇ ਨਾਂ-ਪਤੇ ਸੂਚੀਬੱਧ ਕਰਕੇ ਡੀਐੱਮ ਨੂੰ ਸੌਂਪੇ ਜਾ ਚੁੱਕੇ ਹਨ। ਉਨ੍ਹਾਂ ਦੀ ਜਾਣਕਾਰੀ ਦੇ ਆਧਾਰ 'ਤੇ ਪ੍ਰਸ਼ਾਸਨ ਨੇ ਹਰ ਪਰਿਵਾਰ ਬਾਰੇ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਹੈ ਜਿਸ ਦੀ ਰਿਪੋਰਟ ਆਉਣੀ ਬਾਕੀ ਹੈ। ਧਰਮ ਪਰਿਵਰਤਨ ਕਰਨ ਵਾਲੇ ਪਾਦਰੀਆਂ ਨੂੰ ਪਿੰਡਾਂ ਤੋਂ ਭਜਾਉਣਗੇ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਸਿੱਖ ਨੇਪਾਲ ਦੇ ਸਰਹੱਦੀ ਸਿੱਖ ਵਸੋਂ ਵਾਲੇ ਪਿੰਡਾਂ ਵਿਚ ਧਰਮ ਪਰਿਵਰਤਨ ਕਰਨ ਵਾਲੇ ਸਾਜ਼ਿਸ਼ਕਾਰੀ ਪਾਦਰੀਆਂ ਖ਼ਿਲਾਫ਼ ਅੰਦੋਲਨ ਦਾ ਐਲਾਨ ਕਰ ਦਿੱਤਾ ਗਿਆ ਹੈ। ਸਿੱਖ ਜਥੇਬੰਦੀਆਂ ਦੇ ਨਾਲ ਬੈਠਕ ਵਿਚ ਵਿਸ਼ਵ ਹਿੰਦੂ ਪਰਿਵਾਰ ਦੇ ਅਹੁਦੇਦਾਰਾਂ ਨੇ ਕਿਹਾ ਕਿ ਅਜਿਹੇ ਪਾਦਰੀਆਂ ਨੂੰ ਪਿੰਡਾਂ ਤੋਂ ਭਜਾਉਣਗੇ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਸਿੱਖ ਜਥੇਬੰਦੀਆਂ ਦੇ ਨਾਲ ਮਿਲ ਕੇ ਧਰਮ ਬਦਲ ਚੁੱਕੇ ਲੋਕਾਂ ਦੀ ਘਰ ਵਾਪਸੀ ਦੇ ਯਤਨ ਸ਼ੁਰੂ ਕਰ ਦਿੱਤੇ ਹਨ। ਸ਼ੁੱਕਰਵਾਰ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਟਾਟਰਗੰਜ ਗੁਰਦੁਆਰੇ ਵਿਚ ਸਿੱਖ ਜਥੇਬੰਦੀਆਂ ਦੇ ਨਾਲ ਬੈਠਕ ਕੀਤੀ। ਇਸ ਵਿਚ ਸ਼ਾਮਲ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬਜਰੰਗ ਦਲ ਦੇ ਅਹੁਦੇਦਾਰ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਧਰਮ ਪ੍ਰਸਾਰ ਮੁਖੀ ਮੁਕੰਦ ਦਾਸ, ਖੇਤਰ ਜਗਨਨ ਮੰਤਰੀ ਸੋਹਨ ਮੌਲੋਕੀ, ਸੂਬਾ ਸੰਗਠਨ ਮੰਤਰੀ ਰਾਜੇਸ਼ ਆਦਿ ਨੇ ਵਧ ਰਹੇ ਧਰਮ ਪਰਿਵਰਤਨ 'ਤੇ ਚਿੰਤਾ ਜ਼ਾਹਰ ਕੀਤੀ। ਮੀਟਿੰਗ ਤੋਂ ਬਾਅਦ ਚਰਚਾ ਚੱਲ ਰਹੀ ਜੀ ਕਿ ਧਰਮ ਬਦਲ ਚੁੱਕੇ ਪਰਿਵਾਰਾਂ ਨੂੰ ਬੁਲਾ ਕੇ ਉਨ੍ਹਾਂ ਦੀ ਘਰ ਵਾਪਜੀ ਦੀ ਤਿਆਰੀ ਕੀਤੀ ਜਾਵੇਗੀ। ਧਰਮ ਬਦਲ ਚੁੱਕੇ ਪਰਿਵਾਰਾਂ ਦੇ ਮੈਂਬਰ ਮੀਟਿੰਗ ਵਿਚ ਨਹੀਂ ਪਹੁੰਚੇ।

# ਸ਼ਾਂਤੀ ਗੱਲਬਾਤ ਦੇ ਅਗਲੇ ਦੌਰ ਲਈ ਤਿਆਰ ਕੀਤਾ ਜਾ ਰਿਹਾ ਹੈ ਖਰੜਾ: ਰੂਸ



**ਮਾਸਕੋ:** ਯੂਕਰੇਨ ਨਾਲ ਗੱਲਬਾਤ ਕਰ ਰਹੇ ਰੂਸੀ ਵਾਰਤਾਕਾਰਾਂ ਨੇ ਕਿਹਾ ਹੈ ਕਿ ਉਹ ਇਕ ਖਰੜਾਜ ਦਸਤਾਵੇਜ਼ ਤਿਆਰ ਕਰ ਰਹੇ ਹਨ, ਜੋ ਸ਼ਾਂਤੀ ਗੱਲਬਾਤ ਦੇ ਅਗਲੇ ਦੌਰ ਲਈ ਸ਼ੁਰੂਆਤੀ ਬਿੰਦੂ ਦੇ ਤੌਰ 'ਤੇ ਕੰਮ ਕਰੇਗਾ। ਕੋਈ ਤਰੀਕ ਜਾਂ ਸਥਾਨ ਤੈਅ ਨਹੀਂ ਕੀਤਾ ਗਿਆ। ਇਸ ਨੂੰ ਜੰਗ ਦੇ ਬੰਦੀਆਂ ਦੀ ਅਦਲਾ-ਬਦਲੀ ਪੂਰੀ ਹੋਣ ਤੋਂ ਬਾਅਦ ਤਿਆਰ ਕੀਤਾ ਜਾਵੇਗਾ। ਦੋਵਾਂ ਪੱਖਾਂ ਨੇ ਸ਼ਨਿਚਰਵਾਰ ਨੂੰ 307 ਹੋਰ ਫ਼ੌਜੀਆਂ ਦੀ ਅਦਲਾ-ਬਦਲੀ ਕੀਤੀ। ਇਕ ਦਿਨ ਪਹਿਲਾਂ ਦੋਵਾਂ ਪੱਖਾਂ ਨੇ 390 ਲੜਾਕੂਆਂ ਅਤੇ ਨਾਗਰਿਕਾਂ ਨੂੰ ਰਿਹਾਈ ਦਿੱਤੀ ਸੀ। ਰੂਸ ਨੇ ਕਿਹਾ ਹੈ ਕਿ ਉਹ ਸੰਘਰਸ਼ ਦਾ ਸ਼ਾਂਤਮਈ ਹੱਲ ਲੱਭਣ ਲਈ ਵਚਨਬੱਧ ਹੈ ਪਰ ਕੀਵ ਨੂੰ ਇਸ ਹਕੀਕਤ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਰੂਸ ਉਸ ਦੇ ਖੇਤਰ ਦੇ ਇਕ ਹਿੱਸੇ 'ਤੇ ਕੰਟਰੋਲ ਰੱਖਦਾ ਹੈ। ਰੂਸ ਦੇ ਰੱਖਿਆ ਮੰਤਰੀ ਨੇ ਕਿਹਾ ਕਿ ਉਸ ਦੀਆਂ ਫੌਜਾਂ ਨੇ ਯੂਕਰੇਨ ਦੇ ਡੋਨੈਸਕ ਅਤੇ ਸੁਮੀ ਖੇਤਰਾਂ ਵਿਚ ਸਟੂਪੋਚਕੀ, ਓਤ੍ਰਾਦਨੇ ਅਤੇ ਲੋਕਨੀਆ ਬਸਤੀਆਂ 'ਤੇ ਕਬਜ਼ਾ ਕਰ ਲਿਆ ਹੈ।


# ਭਾਰਤ ਸਣੇ ਕਈ ਦੇਸ਼ਾਂ 'ਚ ਠੱਪ ਹੋਇਆ 'ਐਕਸ'



**ਨਵੀਂ ਦਿੱਲੀ:** ਇੰਟਰਨੈੱਟ ਮੀਡੀਆ ਪਲੇਟਫਾਰਮ 'ਐਕਸ' ਭਾਰਤ ਸਮੇਤ ਕਈ ਦੇਸ਼ਾਂ ਵਿਚ ਸ਼ਨਿਚਰਵਾਰ ਨੂੰ ਠੱਪ ਹੋ ਗਿਆ। ਯੂਜ਼ਰਾਂ ਨੂੰ ਲਾਗਇਨ ਕਰਨ ਅਤੇ ਨਵੀਆਂ ਪੋਸਟ ਕਰਨ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਆਉਟੇਜ ਟ੍ਰੈਕਿੰਗ ਵੈਬਸਾਈਟ ਡਾਊਨ ਡਿਟੈਕਟਰ ਅਨੁਸਾਰ, ਯੂਜ਼ਰਜ਼ ਨੂੰ ਐਕਸ 'ਤੇ ਵੈੱਬ ਪੇਜਾਂ ਤੱਕ ਪਹੁੰਚਣ ਵਿਚ ਵੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਐਪ 'ਤੇ ਵੀ ਸਮੱਸਿਆਵਾਂ ਸਾਹਮਣੇ ਆਈਆਂ। ਹਾਲਾਂਕਿ ਏਐੱਨਆਈ ਮੁਤਾਬਕ ਬਾਅਦ ਵਿਚ ਸਮੱਸਿਆ ਨੂੰ ਠੀਕ ਕਰ ਲਿਆ ਗਿਆ। ਭਾਰਤ ਵਿਚ ਸ਼ਨਿਚਰਵਾਰ ਸ਼ਾਮ 06:18 ਵਜੇ ਸ਼ਿਕਾਇਤ ਕਰਨ ਵਾਲੇ ਯੂਜ਼ਰਜ਼ ਦੀ ਗਿਣਤੀ ਸਭ ਤੋਂ ਵੱਧ ਸੀ। ਇਸ ਦੌਰਾਨ 2,151 ਯੂਜ਼ਰਜ਼ ਨੇ ਸਮੱਸਿਆਵਾਂ ਦੀ ਸ਼ਿਕਾਇਤ ਕੀਤੀ।

# ਕਰੋਨਾ ਦੀ ਮੁੜ ਦਸਤਕ; ਭਾਰਤ ਵੱਲੋਂ ਕੇਸਾਂ'ਚ ਵਾਧੇ ਦੀ ਸਮੀਖਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਅੱਜ ਦੇਸ਼ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧੇ ਦੀ ਸਮੀਖਿਆ ਕੀਤੀ ਅਤੇ ਕਿਹਾ ਕਿ ਸਾਰੇ ਮੌਜੂਦਾ ਸਰਗਰਮ ਮਾਮਲਿਆਂ ਵਿੱਚ ਹਲਕੇ ਲੱਛਣ ਪਾਏ ਗਏ ਹਨ। ਕੇਂਦਰੀ ਸਿਹਤ ਸਕੱਤਰ ਪੁਨਿਆ ਸ਼ਿਲਾ ਸ੍ਰੀਵਾਸਤਵ ਨੇ ਅੱਜ ਸਿਹਤ ਖੋਜ ਵਿਭਾਗ ਦੇ ਸਕੱਤਰ ਅਤੇ ਭਾਰਤੀ ਮੈਡੀਕਲ ਖੋਜ ਕਾਊਂਸਿਲ ਦੇ ਡਾਇਰੈਕਟਰ ਜਨਰਲ ਰਾਜੀਵ ਬਹਿਲ, ਸਿਹਤ ਸੇਵਾਵਾਂ ਦੇ ਡਾਇਰੈਕਟਰ ਜਨਰਲ ਅਤੇ ਕੌਮੀ ਰੋਗ ਕੰਟਰੋਲ ਕੇਂਦਰ (ਐੱਨਸੀਡੀਸੀ) ਦੇ ਡਾਇਰੈਕਟਰ ਦੇ ਨਾਲ ਸਮੀਖਿਆ ਕੀਤੀ। ਸਰਕਾਰੀ ਅਧਿਕਾਰੀਆਂ ਨੇ ਕਿਹਾ, ''ਕੋਵਿਡ-19 ਦੇ ਕੁਝ ਮਾਮਲੇ ਮੁੱਖ ਤੌਰ 'ਤੇ ਕੇਰਲਾ, ਤਾਮਿਲਨਾਡੂ, ਮਹਾਰਾਸ਼ਟਰ ਅਤੇ ਕਰਨਾਟਕ ਤੋਂ ਸਾਹਮਣੇ ਆਏ ਹਨ। ਇਹ ਧਿਆਨ ਦੇਣ ਯੋਗ ਹੈ ਕਿ ਏਕੀਕ੍ਰਿਤ ਰੋਕ ਨਿਗਰਾਨੀ ਪ੍ਰੋਗਰਾਮ (ਆਈਡੀਐੱਸਪੀ) ਅਤੇ ਆਈਸੀਐੱਮਆਰ ਦੇ ਕੁੱਲ ਹਿੰਦ ਸਾਹ ਸਬੰਧੀ ਵਾਇਰਸ ਸੈਂਟੀਨੇਲ ਨਿਗਰਾਨੀ ਨੈੱਟਵਰਕ ਰਾਹੀਂ ਕੋਵਿਡ-19 ਸਣੇ ਸਾਹ ਸਬੰਧੀ ਬਿਮਾਰੀਆਂ ਦੀ ਨਿਗਰਾਨੀ ਲਈ ਇਕ ਮਜ਼ਬੂਤ ਕੁੱਲ ਹਿੰਦ ਪ੍ਰਣਾਲੀ ਹੈ।'' ਉਨ੍ਹਾਂ ਕਿਹਾ ਕਿ ਜ਼ਿਆਦਾਤਰ ਮੌਜੂਦਾ ਮਾਮਲੇ ਮਾਮੂਲੀ ਲੱਛਣਾਂ ਵਾਲੇ ਹਨ ਅਤੇ ਉਨ੍ਹਾਂ ਦੀ ਘਰ ਵਿੱਚ ਹੀ ਦੇਖਭਾਲ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਹਾਲ ਦੇ ਦਿਨਾਂ ਵਿੱਚ ਸਿੰਗਾਪੁਰ, ਹਾਂਗਕਾਂਗ ਅਤੇ ਹੋਰ ਦੇਸ਼ਾਂ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧੇ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਕਿਹਾ ਕਿ ਸਬੰਧਤ ਕੌਮੀ ਆਈਐੱਚਆਰ (ਕੌਮਾਂਤਰੀ ਸਿਹਤ ਰੈਗੂਲੇਸ਼ਨ) ਫੋਕਲ ਪੁਆਇੰਟਾਂ ਤੋਂ ਇਹ ਪਤਾ ਲੱਗਿਆ ਹੈ ਕਿ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਕੋਵਿਡ-19 ਦੇ ਇਸ ਵੇਲੇ ਪ੍ਰਸਾਰਿਤ ਹੋ ਰਹੇ ਸਰੂਪ ਵਧੇਰੇ ਫੈਲਣਯੋਗ ਹਨ ਜਾਂ ਪਹਿਲਾਂ ਪ੍ਰਸਾਰਿਤ ਹੋ ਚੁੱਕੇ ਸਰੂਪ ਦੇ ਮੁਕਾਬਲੇ ਵਧੇਰੇ ਗੰਭੀਰ ਬਿਮਾਰੀ ਦਾ ਕਾਰਨ ਬਣਦੇ ਹਨ। ਕੇਂਦਰੀ ਸਿਹਤ ਮੰਤਰਾਲੇ ਨੇ ਕਿਹਾ ਕਿ ਉਹ ਚੌਕਸ ਹੈ ਅਤੇ ਆਪਣੀਆਂ ਕਈ ਏਜੰਸੀਆਂ ਰਾਹੀਂ ਹਾਲਾਤ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ।



ਪੰਜਾਬ ਟਾਈਮਜ਼

31 ਮਈ, ਸ਼ਨਿਚਰਵਾਰ

# ਨਵੀਂ ਸਿੱਖਿਆ ਨੀਤੀ ਦਾ ਪਾਸਾਰਾ

*2014 ਤੋਂ ਸ਼ੁਰੂ ਹੋਇਆ ਭਾਰਤੀ ਸੰਵਿਧਾਨਕ ਸੰਸਥਾਵਾਂ ਦਾ ਭਗਵਾਂਕਰਨ 2020 ਤੋਂ ਸਿੱਖਿਆ ਦੇ ਭਗਵੇਂਕਰਨ ਵਲ ਸੇਧਿਤ ਹੋ ਚੁੱਕਿਆ ਹੈ। ਨਵੀਂ ਸਿੱਖਿਆ ਨੀਤੀ 2020 ਨੂੰ ਹੌਲੀ-ਹੌਲੀ ਲਾਗੂ ਕੀਤਾ ਜਾ ਰਿਹਾ ਹੈ। ਹੋਰ ਚੀਜ਼ਾਂ ਤੋਂ ਇਲਾਵਾ ਇਸ ਨੂੰ ਭਾਰਤੀ ਗਿਆਨ ਪ੍ਰਣਾਲੀਆਂ ਅਤੇ ਭਾਰਤੀ ਪਰੰਪਰਾਵਾਂ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ। ਇਤਿਹਾਸ ਨਾਲ ਸੰਬੰਧਿਤ ਤਬਦੀਲੀਆਂ ਕਰ ਕੇ ਦਿੱਲੀ ਸਲਤਨਤ ਤੇ ਮੁ.ਗਲ ਸ਼ਾਸਨ ਨੂੰ ਕਿਤਾਬਾਂ 'ਚੋਂ ਹਟਾ ਦਿੱਤਾ ਗਿਆ ਹੈ। ਇਤਿਹਾਸ 'ਚੋਂ 7 ਸਦੀਆਂ ਦਾ ਇਤਿਹਾਸ ਗਾਇਬ ਹੋ ਗਿਆ ਹੈ। ਜਦਕਿ ਐਨ.ਸੀ.ਈ.ਆਰ.ਟੀ. ਨੇ ਪਹਿਲਾਂ ਮੁ.ਗਲਾਂ ਤੇ ਦਿੱਲੀ ਸਲਤਨਤ ਬਾਰੇ ਪਾਠਾਂ ਨੂੰ ਛੋਟਾ ਕਰ ਦਿੱਤਾ ਸੀ, ਜਿਸ 'ਚ ਤੁਗਲਕ, ਖਿਲਜੀ ਤੇ 'ਲੋਧੀ ਵਰਗੇ ਰਾਜਵੰਸ਼ਾਂ ਦਾ ਵਿਸਤ੍ਰਿਤ ਬਿਰਤਾਂਤ ਸੀ, ਅਤੇ ਕੋਵਿਡ-19 ਮਹਾਂਮਾਰੀ ਦੌਰਾਨ ਆਪਣੇ ਸਿਲੇਬਸ ਨੂੰ ਤਰਕਸ਼ੀਲ ਬਣਾਉਣ ਦੇ ਹਿੱਸੇ ਵਜੋਂ ਮੁ.ਗਲ ਸਮਰਾਟਾਂ ਦੀਆਂ ਪ੍ਰਾਪਤੀਆਂ ਨੂੰ ਦੋ ਪੰਨਿਆਂ ਦੀ ਸਾਰਣੀ ਤੱਕ ਸੀਮਤ ਕਰ ਦਿੱਤਾ ਸੀ।*

*ਹੁਣ 7ਵੀਂ ਜਮਾਤ ਦੀ ਨਵੀਂ ਪਾਠ ਪੁਸਤਕ 'ਚੋਂ ਦਿੱਲੀ ਸਲਤਨਤ ਤੇ ਮੁ.ਗਲ ਸ਼ਾਸਕਾਂ ਦੇ ਸਾਰੇ ਹਵਾਲੇ ਹਟਾ ਦਿੱਤੇ ਗਏ ਹਨ। ਹੋਰ ਕਿਤਾਬਾਂ ਤੋਂ ਇਲਾਵਾ ਜਿੱਥੇ ਵੀ ਮੁਸਲਿਮ ਸ਼ਾਸਨ ਦੇ ਹਵਾਲੇ ਸਨ, ਉਹ ਵੀ ਹਟਾ ਦਿੱਤੇ ਗਏ ਹਨ। ਇਸ ਤੋਂ ਇਲਾਵਾ ਜੋ ਕੁਝ ਹਟਾਇਆ ਗਿਆ ਹੈ, ਉਸ 'ਚ 1992-93 ਤੋਂ ਬਾਅਦ ਮੁੰਬਈ ਦੀ ਹਿੰਸਾ, 2002 ਤੋਂ ਬਾਅਦ ਗੁਜਰਾਤ ਦੀ ਹਿੰਸਾ, ਨੱਥੂਰਾਮ ਗੋਡਸੇ ਦੇ ਆਰ.ਐਸ.ਐਸ. ਦੇ ਸਿਖਲਾਈ ਪ੍ਰਾਪਤ ਪ੍ਰਚਾਰਕ ਹੋਣ ਦੇ ਹਵਾਲੇ, ਗਾਂਧੀ ਦੀ ਹੱਤਿਆ ਸ਼ਾਮਿਲ ਹਨ। ਦਿਲਚਸਪ ਗੱਲ ਇਹ ਹੈ ਕਿ ਸਕੂਲਾਂ ਦੇ ਪਾਠਕ੍ਰਮ ਵਿਚ ਕੁੰਭ ਮੇਲੇ ਨੂੰ ਵੀ ਜਗ੍ਹਾ ਮਿਲੀ ਹੈ। ਮੁੱਖ ਮਕਸਦ ਪਾਠਕ੍ਰਮਾਂ ਵਿਚੋਂ ਉਨ੍ਹਾਂ ਹਿੱਸਿਆਂ ਨੂੰ ਹਟਾਉਣਾ ਹੈ, ਜਿਸ ਤੋਂ ਹਿੰਦੂ ਰਾਸ਼ਟਰਵਾਦੀ ਵਿਚਾਰਧਾਰਾ ਲਈ ਦਿੱਕਤ ਪੈਦਾ ਹੁੰਦੀ ਹੈ। ਮੁਸਲਮਾਨਾਂ ਨੂੰ ਸ਼ੈਤਾਨ ਦੱਸਦਿਆਂ ਉਨ੍ਹਾਂ ਵਿਰੁੱਧ ਨਫਰਤ ਫੈਲਾਉਣ ਲਈ ਮੁ.ਗਲਾਂ ਨੂੰ ਸਾਡੇ ਇਤਿਹਾਸ ਦੇ ਮੁੱਖ ਖਲਨਾਇਕਾਂ ਵਜੋਂ ਪੇਸ਼ ਕੀਤਾ ਗਿਆ ਹੈ। ਕੁਝ ਪਹਿਲਾਂ ਦੇ ਰਾਜੇ ਜਿਵੇਂ ਕਿ ਅਲਾਉਦੀਨ ਖ਼ਿਲਜੀ ਨੂੰ ਵੀ ਹਿੰਦੂਤਵ ਦੇ ਬਿਰਤਾਂਤ 'ਚ ਨਿਸ਼ਾਨਾ ਬਣਾਇਆ ਗਿਆ ਹੈ। ਹੁਣ ਤੱਕ ਦੀ ਗੱਲ ਮੁਸਲਮਾਨਾਂ ਨੂੰ ਸ਼ੈਤਾਨ ਦੱਸਣ ਦੀ ਕੋਸ਼ਿਸ਼ ਤਹਿਤ ਮੁਸਲਿਮ ਰਾਜਿਆਂ ਦੁਆਰਾ ਮੰਦਰ ਤੋੜਨ ਦੇ ਆਲੇ-ਦੁਆਲੇ ਕੀਤੀ ਜਾਂਦੀ ਰਹੀ ਹੈ, ਜਿਸ ਦਾ ਤਰਕਸ਼ੀਲ ਇਤਿਹਾਸਕਾਰਾਂ ਨੇ ਖੰਡਨ ਕੀਤਾ। ਹਿੰਦੂਤਵ ਬਿਰਤਾਂਤ ਅਸਲ 'ਚ ਅੰਗਰੇਜ਼ਾਂ ਦੁਆਰਾ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਅੱਗੇ ਵਧਾਉਣ ਲਈ ਸ਼ੁਰੂ ਕੀਤੀ ਗਈ ਫਿਰਕੂ ਇਤਿਹਾਸਕਾਰੀ ਤੋਂ ਉਤਪੰਨ ਹੁੰਦਾ ਹੈ। ਇਸ ਵਿਚ ਰਾਜਿਆਂ ਦੇ ਸਾਰੇ ਮਨੋਰਥ ਧਰਮ ਨਾਲ ਜੁੜੇ ਹੁੰਦੇ ਹਨ ਅਤੇ ਰਾਜਿਆਂ ਨੂੰ ਸਮੁੱਚੇ ਧਾਰਮਿਕ ਭਾਈਚਾਰੇ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਜਾਂਦਾ ਹੈ।*

*ਹਿੰਦੂ ਫਿਰਕੂ ਇਤਿਹਾਸਕਾਰੀ ਨੇ ਇਹ ਦਾਅਵਾ ਕਰ ਕੇ ਇਸ ਨੂੰ ਹੋਰ ਅੱਗੇ ਵਧਾ ਦਿੱਤਾ ਕਿ ਮੁਸਲਮਾਨ ਤੇ ਈਸਾਈ ਵਿਦੇਸ਼ੀ ਸਨ, ਜਿਨ੍ਹਾਂ ਨੇ ਹਿੰਦੂਆਂ ਨੂੰ ਤਸੀਹੇ ਦਿੱਤੇ ਹਨ। ਇਸੇ ਤਰ੍ਹਾਂ ਮੁਸਲਿਮ ਪੱਖੀ ਫਿਰਕੂ ਇਤਿਹਾਸਕਾਰਾਂ ਨੇ ਸਿੱਕੇ ਦਾ ਦੂਜਾ ਪਾਸਾ ਪੇਸ਼ ਕੀਤਾ, ਜਿੱਥੇ ਮੁਸਲਮਾਨਾਂ ਨੂੰ ਸ਼ਾਸਕ ਤੇ ਹਿੰਦੂਆਂ ਨੂੰ ਅਧੀਨ ਪਰਜਾ ਮੰਨਿਆ ਜਾਂਦਾ ਹੈ। ਉਨ੍ਹਾਂ ਦੀ ਧਾਰਨਾ ਹੈ ਕਿ ਮੁਸਲਮਾਨ ਇਸ ਧਰਤੀ ਦੇ ਤਰਕਸ਼ੀਲ ਸ਼ਾਸਕ ਹਨ। ਇਹੀ ਤਰਕ ਬਾਅਦ ਵਿਚ ਅੰਗਰੇਜ਼ਾਂ ਨੂੰ ਸਾਡੀ ਸੰਯੁਕਤ ਧਰਤੀ ਨੂੰ ਭਾਰਤ ਤੇ ਪਾਕਿਸਤਾਨ ਵਜੋਂ ਵੰਡਣ 'ਚ ਮਦਦਗਾਰ ਸਾਬਤ ਹੋਇਆ। ਸਾਵਰਕਰ ਨੇ ਸਪੱਸ਼ਟ ਕੀਤਾ ਕਿ ਇਸ ਦੇਸ਼ 'ਚ ਦੋ ਕੌਮਾਂ ਹਨ ਅਤੇ ਜਿਨਾਹ ਨੇ ਮੁਸਲਮਾਨਾਂ ਲਈ ਇਕ ਵੱਖਰੇ ਦੇਸ਼ ਪਾਕਿਸਤਾਨ ਦੀ ਮੰਗ ਕੀਤੀ।*

*ਪਾਕਿਸਤਾਨ ਸ਼ੁਰੂ ਤੋਂ ਹੀ ਮੁਨੀਮ ਫਿਟਕਾਤੀ ਦੇ ਜਾਲ 'ਚ ਫਸ ਗਿਆ ਸੀ। ਜਿੱਥੋਂ ਤੱਕ ਉਸ ਦੀਆਂ ਪਾਠ ਪੁਸਤਕਾਂ ਦਾ ਸੰਬੰਧ ਹੈ, ਉਨ੍ਹਾਂ ਨੇ 8ਵੀਂ ਸਦੀ ਵਿਚ ਮੁਹੰਮਦ ਬਿਨ ਕਾਸਿਮ ਦੇ ਹਮਲੇ ਨੂੰ ਪਾਕਿਸਤਾਨ ਦੀ ਸਥਾਪਨਾ ਲਈ ਜੱਦੋ-ਜਹਿਦ ਦੀ ਸ਼ੁਰੂਆਤ ਵਜੋਂ ਪੇਸ਼ ਕੀਤਾ। ਅੱਜ ਉਨ੍ਹਾਂ ਨੇ ਇਤਿਹਾਸ ਦੀਆਂ ਕਿਤਾਬਾਂ 'ਚੋਂ ਹਿੰਦੂ ਸ਼ਾਸਕਾਂ ਦੇ ਹਰ ਹਵਾਲੇ ਨੂੰ ਪੂਰੀ ਤਰ੍ਹਾਂ ਹਟਾ ਦਿੱਤਾ ਹੈ। ਮੁਸਲਿਮ ਫਿਰਕਾਪ੍ਰਸਤੀ ਨੇ ਹਿੰਦੂਆਂ ਵਿਰੁੱਧ ਜੋ ਨ.ਫਰਤ ਫੈਲਾਈ ਸੀ, ਉਹ ਉਦੋਂ ਸਿਖਰ 'ਤੇ ਪਹੁੰਚ ਗਈ ਜਦੋਂ ਉਨ੍ਹਾਂ ਸਕੂਲੀ ਪਾਠਾਂ 'ਚੋਂ ਹਿੰਦੂ ਰਾਜਿਆਂ ਤੇ ਸੱਭਿਆਚਾਰ ਦੇ ਸਾਰੇ ਹਵਾਲੇ ਹਟਾ ਦਿੱਤੇ। ਇਕ ਤਰ੍ਹਾਂ ਨਾਲ ਭਾਰਤ ਵੀ ਪਿਛਲੇ 3 ਦਹਾਕਿਆਂ ਤੋਂ ਪਾਕਿਸਤਾਨ ਦੇ ਨਕਸ਼ਿਆਂ 'ਤੇ ਹੀ ਚੱਲ ਰਿਹਾ ਹੈ। ਇਸ ਨੁਕਤੇ ਨੂੰ ਪਾਕਿਸਤਾਨ ਦੀ ਕਵਿੱਤਰੀ ਫਹਮੀਦਾ ਰਿਆਜ਼ ਨੇ ਉਜਾਗਰ ਕੀਤਾ ਸੀ। ਉਸ ਨੇ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਲਿਖਿਆ ਸੀ ਕਿ ਤੁਸੀਂ ਵੀ ਸਾਡੇ ਵਰਗੇ ਹੀ ਨਿਕਲੇ। ਭਾਰਤੀ ਸਿੱਖਿਆ 'ਤੇ ਹਿੰਦੂਤਵੀ ਵਿਚਾਰਧਾਰਾ ਦੀ ਪੂਰੀ ਤਰ੍ਹਾਂ ਪਕੜ ਕਾਇਮ ਹੋਣ ਤੋਂ ਪਹਿਲਾਂ ਆਰ.ਐਸ.ਐਸ. ਦੀਆਂ ਸ਼ਾਖਾਵਾਂ ਆਪਣੇ ਸ਼ਾਖਾਬੁੱਧੀ, ਏਕਲ ਵਿਦਿਆਲਿਆ, ਸ਼ਿਸ਼ੂ ਮੰਦਰਾਂ ਵਰਗੇ ਕਈ ਤੰਤਰਾਂ ਰਾਹੀਂ ਸਮਾਜ ਅੰਦਰ ਫਿਰਕੂਪੁਣੇ ਨੂੰ ਫੈਲਾ ਰਹੀਆਂ ਸਨ। ਸਮੇਂ ਦੇ ਨਾਲ ਮੁੱਖ ਧਾਰਾ ਦਾ ਮੀਡੀਆ ਤੇ ਸੋਸ਼ਲ ਮੀਡੀਆ ਵੀ ਇਨ੍ਹਾਂ ਦੀ ਸੇਵਾ ਵਿਚ ਆ ਗਏ ਹਨ। ਸੱਭਿਆਚਾਰ ਇਕ ਨਿਰੰਤਰ ਵਿਕਾਸਸ਼ੀਲ ਪ੍ਰਕਿਰਿਆ ਹੈ। ਹਿੰਦੂਤਵ ਦੇ ਪ੍ਰਭਾਵ ਵਾਲੇ ਇਤਿਹਾਸ ਦੇ ਸਮੇਂ ਦੌਰਾਨ ਬਹੁਤ ਸਾਰੀਆਂ ਸਮਾਜਿਕ ਤਬਦੀਲੀਆਂ ਆਈਆਂ ਹਨ। ਭਵਨ ਨਿਰਮਾਣ ਕਲਾ, ਖਾਣ-ਪੀਣ ਦੀਆਂ ਆਦਤਾਂ, ਪਹਿਰਾਵੇ ਤੇ ਸਾਹਿਤ ਤੋਂ ਇਲਾਵਾ ਧਰਮ ਦੇ ਖੇਤਰ 'ਚ ਏਕੀਕਰਨ ਤੋਂ ਇਲਾਵਾ, ਭਗਤੀ ਤੇ ਸੂਫ਼ੀ ਪਰੰਪਰਾ ਜਿਹੀਆਂ ਮਹਾਨ ਪਰੰਪਰਾਵਾਂ ਦਾ ਵਿਕਾਸ ਵੀ ਹੋਇਆ। ਇਸੇ ਸਮੇਂ ਸਿੱਖ ਧਰਮ ਹੋਂਦ 'ਚ ਆਇਆ ਤੇ ਪ੍ਰਫੁੱਲਿਤ ਹੋਇਆ। ਹੁਣ ਇਸ ਰਾਜਨੀਤਕ ਵਿਚਾਰਧਾਰਾ ਨੂੰ ਆਪਣਾ ਰਸਤਾ ਬਦਲਣਾ ਪੈ ਸਕਦਾ ਹੈ। ਮੁਸਲਿਮ ਸ਼ਾਸਕਾਂ ਦੇ ਚਲੇ ਜਾਣ ਤੋਂ ਬਾਅਦ ਹੁਣ ਉਹ ਮੁਸਲਮਾਨਾਂ ਨੂੰ ਕਿਵੇਂ ਬਦਨਾਮ ਕਰਨਗੇ? ਔਰੰਗਜ਼ੇਬ ਜਾਂ ਬਾਬਰ ਹੁਣ ਖਤਮ ਹੋ ਜਾਣਗੇ, ਕਿਉਂਕਿ ਉਨ੍ਹਾਂ ਦੀ ਥਾਂ ਲੈਣ ਲਈ ਨਵੀਆਂ ਤਕਨੀਕਾਂ ਆ ਸਕਦੀਆਂ ਹਨ।*

*ਰਾਸ਼ਟਰਵਾਦ ਦੀ ਧਾਰਨਾ ਲਈ ਇਤਿਹਾਸ ਬਹੁਤ ਮਹੱਤਵਪੂਰਨ ਹੈ। 1998 ਵਿਚ ਐਨ.ਡੀ.ਏ. ਦੇ ਰੂਪ 'ਚ ਭਾਜਪਾ ਜਦੋਂ ਤੋਂ ਸੱਤਾ 'ਚ ਆਈ ਹੈ, ਉਨ੍ਹਾਂ ਵਲੋਂ ਸਭ ਤੋਂ ਵੱਡਾ ਕੀਤਾ ਗਿਆ ਕੰਮ 'ਸਿੱਖਿਆ ਦਾ ਭਗਵਾਂਕਰਨ' ਹੈ। ਇੱਥੇ ਇਤਿਹਾਸ ਨੂੰ ਸ਼ਾਨਦਾਰ ਤੇ ਬਹਾਦਰ ਹਿੰਦੂ ਰਾਜਿਆਂ ਬਨਾਮ ਦੁਸ਼ਟ ਤੇ ਹਮਲਾਵਰ ਮੁਸਲਿਮ ਰਾਜਿਆਂ ਦੀ ਕਹਾਣੀ ਦੇ ਰੂਪ 'ਚ ਪੇਸ਼ ਕੀਤਾ ਗਿਆ ਹੈ। ਦੋਸ਼ ਇਹ ਲਗਾਇਆ ਗਿਆ ਹੈ ਕਿ ਹੁਣ ਤੱਕ ਇਤਿਹਾਸ ਖੱਬੇ ਪੱਖੀ ਇਤਿਹਾਸਕਾਰਾਂ ਦੁਆਰਾ ਲਿਖਿਆ ਗਿਆ ਹੈ, ਜੋ ਦਿੱਲੀ ਦੇ ਸ਼ਾਸਕਾਂ 'ਤੇ ਕੇਂਦ੍ਰਿਤ ਅਤੇ ਮੁਸਲਿਮ ਪੱਖੀ ਸਨ। ਨੁਕਤਾ ਇਹ ਹੈ ਕਿ ਪਾਠ ਪੁਸਤਕਾਂ ਵਿਚ ਖ਼ਾਸ ਰਾਜਵੰਸ਼ਾਂ ਦੇ ਵੇਰਵੇ ਉਨ੍ਹਾਂ ਦੇ ਸ਼ਾਸਨ ਦੀ ਇਤਿਹਾਸਕ ਮਿਆਦ ਦੇ ਆਧਾਰ 'ਤੇ ਹੀ ਪੇਸ਼ ਕੀਤੇ ਗਏ ਸਨ। 1980 ਦੇ ਦਹਾਕੇ ਦੌਰਾਨ ਇਤਿਹਾਸ ਦੀਆਂ ਕਿਤਾਬਾਂ ਵਿਚ ਹਿੰਦੂ ਤੇ ਮੁਸਲਿਮ ਰਾਜਿਆਂ ਬਾਰੇ ਚੰਗੀ ਜਾਣਕਾਰੀ ਹੁੰਦੀ ਸੀ। ਬਿਰਤਾਂਤ ਸਿਰਫ਼ ਧਰਮ ਦੇ ਆਲੇ-ਦੁਆਲੇ ਨਹੀਂ ਘੁੰਮਦਾ ਸੀ, ਸਗੋਂ ਭਾਈਚਾਰਿਆਂ ਦੇ ਵਪਾਰ, ਸੱਭਿਆਚਾਰ, ਸਾਹਿਤ ਆਦਿ ਬਾਰੇ ਸੰਪੂਰਨ ਦ੍ਰਿਸ਼ਟੀਕੋਣ ਪੇਸ਼ ਕੀਤਾ ਗਿਆ ਸੀ। ਫਿਰ ਵੀ ਇਹ ਸੱਚ ਹੈ ਕਿ ਸ਼ਾਸਕ 'ਰਾਜਾ ਕੇਂਤ ਇਤਿਹਾਸ' ਉਹ ਨਹੀਂ ਹੈ, ਜਿਸ ਦੀ ਸਾਨੂੰ ਆਪਣਾ ਭਵਿੱਖ ਬਣਾਉਣ ਲਈ ਲੋੜ ਹੈ। ਸਾਨੂੰ ਸਮਾਜ ਦੇ ਵਿਭਿੰਨ ਵਰਗਾਂ ਦਲਿਤਾਂ, ਔਰਤਾਂ, ਆਦਿਵਾਸੀਆਂ ਤੇ ਕਾਰੀਗਰਾਂ 'ਤੇ ਧਿਆਨ ਕੇਂਦ੍ਰਿਤ ਕਰਨ ਦੀ ਲੋੜ ਹੈ, ਜਿਨ੍ਹਾਂ ਨੂੰ ਅਜਿਹੀਆਂ ਕਹਾਣੀਆਂ 'ਚ ਬਹੁਤੀ ਜਗ੍ਹਾ ਨਹੀਂ ਮਿਲਦੀ।*

*ਬੱਚਿਆਂ ਨੂੰ ਇਤਿਹਾਸ ਦੀ ਸਹੀ ਅਤੇ ਸੰਤੁਲਿਤ ਜਾਣਕਾਰੀ ਦੇਣ ਨਾਲ ਹੀ ਉਹ ਚੰਗੇ ਜਮਹੂਰੀ ਚਰਿੱਤਰ ਵਾਲੇ ਸ਼ਹਿਰੀ ਬਣ ਸਕਣਗੇ। ਸਿੱਖਿਆ ਜਮਹੂਰੀਅਤ ਅਤੇ ਰਾਸ਼ਟਰਵਾਦ ਦੇ ਭਾਰਤੀ ਸੰਕਲਪਾਂ ਉੱਤੇ ਹੀ ਕੇਂਦਰਿਤ ਹੋਣੀ ਚਾਹੀਦੀ ਹੈ। ਨਿਸ਼ਚੇ ਹੀ ਇਹ ਸੰਕਲਪ ਸਰਬੱਤ ਦੇ ਭਲੇ ਵਾਲਾ ਅਤੇ ਸਰਬ ਧਰਮ ਸਨਮਾਨ ਵਾਲਾ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪੁਆੜੇ ਭਰਦਾਨਗੀ ਦੇ!

*ਚਾਹਤ ਚਿੰਬੜੀ ਐਸੀ ਭਰਦਾਨਗੀ ਦੀ ਹਾਸੋ-ਹੀਣਾ ਹੀ ਹਾਲ ਬਣਾਇ ਦਿੱਤਾ।*
*ਬੌਣੀ ਸੋਚ 'ਥੋਪੀ' ਵੱਡੇ ਅਹੁਦਿਆਂ 'ਤੇ ਕਠਪੁਤਲੀਆਂ ਵਾਂਗ 'ਨਚਾਇ' ਦਿੱਤਾ।*
*'ਕੁਰਸੀ ਭੁੱਖ' ਨੇ ਮਾਰ'ਤੀ ਮੱਤਿ ਐਸੀ ਪਾਟੋ-ਧਾੜ ਵੱਲ ਪੰਥ ਵਧਾਇ ਦਿੱਤਾ।*
*ਨਹੀਂ ਕਦੇ ਇਤਹਾਸ ਵਿਚ ਦੇਖਿਆ ਜੋ ਐਸਾ 'ਚੰਦਰਾ ਸਮਾਂ' ਦਿਖਾਇ ਦਿੱਤਾ।*
*ਕੌਮ ਸੀਸ ਝੁਕਾਉਂਦੀ ਹੈ ਜਿਨ੍ਹਾਂ ਮੋਹਰੇ ਸ਼ਰਧਾ ਅਤੇ ਸਤਿਕਾਰ ਘਟਾਇ ਦਿੱਤਾ।*
*ਤਖਤ ਸਾਹਿਬ ਤੇ ਪੰਜਾਂ ਪਿਆਰਿਆਂ ਨੂੰ ਇਕ ਦੂਜੇ ਦੇ ਨਾਲ 'ਟਕਰਾਇ' ਦਿੱਤਾ!*

# ਗੰਭੀਰ ਹੁੰਦੀ ਜਾ ਰਹੀ ਪਾਣੀਆਂ ਲਈ ਜੰਗ

ਭਾਰਤ-ਪਾਕਿਸਤਾਨ ਦੀ '25 ਦੀ ਜੰਗ ਅਤੇ ਆਪਸੀ ਵਿਗੜੇ ਰਿਸ਼ਤਿਆਂ ਦੇ ਫਲਸਰੂਪ ਭਾਰਤ ਨੇ ਸਿੰਧੂ ਸਮਝੌਤਾ ਰੱਦ ਕਰ ਦਿੱਤਾ। ਸਿੰਧੂ ਨਦੀ ਦਾ ਪਾਕਿਸਤਾਨ ਵੱਲ ਜਾਂਦਾ ਪਾਣੀ ਰੋਕ ਦਿੱਤਾ ਹੈ?

ਪਾਣੀਆਂ ਦੇ ਪੰਜਾਬ, ਹਰਿਆਣਾ ਦਰਮਿਆਨ ਹੋਏ ਸਮਝੌਤਿਆਂ ਦੀ ਉਲੰਘਣਾ ਦੇ ਚਲਦਿਆਂ ਪੰਜਾਬ ਨੇ ਹਰਿਆਣਾ ਨੂੰ ਭਾਖੜਾ-ਨੰਗਲ ਡੈਮ 'ਤੋਂ ਹਰਿਆਣਾ ਲਈ ਮਨਜ਼ੂਰ ਕੀਤੇ ਕੋਟੇ ਤੋਂ ਵੱਧ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਭਾਖੜਾ-ਨੰਗਲ ਡੈਮ ਪ੍ਰਬੰਧਨ ਦੇ ਮਾਮਲੇ 'ਚ ਪੰਜਾਬ ਤੇ ਕੇਂਦਰ ਹੁਣ ਇੱਟ-ਖੜਿੱਕੇ 'ਚ ਹਨ। ਪੰਜਾਬ 'ਚ ਸਰਕਾਰ ਆਮ ਆਦਮੀ ਪਾਰਟੀ ਦੀ ਹੈ ਜਦਕਿ ਹਰਿਆਣਾ ਤੇ ਕੇਂਦਰ 'ਚ ਭਾਜਪਾ ਦੀ। ਪੰਜਾਬ ਨਾਲ ਪਾਣੀਆਂ ਦੇ ਮਾਮਲੇ 'ਚ ਹੋ ਰਹੇ ਵਿਤਕਰਿਆਂ ਸੰਬੰਧੀ ਸਿਆਸੀ ਲੜਾਈ ਤੇਜ਼ ਹੋ ਚੁੱਕੀ ਹੈ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ 'ਤੇ ਪਾਣੀ ਵਿਵਾਦ ਮੁੱਦੇ, ਪਾਣੀ ਦੀ ਉਪਲਬੱਧਤਾ ਅਤੇ ਵੰਡ ਬਾਰੇ ਵੱਡੇ ਪ੍ਰਸ਼ਨ ਖੜੇ ਕਰ ਰਹੇ ਹਨ। ਆ'' ਵੇਖੀਏ ਵਿਸ਼ਵ ਪੱਧਰ 'ਤੇ ਪਾਣੀਆਂ ਦੇ ਹਾਲਾਤ ਕਿਹੋ ਜਿਹੇ ਬਣਦੇ ਜਾਂ ਰਹੇ ਹਨ। ਸਿੰਧੂ, ਗੰਗਾ, ਬ੍ਰਹਮਪੁੱਤਰ ਤੋਂ ਬਿਨਾ ਦਸ ਪ੍ਰਮੁੱਖ ਏਸ਼ੀਆਈ ਨਦੀ ਪ੍ਰਣਾਲੀਆਂ ਹਿੰਦੂਕੁਸ਼ ਹਿਮਾਲਾ 'ਤੋਂ ਹੀ ਨਿਕਲਦੀਆਂ ਹਨ। ਇਨ੍ਹਾਂ ਦਾ ਫੈਲਾਅ ਅੱਠ ਦੇਸ਼ਾਂ ਤੱਕ ਹੈ। ਜਿਨ੍ਹਾਂ ਵਿਚ ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਭੂਟਾਨ, ਬੰਗਲਾ ਦੇਸ਼, ਚੀਨ, ਨੇਪਾਲ ਅਤੇ ਮੀਆਂਮਾਰ ਸ਼ਾਮਲ ਹਨ। ਇਨ੍ਹਾਂ ਖੇਤਰਾਂ ਲਈ ਅਸਲ ਵਿਚ ਇਹ ਜੀਵਨ ਰੇਖਾ ਹੈ।

ਲੇਕਿਨ ਹੁਣੇ ਜਿਹੇ ਇੱਕ ਰਿਪੋਰਟ ਛਪੀ ਹੈ ਕਿ ਹਿੰਦੂਕੁਸ਼ ਹਿਮਾਲਾ ਦੀ ਬਰਫ਼ ਦੀਆਂ ਪਰਤਾਂ ਵਿਚ ਜ਼ਬਰਦਸਤ ਘਾਟ ਦੇਖਣ ਨੂੰ ਮਿਲੀ ਹੈ। ਕਿਧਰੇ-ਕਿਧਰੇ ਤਾਂ ਇਹ ਲਗਭਗ 50 ਫ਼ੀਸਦੀ ਤੋਂ ਵੀ ਜ਼ਿਆਦਾ ਹੈ। ਅਸਲੀਅਤ ਵਿਚ ਇਹ ਗੰਭੀਰ ਅਤੇ ਚਿੰਤਾਜਨਕ ਹਾਲਾਤ ਹਨ।

ਲਗਾਤਾਰ ਤਿੰਨ ਵਰ੍ਹਿਆਂ ਤੋਂ ਜਾਰੀ ਇਹ ਸਥਿਤੀ ਕੁਦਰਤ ਪੱਖੀ ਨਹੀਂ ਕਹੀ ਜਾ ਸਕਦੀ। ਕੁਦਰਤੀ ਰੂਪ ਚ ਬਰਫ਼ ਪਿਗਲਣ ਨਾਲ ਗਰਮ ਮਹੀਨਿਆਂ ਦੌਰਾਨ ਨਦੀਆਂ ਦਾ ਨਿਰੰਤਰ ਪਾਣੀ ਦਾ ਪ੍ਰਵਾਹ ਬਣਿਆ ਰਹਿੰਦਾ ਹੈ। ਹਾਲਾਂਕਿ ਬਰਫ਼ ਦਾ ਬਣਨਾ ਅਤਿਅੰਤ ਜ਼ਰੂਰੀ ਹੈ। ਬਰਫ਼ਬਾਰੀ ਪਿਛਲੇ 25 ਵਰ੍ਹਿਆਂ ਤੋਂ ਘੱਟ ਹੋ ਰਹੀ ਹੈ, ਜੋ ਦੁਨੀਆਂ ਦੇ ਖੇਤਰਫਲ ਅਤੇ ਜਨਸੰਖਿਆ 'ਚ ਸਭ ਤੋਂ ਵੱਡੇ ਏਸ਼ੀਆਈ ਮਹਾਂਦੀਪ, ਜਿਸ ਦੀ ਕੁੱਲ ਜਨਸੰਖਿਆ 470 ਕਰੋੜ ਹੈ, ਲਈ ਇੱਕ ਗੰਭੀਰ ਚੇਤਾਵਨੀ ਦੇ ਰੂਪ ਵਿਚ ਸਾਹਮਣੇ ਆ ਰਹੀ ਹੈ। ਇਹ ਏਸ਼ੀਆ ਦੇ 49 ਦੇਸ਼ਾਂ, ਜਿਨ੍ਹਾਂ ਦੇ ਕੋਲ ਆਬਾਦੀ ਦੁਨੀਆਂ ਦੀ ਆਬਾਦੀ ਦਾ 60 ਫ਼ੀਸਦੀ ਹੈ, ਲਈ ਭਵਿੱਖ ਚ ਵੱਡੀ ਚਿੰਤਾ ਅਤੇ ਚੁਣੌਤੀ ਬਣੇਗੀ।

ਖੇਤਰਫਲ ਅਤੇ ਜਨਸੰਖਿਆ ਦੀ ਦ੍ਰਿਸ਼ਟੀ ਤੋਂ ਹਿੰਦੂਕੁਸ਼ ਹਿਮਾਲਾ ਪਰਬਤ ਸਮੂਹ ਖੇਤਰ ਅੱਠ ਦੇਸ਼ਾਂ ਵਿਚ ਲਗਭਗ 40 ਲੱਖ 30 ਹਜ਼ਾਰ ਵਰਗ ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। ਇਨ੍ਹਾਂ ਦੋ ਅਰਬ ਲੋਕਾਂ ਦੇ ਭੋਜਨ ਪਾਣੀ ਅਤੇ ਬਿਜਲੀ ਦੀ ਸੁਰੱਖਿਆ ਦੇ ਨਾਲ ਨਾਲ ਹਜ਼ਾਰਾਂ-ਲੱਖਾਂ ਜੀਵ-ਜੰਤੂਆਂ ਦਾ ਰਹਿਣ ਬਸੇਰਾ ਵੀ ਹੈ। ਚਿੰਤਾ ਦੀ ਗੱਲ ਹੈ ਕਿ ਪੌਣ ਪਾਣੀ ਤਬਦੀਲੀ ਦਾ ਭੈੜਾ ਅਸਰ ਪਹਾੜਾਂ ਤੱਕ ਪੁੱਜ ਗਿਆ ਹੈ। ਇਸ ਦੇ ਕਾਰਨ ਹੀ ਤੇਜ਼ੀ ਨਾਲ ਬਰਫ਼ ਪਿਗਲਦੀ ਹੈ। ਪਹਿਲਾਂ ਜਿੱਥੇ ਬਰਫ਼ ਦੀਆਂ ਮੋਟੀਆਂ ਤੈਹਾਂ ਦਿਖਾਈ ਦਿੰਦੀਆਂ, ਹੁਣ ਪਤਲੀਆਂ ਕੱਚ ਵਰਗੀਆਂ ਦਿਖਣ ਲੱਗੀਆਂ ਹਨ। ਇਹ ਤੇਜ਼ੀ ਨਾਲ ਪਿਗਲ ਰਹੀਆਂ ਹਨ। ਆਮ ਤੌਰ 'ਤੇ ਤਾਂ ਬਰਫ਼ ਦੇ ਤੋਦੇ, ਚਟਾਨਾਂ ਹੌਲੀ-ਹੌਲੀ ਪਹਾੜਾਂ ਤੇ ਪਿਗਲਦੀਆਂ ਹਨ। ਚਟਾਨ ਦੀ ਸ਼ਕਲ ਪਾਉਣ ਤੋਂ ਪਹਿਲਾਂ ਬਰਫ਼ ਅਸਲ 'ਚ ਪਾਣੀ ਦੀ ਇੱਕ ਅਵਸਥਾ ਹੁੰਦੀ ਹੈ। ਜਦੋਂ ਪਾਣੀ ਦਾ ਤਾਪਮਾਨ ਮਾਈਨਸ ਡਿਗਰੀ ਜਾਂ ਘੱਟ ਹੁੰਦਾ ਹੈ, ਤਾਂ ਉਹ ਬਰਫ਼ 'ਚ ਬਦਲਦਾ ਹੈ। ਪਰ ਜਦ ਇਹ ਉਚਾਈ ਤੇ ਹੁੰਦਾ, ਤਾਂ ਦਬਾਅ ਘੱਟ ਹੁੰਦਾ ਹੈ। ਮੌਜੂਦਾ ਸਮੇਂ ਮਨੁੱਖ ਦੀਆਂ ਲੋੜਾਂ ਤੋਂ ਵੱਧ ਗਤੀਵਿਧੀਆਂ ਦਾ ਕੁਦਰਤ 'ਤੇ ਭੈੜਾ ਪ੍ਰਭਾਵ ਪੈਂਦਾ ਹੈ।

ਨਿਸ਼ਚਿਤ ਰੂਪ ਚ ਇਹ ਸਥਿਤੀ ਸੁਖਾਵੀਂ ਸਥਿਤੀ ਨਹੀਂ ਹੈ। ਇਸਦੇ ਸਿੱਟੇ ਦੁਨੀਆ ਦੀ ਆਬਾਦੀ ਦੇ ਸਭ ਤੋਂ ਵੱਡੇ ਹਿੱਸੇ ਭਾਰਤ ਵਿਚ ਵੇਖਣ ਨੂੰ ਮਿਲ ਰਹੇ ਹਨ। ਹੜ੍ਹ ਅਤੇ ਤੂਫ਼ਾਨ, ਪੌਣ ਪਾਣੀ ਬਦਲੀ, ਜੰਗਲਾਂ ਦੀ ਕਟਾਈ ਅਤੇ ਧਰਤੀ ਖੋਰੇ ਦੇ ਕਾਰਨ, ਲੱਖਾਂ ਲੋਕਾਂ ਦੀ ਉਜਾੜੇ ਦਾ ਕਾਰਨ ਬਣੇ ਹਨ।

ਪੱਛਮੀ ਬੰਗਾਲ ਚ 24 ਮਈ 2024 ਨੂੰ ਚੱਕਰਵਾਤ 'ਰੇਮਲ' ਕਾਰਨ 2,0,8000 ਲੋਕਾਂ



ਨੂੰ ਘਰੋਂ ਬੇਘਰ ਹੋਣਾ ਪਿਆ। 'ਰੇਮਲ' ਦੇ ਉੱਤਰ ਵੱਲ ਵਧਣ ਕਾਰਨ ਬ੍ਰਹਮਪੁੱਤਰ ਨਦੀ ਅਤੇ ਉਸਦੀਆਂ ਸਹਾਇਕ ਨਦੀਆਂ ਚ ਤੂਫ਼ਾਨ ਆਇਆ, ਜਿਸ ਨਾਲ ਆਸਾਮ ਵਿਚ ਲਗਭਗ 3,38000 ਲੋਕ ਉਜੜ ਗਏ। ਅਸਾਮ ਵਿਚ ਇੱਕ ਦਹਾਕੇ ਦੌਰਾਨ ਭਾਰੀ ਹੜ੍ਹਾਂ ਕਾਰਨ ਸਾਲ 2024 ਵਿਚ 25 ਲੱਖ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ। ਚੱਕਰਵਾਤ 'ਦਾਨਾ' ਨੇ 10 ਲੱਖ ਲੋਕਾਂ ਨੂੰ ਘਰੋਂ ਬੇਘਰ ਕਰ ਦਿੱਤਾ। ਇਹ ਅਸਲ ਅਰਥਾਂ 'ਚੋਂ ਕੁਦਰਤ ਨਾਲ ਖਿਲਵਾੜ ਕਰਨ ਦਾ ਹੀ ਸਿੱਟਾ ਹੈ।

ਬਰਫ਼ ਦਾ ਪਿਗਲਣਾ, ਮਨੁੱਖਾਂ ਹੱਥੋਂ ਕੀਤਾ ਗ਼ੈਰ-ਕੁਦਰਤੀ ਕਾਰਾ ਹੈ, ਜੋ ਮਨੁੱਖ ਨੂੰ ਆਪੇ ਭੁਗਤਣਾ ਪੈ ਰਿਹਾ ਹੈ। ਇਹ ਇਕ ਗੰਭੀਰ ਸਥਿਤੀ ਵੀ ਹੈ, ਕਿਉਂਕਿ ਪਿਗਲਦੀਆਂ ਹਿਮ ਨਦੀਆਂ ਤੋਂ ਨਿਕਲਦੇ ਪਾਣੀ ਉੱਤੇ ਜਨਸੰਖਿਆ, ਬਨਸਪਤੀ, ਪਸ਼ੂ-ਪੰਛੀ ਅਤੇ ਦੂਜੇ ਜੀਵ-ਜੰਤੂ ਨਿਰਭਰ ਹਨ ਅਤੇ ਇਹ ਉਨ੍ਹਾਂ ਦੇ ਜੀਵਨ ਲਈ ਖ਼ਤਰੇ ਦੀ ਘੰਟੀ ਹੈ।

ਗੰਗਾ, ਬ੍ਰਹਮਪੁੱਤਰ ਅਤੇ ਸਿੰਧੂ ਬੇਸਿਨ ਕਈ ਨਦੀਆਂ ਦਾ ਸਰੋਤ ਹੈ। ਇਸ ਨਾਲ ਭਾਰਤ ਦੇ ਕਰੋੜਾਂ ਲੋਕਾਂ ਦੀ ਨਿਰਭਰਤਾ ਹੈ। ਭਾਰਤ ਨੂੰ ਪਾਣੀ ਇਨ੍ਹਾਂ ਬੇਸਿਨਾਂ ਤੋਂ ਮਿਲਦਾ ਹੈ। ਪਰ ਇਨ੍ਹਾਂ ਨਦੀਆਂ ਦੇ ਜਲਦੀ ਸੁੱਕਣ ਨਾਲ ਜੋ ਸੰਕੇਤ ਮਿਲ ਰਹੇ ਹਨ, ਉਹ ਬੇਹੱਦ ਚਿੰਤਾਜਨਕ ਹਨ। ਜੇਕਰ ਨਦੀਆਂ ਸੁੱਕ ਗਈਆਂ ਤਾਂ, ਮਨੁੱਖੀ ਜੀਵਨ ਤਬਾਹੀ ਕੰਢੇ ਹੋਏਗਾ।

ਉਂਝ ਵੀ ਪਾਣੀ ਕਾਰਨ ਦੇਸ਼ਾਂ, ਪ੍ਰਦੇਸਾਂ ਵਿਚ ਲੜਾਈ ਦਾ ਮੈਦਾਨ ਭਖਿਆ ਪਿਆ ਹੈ। ਸਿੰਧੂ ਨਦੀ ਦਾ ਪਾਣੀ ਭਾਰਤ ਨੇ ਬੰਦ ਕਰਨ ਦਾ ਉਦੋਂ ਐਲਾਨ ਕਰ ਦਿੱਤਾ, ਜਦੋਂ ਦੋਹਾਂ ਦੇਸ਼ਾਂ ਚ ਆਪਸੀ ਤਕਰਾਰ ਵਧਿਆ ਅਤੇ ਜੰਗ ਛਿੜ ਪਈ। ਕਿਹਾ ਜਾ ਰਿਹਾ ਹੈ ਕਿ ਦੁਨੀਆਂ ਵਿਚ ਅਗਲੇ ਵਿਸ਼ਵ ਯੁੱਧ ਦਾ ਕਾਰਨ ਪਾਣੀ ਹੋਏਗਾ। ਭਾਰਤ ਦੀਆਂ ਪ੍ਰਮੁੱਖ ਨਦੀਆਂ ਦੋ ਜਾਂ ਤਿੰਨ ਤੋਂ ਜ਼ਿਆਦਾ ਸੂਬਿਆਂ ਦੇ ਪਾਣੀ ਦਾ ਸਰੋਤ ਹਨ, ਕਿਉਂਕਿ ਧਰਤੀ ਹੇਠਲਾ ਪਾਣੀ ਲਗਭਗ ਦੇਸ਼ਾਂ ਦੇ ਬਹੁਤਿਆਂ ਹਿੱਸਿਆਂ 'ਚੋਂ ਧਰਤੀ 'ਚ ਬਹੁਤ ਨੀਵਾਂ ਜਾ ਚੁੱਕਾ ਹੈ, ਕਿਉਂਕਿ ਇਸ ਦੀ ਦੁਰਵਰਤੋਂ ਲਗਾਤਾਰ ਕੀਤੀ ਜਾ ਰਹੀ ਹੈ। ਆਬਾਦੀ ਵਧਣ ਨਾਲ ਪਾਣੀ ਦੀ ਮੰਗ ਵੀ ਵੱਧ ਰਹੀ ਹੈ ਅਤੇ ਇਸੇ ਮੰਗ ਦੇ ਵਧਣ ਕਾਰਨ ਸੂਬਿਆਂ ਚ ਪਾਣੀ ਲਈ ਆਪਸੀ ਤਕਰਾਰ ਡੂੰਘਾ ਅਤੇ ਗੰਭੀਰ ਬਣਦਾ ਜਾ ਰਿਹਾ ਹੈ। ਪੰਜਾਬ ਤੇ ਹਰਿਆਣਾ ਵਿਚਕਾਰ ਪਾਣੀ ਕਾਰਨ ਵੱਡਾ ਕਲੇਸ਼ ਵਧਿਆ ਹੈ। ਸੂਬੇ ਕਾਨੂੰਨੀ ਅਤੇ ਸਿਆਸੀ ਸ਼ਕਤੀ ਦਾ ਦਾਅਵਾ ਕਰਦੇ ਹਨ। ਇਹੋ ਹਾਲ ਅੰਤਰਰਾਸ਼ਟਰੀ ਜਲ ਵਿਵਾਦਾਂ ਦਾ ਹੈ। ਇਹ ਪਾਣੀ ਝਗੜੇ ਲੰਬੇ ਸਮੇਂ ਤੋਂ ਅਣਸੁਲਝੇ ਹਨ। ਅੰਤਰਰਾਜੀ ਜਲ ਵਿਵਾਦਾਂ ਨਾਲ ਨਿਪਟਣ ਲਈ ਘਰੇਲੂ ਕਾਨੂੰਨੀ ਢਾਂਚਾ ਅਤੇ ਪ੍ਰਕਿਰਿਆਵਾਂ ਹੁਣ ਵੀ ਬਹੁਤ ਪੁਰਾਣੀਆਂ ਅਤੇ ਅਵਿਕਸਤ ਹਨ। ਇਹ ਸੂਬਿਆਂ ਦੇ ਆਪਸੀ ਪਾਣੀ ਮਸਲਿਆਂ ਨੂੰ ਹੱਲ ਕਰਨ ਦੇ ਕਾਬਲ ਵੀ ਨਹੀਂ ਹਨ। ਭਾਰਤ ਦੇ ਸੰਘੀ ਸੰਵਿਧਾਨਿਕ ਢਾਂਚੇ ਤਹਿਤ ਪਾਣੀ ਮੋਟੇ ਤੌਰ 'ਤੇ ਰਾਜ ਦਾ ਮਾਮਲਾ ਹੈ, ਜਿਸ ਵਿਚ ਕੇਂਦਰ ਸਰਕਾਰ ਦਾ ਦਖ਼ਲ ਸੀਮਤ ਹੈ ਅਤੇ ਉਸ ਦੀ ਭੂਮਿਕਾ ਸੰਵਿਧਾਨਿਕ ਤੌਰ 'ਤੇ ਪ੍ਰਭਾਸ਼ਿਤ ਹੈ।

ਭਾਰਤ ਵਿਚ ਹਰ ਸੂਬਾ ਕੁਦਰਤੀ ਸੋਮਿਆਂ ਉੱਤੇ ਆਪਣਾ ਹੱਕ ਜਤਾਉਂਦਾ ਹੈ। ਵਿਸ਼ੇਸ਼ ਰੂਪ 'ਤੇ ਪਾਣੀ ਦੇ ਮਸਲੇ 'ਚ ਕਈ ਵਾਰ ਤਾਂ ਇਹ ਵਿਵਾਦ ਪੂਰਨ ਵੀ ਹੋ ਜਾਂਦਾ ਹੈ, ਕਿਉਂਕਿ ਕਈ ਨਦੀਆਂ ਕਈ ਰਾਜਾਂ ਵਿਚ ਹੋ ਕੇ ਵਹਿੰਦੀਆਂ ਹਨ। ਕਈ ਵੇਰ ਇਹ ਵਿਵਾਦ ਰਾਜਨੀਤਿਕ ਰੂਪ ਧਾਰਨ ਕਰਦਾ ਹੈ। ਕੁੜੱਤਣ ਪੈਦਾ ਹੁੰਦੀ ਹੈ।

ਅਸਲੀਅਤ ਇਹ ਹੈ ਕਿ ਭਾਰਤ ਦੀ ਆਬਾਦੀ ਵੱਡੀ ਹੈ, ਲੇਕਿਨ ਪਾਣੀ ਬਹੁਤ ਜ਼ਿਆਦਾ ਨਹੀਂ ਹੈ। ਦੁਨੀਆ ਦੇ ਨਵੀਨੀਕਰਨ ਜਲ ਸੰਸਾਧਨਾਂ ਦਾ ਸਿਰਫ਼ ਚਾਰ ਫ਼ੀਸਦੀ ਅਤੇ ਵਿਸ਼ਵ ਆਬਾਦੀ ਦਾ 18 ਫ਼ੀਸਦੀ ਹੈ। ਕਈ ਵੇਰ ਇਸ ਨੂੰ ਲੈ ਕੇ ਤਨਾਅ ਵੱਧਦਾ ਹੈ। ਕਦੇ-ਕਦੇ ਗੰਭੀਰ ਟਕਰਾਅ ਵਿਚ ਇਹ ਤਨਾਅ ਬਦਲਦਾ ਹੈ। ਸੂਬਿਆਂ ਦੇ ਆਪਸੀ ਰਿਸ਼ਤੇ ਤਣਾਅ ਪੂਰਨ ਹੁੰਦੇ ਹਨ। ਗੱਲ ਵਿਰੋਧ ਪ੍ਰਦਰਸ਼ਨਾਂ ਤੱਕ ਪੁੱਜਦੀ ਹੈ, ਜਿਵੇਂ ਕਿ ਇਨੀਂ ਦਿਨੀ ਹਰਿਆਣਾ ਪੰਜਾਬ ਦਾ ਭਾਖੜਾ ਡੈਮ ਤੋਂ ਛੱਡੇ ਜਾਣ ਵਾਲੇ ਪਾਣੀ ਕਾਰਨ ਟਕਰਾਅ ਹੋ ਰਿਹਾ ਹੈ।

ਆਜ਼ਾਦੀ ਤੋਂ ਬਾਅਦ ਭਾਰਤ ਵਿਚ ਸਿੰਚਾਈ ਅਤੇ ਬਿਜਲੀ ਪੈਦਾ ਕਰਨ ਲਈ ਨਦੀਆਂ ਦੇ ਪਾਣੀਆਂ ਦੀ ਵਰਤੋਂ ਦੀਆਂ ਯੋਜਨਾਵਾਂ ਲਾਗੂ ਹੋਈਆਂ। ਭਾਖੜਾ-ਨੰਗਲ, ਹੀਰਾਕੁੰਡ, ਚੰਬਲ, ਤੁੰਗਭੱਦਰਾ, ਨਾਗਾਰਜੁਨ ਸਾਗਰ ਅਤੇ ਦਮੋਦਰ ਘਾਟੀ ਯੋਜਨਾਵਾਂ ਬਣੀਆਂ। ਇਨ੍ਹਾਂ ਯੋਜਨਾਵਾਂ ਨਾਲ ਇਨ੍ਹਾਂ ਖੇਤਰਾਂ ਦੇ ਵਿਕਾਸ ਚ ਮਦਦ ਮਿਲੀ। ਇਹ ਸਿੰਚਾਈ, ਬਿਜਲੀ ਅਤੇ ਹੜ੍ਹ ਰੋਕਣ ਲਈ ਮਦਦਗਾਰ ਸਾਬਿਤ ਹੋਈਆਂ। ਹਾਲਾਂਕਿ ਕੁਝ ਮਾਮਲਿਆਂ 'ਚ ਇਨ੍ਹਾਂ ਯੋਜਨਾਵਾਂ ਕਾਰਨ ਰਾਜਾਂ ਦੇ ਝਗੜੇ ਪਾਣੀ ਦੀ ਵੰਡ ਲਈ ਪੈਦਾ ਹੋਏ।

ਰਾਵੀ, ਬਿਆਸ, ਨਰਮਦਾ, ਕ੍ਰਿਸ਼ਨਾ, ਕਵੇਰੀ, ਗੋਦਾਵਰੀ, ਪਰਿਆਰ, ਮਹਾਂਦੇਈ, ਨਦੀਆਂ ਦੇ ਪਾਣੀ ਦੀ ਵੰਡ ਲਈ ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ, ਤਾਮਿਲਨਾਡੂ, ਕੇਰਲਾ ਆਦਿ ਸੂਬਿਆਂ ਵਿਚਕਾਰ ਪਾਣੀ-ਵਿਵਾਦ ਹੁੰਦਾ ਰਿਹਾ ਹੈ ਜਾਂ ਹੈ।

ਅੰਤਰਰਾਸ਼ਟਰੀ ਪੱਧਰ 'ਤੇ ਭਾਰਤ-ਪਾਕਿਸਤਾਨ, ਚੀਨ, ਇਜ਼ਰਾਇਲ-ਫਲਸਤੀਨ, ਸੀਰੀਆ, ਤੁਰਕੀ, ਜਾਰਡਨ, ਇਥੋਪੀਆ ਆਦਿ ਦੇਸ਼ਾਂ ਚ ਪਾਣੀ ਕਾਰਨ ਵਿਵਾਦ ਹੈ ਅਤੇ ਇਹ ਵਿਵਾਦ ਜੰਗ ਦਾ ਰੂਪ ਧਾਰਨ ਕਰ ਚੁੱਕਾ ਹੈ।

ਭਾਰਤ ਵਿਚ ਹੀ ਨਹੀਂ ਸਮੁੱਚੀ ਦੁਨੀਆਂ ਵਿਚ ਵੱਡੀ ਗਿਣਤੀ ਸਰਕਾਰਾਂ ਕਾਰਪੋਰੇਟਾਂ ਸੈਕਟਰ ਨਾਲ ਮਿਲ ਕੇ, ਧਰਤੀ ਦੇ ਪੰਜ ਤੱਤਾਂ ਦਾ ਨਾਲ ਖਿਲਵਾੜ ਕਰ ਰਹੀਆਂ ਹਨ। ਪਾਣੀ ਦੀ ਕਮੀ ਪੱਛਮੀ ਏਸ਼ੀਆ ਤੇ ਅਫ਼ਰੀਕਾ ਦੇ ਲੋਕਾਂ ਨੂੰ ਆਪਣੇ ਘਰ-ਬਾਰ ਛੱਡਣ 'ਤੇ ਮਜ਼ਬੂਰ ਕਰ ਰਹੀ ਹੈ। ਪਾਣੀ ਦੀ ਘਾਟ ਕਾਰਨ ਸਥਿਤੀਆਂ ਇਹੋ ਜਿਹੀਆਂ ਬਣ ਰਹੀਆਂ ਹਨ, ਜਿਸ ਬਾਰੇ ਮੈਗਾਸੈਸ ਪੁਰਸਕਾਰ ਵਿਜੇਤਾ ਜਲਪੁਰਸ਼ ਰਜਿੰਦਰ ਸਿੰਘ ਨੇ ਕਿਹਾ ਹੈ ਕਿ "ਜਲ ਸਮੱਸਿਆ" ਤੀਜੇ ਵਿਸ਼ਵ ਯੁੱਧ ਦਾ ਕਾਰਨ ਬਣ ਸਕਦੀ ਹੈ।

20 ਸਦੀ ਤੋਂ ਸ਼ੁਰੂ ਤੇਲ ਲਈ ਯੁੱਧ ਨੇ ਇਤਹਾਸ ਨੂੰ ਵੱਖਰਾ ਆਕਾਰ ਦਿੱਤਾ । 21ਵੀਂ ਸਦੀ ਦੇ ਬਹੁਤ ਸੰਘਰਸ਼ ਪਾਣੀ ਲਈ ਹੋਣਗੇ। 20ਵੀਂ ਸਦੀ 'ਚ ਆਬਾਦੀ ਵਿਸ਼ਵ 'ਚ ਦੋ ਗੁਣਾ ਤੋਂ ਜ਼ਿਆਦਾ ਹੋ ਗਈ ਹੈ ਅਤੇ ਪਾਣੀ ਦੀ ਵਰਤੋਂ ਵੀ ਵਧੀ ਹੈ। ਇਸ ਨਾਲ ਦੁਨੀਆਂ ਭਰ ਦੇ ਸ਼ਹਿਰਾਂ 'ਚ ਪਾਣੀ ਦੀ ਕਮੀ ਹੈ। ਕੈਪਟਾਊਨ ਸ਼ਹਿਰ, ਲੀਮਾਂ ਸ਼ਹਿਰ, ਚੈਨੱਈ ਸ਼ਹਿਰ ਪਾਣੀ ਨੂੰ ਤਰਸੇ ਪਏ ਹਨ।

ਪਾਣੀ ਦੀ ਘਾਟ ਖੇਤਰੀ ਅਸਥਿਰਤਾ ਅਤੇ ਸਮਾਜਿਕ ਅਸ਼ਾਂਤੀ ਦਾ ਕਾਰਨ ਬਣ ਰਹੀ ਹੈ। ਸੰਯੁਕਤ ਰਾਸ਼ਟਰ ਅਤੇ ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਦੁਨੀਆ ਦੀ 40 ਫ਼ੀਸਦੀ ਆਬਾਦੀ ਪ੍ਰਭਾਵਿਤ ਹੋ ਚੁੱਕੀ ਹੈ ਅਤੇ 2030 ਤੱਕ 700 ਮਿਲੀਅਨ ਲੋਕਾਂ ਨੂੰ ਪਾਣੀ ਕਾਰਨ ਆਪਣੇ ਘਰਾਂ ਤੋਂ ਬੇਘਰ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਪਾਣੀ ਮਾਹਿਰਾਂ ਦਾ ਕਹਿਣਾ ਹੈ ਕਿ ਪਾਣੀ ਦੀ ਵਧਦੀ ਕਮੀ ਹਿੰਸਕ ਸੰਘਰਸ਼ਾਂ 'ਚ ਵਾਧਾ ਕਰੇਗੀ, ਕਿਉਂਕਿ ਬੇਈਮਾਨ ਨੇਤਾ, ਸ਼ਕਤੀਸ਼ਾਲੀ ਨਿਗਮ ਅਤੇ ਸ਼ਕਤੀਹੀਣ ਲੋਕ ਘਟਦੀ ਜਲ ਪੂਰਤੀ ਲਈ ਲੜ ਸਕਦੇ ਹਨ। ਪਾਣੀਆਂ ਲਈ ਜੰਗ ਦੁਨੀਆ ਲਈ ਨਵਾਂ ਨਹੀਂ ਹੈ। 2500 ਈਸਾ ਪੂਰਬ ਵਿਚ ਮੇਸੋਮੋਟਾਮਿਆ, 720 ਈਸਾ ਪੂਰਬ ਵਿਚ ਅਸੀਰੀਆ, 101 ਈਸਾ ਪੂਰਬ ਵਿਚ ਚੀਨ ਅਤੇ 48 ਈਸਾ ਪੂਰਬ ਵਿਚ ਮਿਸਰ ਵਿਚ ਇਸਦੇ ਪ੍ਰਕੋਪ ਦੀ ਸ਼ੁਰੂਆਤ ਹੋਈ ਸੀ, ਅੱਜ ਵੀ ਦੁਨੀਆ ਦੇ ਕਈ ਹਿੱਸਿਆਂ 'ਚ ਪਾਣੀ ਲਈ ਸੰਘਰਸ਼ ਜਾਰੀ ਹੈ। ਕਿਧਰੇ ਕਿਸੇ ਦੇਸ਼ ਦੇ ਸੂਬਿਆਂ 'ਚ ਆਪਸ ਵਿਚ ਅਤੇ ਕਿਧਰੇ ਕਿਸੇ ਇੱਕ ਦੇਸ਼ ਦਾ ਦੂਜੇ ਦੇਸ਼ ਨਾਲ।



ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ
ਸ਼ਿਕਾਗੋ ਕਬੱਡੀ ਕੱਪ ਤੇ ਵਾਲੀਬਾਲ ਮੁਕਾਬਲੇ
31 ਮਈ 2025
ਸਥਾਨ: ਬਸੀ ਵੁੱਡਜ਼, ਐਲਕ ਗਰੋਵ ਵਿਲੇਜ
ਵਿਛੜੀਆਂ ਰੂਹਾਂ
ਲਖਵਿੰਦਰ ਬਿਹਾਰੀਪੁਰੀਆ
ਗੁਰਪ੍ਰੀਤ ਤੂਰ
ਹਰਦੀਪ ਸਿੰਘ
ਵਾਲੀਬਾਲ ਦਾ ਪਹਿਲਾ ਇਨਾਮ ਢੀਂਡਸਾ ਪਰਿਵਾਰ ਅਤੇ ਦੂਜਾ ਇਨਾਮ ਸਮਰਾ ਪਰਿਵਾਰ ਵਲੋਂ
ਸਵ. ਮਿਹਰ ਸਿੰਘ ਢੀਂਡਸਾ
ਮੇਲੇ ਦੇ ਰੂਹ-ਏ-ਰਵਾਂ
ਹਰਦੀਪ ਸਿੰਘ ਭੱਟੀ (ਸਾਬਕਾ ਚੇਅਰਮੈਨ)
ਭੁਪਿੰਦਰ ਸਿੰਘ ਧਾਲੀਵਾਲ
ਸੁਖਵਿੰਦਰ ਸਿੰਘ ਘੱਗਰ
ਦੀਦਾਰ ਸਿੰਘ ਧਨੋਆ
ਰਣਬੀਰ ਸਿੰਘ ਧਾਲੀਵਾਲ
ਸੋਹਣ ਸਿੰਘ ਗਿੱਲ
ਨੋਨਾ ਗਰੇਵਾਲ
ਗੁਰਚਰਨ ਸਿੰਘ ਝੱਜ
ਜੈਦੇਵ ਸਿੰਘ ਭੱਠਲ
ਲਵ ਮਿਨਹਾਸ
ਗੁਰਿੰਦਰਜੀਤ ਸਿੰਘ ਗਰੇਵਾਲ
ਬਲਦੇਵ ਸਿੰਘ ਗਿੱਲ
Sharan Kaur CEO,
Singh Financing
Ph: 832-604-6905
F 800-886-4082
SINGH FINANCING
www.singhfinancing.com
10206 Fairbanks N. Houston Rd.Houston, TX 77064
Invoice Factoring Services
ਮੁੱਖ ਮਹਿਮਾਨ
ਢੀਂਡਸਾ ਬਰਦਰਜ਼
ਚੇਅਰਮੈਨ
ਬੱਬੂ ਐਪਲਟਨ
ਖੁੱਲ੍ਹਾ ਅਖਾੜਾ
ਜਿੰਦਰ ਬੈਨੀਪਾਲ ਸਾਬਕਾ ਪ੍ਰਧਾਨ
ਕਾਬਲ ਸਿੰਘ ਭੁੱਲਰ ਸਾਬਕਾ ਪ੍ਰਧਾਨ
ਬਲਜੀਤ ਟਿਵਾਣਾ ਸਾਬਕਾ ਪ੍ਰਧਾਨ
ਦੀਪਇੰਦਰ ਵਿਰਕ ਸਾਬਕਾ ਪ੍ਰਧਾਨ
ਹਨੀ ਖੰਗੂੜਾ ਸਾਬਕਾ ਪ੍ਰਧਾਨ
Deepak Dhillon
R Nait
Amar Sehmbi
Preet Thind
ਪੰਜਾਬ ਦੇ ਮਸ਼ਹੂਰ ਗਾਇਕ ਕਰਨਗੇ ਦਰਸ਼ਕਾਂ ਦਾ ਮਨੋਰੰਜਨ
ਕਮਲਜੀਤ ਘੁਮਾਣ ਪ੍ਰਧਾਨ
ਪਿੰਦੀ ਛੀਨਾ ਮੀਤ ਪ੍ਰਧਾਨ
ਕਲੱਬ ਮੈਂਬਰ
ਜਿੰਦੀ ਖੰਗੂੜਾ
ਜਸਵਿੰਦਰ ਗਿੱਲ
ਜੱਸੀ ਸਹੋਤਾ
ਗਗਨ ਬਾਜਵਾ
ਗੋਲਡੀ ਲਾਲੀ
ਹਰਜਿੰਦਰ ਸਮਰਾ
ਸੁਖਰਾਜ ਸਿੰਘ ਤੱਖਰ
ਵਿੱਕੀ ਸ਼ੰਮੀਪੁਰੀਆ
ਹਰਪ੍ਰੀਤ ਗਿੱਲ
ਸ਼ੇਰਾ ਖਾਂਬੜਾ
ਪਾਲੀ ਧਾਲੀਵਾਲ
ਮਿੰਦਰ ਭੱਠਲ
ਜਗਜੀਤ ਨਾਹਲ
ਸੁਖਦੀਪ ਸਿੰਘ
ਜਸਪ੍ਰੀਤ ਮਠਾੜੂ
ਸੋਨੂੰ ਸਹੋਤਾ
ਨੰਨਾ ਸਹੋਤਾ
ਓਂਕਾਰ ਸਹੋਤਾ
ਜਗਦੀਸ਼ ਸੰਧੂ
ਹਰਬੰਤ ਗਰੇਵਾਲ
ਸੁਖਵੀਰ ਉੱਪਲ
ਅਜੇ ਕੁਮਾਰ
ਮਨਜੀਤ ਸਿੰਘ
ਮਨਮੋਹਨ ਸਿੰਘ ਭੱਠਲ
ਸੁਰਿੰਦਰ ਭੱਟੀ
ਹਰਕਮਲਦੀਪ ਸਿੰਘ
ਗੁਰਜੀਤ ਸੰਧੂ
ਪਰਮਿੰਦਰ ਸਿੰਘ
ਇੰਦਰਜੀਤ ਸਿੰਘ
ਲੱਖਾ ਦਾਖਾ
ਗੁਰਪਾਲ ਸੰਧੂ
ਜੋਤੀ ਸਹੋਤਾ
ਸੁਰਜੀਤ ਸਿੰਘ ਡੀ ਸੀ
ਬੰਟੀ ਕਨੋਸ਼ਾ
ਯਾਦਵਿੰਦਰ ਗਿੱਲ
ਨਵਜੋਤ ਸਿੰਘ
ਜਗਦੀਪ ਬਰਿਆਣਾ
ਮਨਦੀਪ ਨਿੱਝਰ
ਗੋਗਾ ਘੁਮਾਣ
ਯਾਦਵਿੰਦਰ ਗਿੱਲ
ਦੀਪਾ ਹੀਰ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਵਿੱਕੀ ਸ਼ੰਮੀਪੁਰੀਆ 215-917-9885
ਬਲਜੀਤ ਟਿਵਾਣਾ 773-469-9384
ਜਤਿੰਦਰ ਖੰਗੂੜਾ 224-381-2830
ਜਿੰਦੀ ਖੰਗੂੜਾ 847-529-1464
ਜਗਜੀਤ ਨਾਹਲ 224-678-4900
ਓਂਕਾਰ ਸਹੋਤਾ 708-745-1815
ਕਾਬਲ ਸਿੰਘ ਭੁੱਲਰ 847-732-9813
ਜੱਸੀ ਗਿੱਲ 773-759-0433
ਲੱਖਾ ਬਿਹਾਰੀਪੁਰ 630-706-0925

## ਕਬੱਡੀ ਦਾ ਪਹਿਲਾ ਇਨਾਮ



ਕਬੱਡੀ ਦਾ ਪਹਿਲਾ ਇਨਾਮ ਸਵ. ਸਰਪੰਚ ਇੰਦਰ ਸਿੰਘ ਦੀ ਯਾਦ ਵਿਚ ਖਾਸਰੀਆ ਪਰਿਵਾਰ ਵਲੋਂ:-



ਹਰਜਿੰਦਰ ਸਿੰਘ ਜਿੰਦੀ | ਅਰਵਿੰਦਰ ਸਿੰਘ ਬੂਟਾ | ਭੁਪਿੰਦਰ ਸਿੰਘ ਟਿੰਕਾ

## ਕਬੱਡੀ ਦੇ ਦੂਜੇ ਇਨਾਮ ਦੇ ਸਪਾਂਸਰ



ਗੁਰਸਾਹਿਬ ਸਿੰਘ ਤੂਰ | ਗੁਰਦੀਪ ਤੂਰ | ਗੈਰੀ ਤੂਰ | ਸਤੀਸ਼ ਭਾਰਦਵਾਜ | ਸਤਪਾਲ ਬੈਂਸ | ਕੁਲਜੀਤ ਗਿਲਜੀਆਂ | ਗੁਰਬਾਜ ਤੂਰ | ਹਰਜਿੰਦਰ ਤੂਰ | ਗੁਰਪ੍ਰੀਤ ਬਰਾੜ

## ਵਿਸ਼ੇਸ਼ ਮਹਿਮਾਨ



ਸੰਦੀਪ ਸਹੋਤਾ | ਏ ਜੇ ਸੰਧੂ | ਕੁਲਵੰਤ ਢਿੱਲੋਂ | ਖੜਕ ਸਿੰਘ | ਕੁਮਾਰ | ਬੀ ਸੀ ਟਰੱਕਿੰਗ



ਭੁਪਿੰਦਰ ਸਿੰਘ ਸੋਢੀ | ਬਲਵਿੰਦਰ ਸਿੰਘ | ਚਰਨ ਸਿੰਘ ਛੀਨਾ | ਚਰਨਜੀਤ ਸਿੰਘ | ਹਰਜਿੰਦਰ ਚਾਹਲ | ਕਸ਼ਮੀਰ ਸਿੰਘ




ਜਰਨੈਲ ਸਿੰਘ ਮਿਆਣੀ | ਸਤਪਾਲ ਸੱਤਾ | ਰਣਦੀਪ ਪਾਲ ਰਿੰਕੂ | ਜੱਗੀ ਸਿੰਘ ਘੋਤੜਾ | ਪਰਮਿੰਦਰ ਗੋਲਡੀ | ਅਵਤਾਰ ਸਿੰਘ

## ਕਬੱਡੀ ਦੇ ਤੀਜੇ ਇਨਾਮ ਦੇ ਸਪਾਂਸਰ



ਜਸਪਾਲ ਅਟਵਾਲ | ਜਸਵਿੰਦਰ | ਸੰਨੀ ਸ਼ੇਰਗਿੱਲ | ਪਵਨ ਬੱਲ | ਸੁਖੀ ਟੁੱਟ



ਹਰਿੰਦਰ ਸੰਧੂ | ਮਨਜੀਤ ਮੱਟੂ | ਲਾਡੀ ਬਡਿਆਲ | ਜੱਸੀ ਗਿੱਲ | ਮੰਗਾ ਮੱਟੂ

## ਕਬੱਡੀ ਦੇ ਚੌਥੇ ਇਨਾਮ ਦੇ ਸਪਾਂਸਰ







ਬੈਸਟ ਰੇਡਰ ਤੇ ਸਟਾਪਰ ਦਾ ਇਨਾਮ ਸਵ. ਫੁੰਮਣ ਸਿੰਘ ਅਤੇ ਸਵ. ਹਰਭਜਨ ਸਿੰਘ ਟਿਵਾਣਾ ਦੀ ਯਾਦ ਵਿਚ ਟਿਵਾਣਾ ਪਰਿਵਾਰ ਵਲੋਂ

## ਗੈਸਟ ਆਫ ਆਨਰਜ਼



ਰਾਜ ਪੰਮਾ | ਰਣਜੀਤ ਸਿੰਘ | ਲੱਕੀ | ਸਨੀ ਗਿੱਲ | ਜਸਵਿੰਦਰ ਪੁਰੇਵਾਲ | ਗੁਰਮਿੰਦਰ ਪੱਡਾ | ਬਿਕਰਮਜੀਤ ਸਿੰਘ ਸੇਖੋਂ | ਜਸਜੀਤ ਸਿੰਘ ਸਿੱਧੂ | ਲਾਲੀ ਸਿੱਧੂ | ਨਛੱਤਰ ਸਿੰਘ | ਗੁਰਦੇਵ ਸਿੰਘ ਜੌੜਾ | ਬਲਜਿੰਦਰ ਢਿੱਲੋਂ | ਵੀਰ ਬਰਾੜ

## ਡਾਇਮੰਡ ਸਪਾਂਸਰ



ਰਛਪਾਲ ਖੰਗੂੜਾ | ਹਰਦੀਪ ਗਿੱਲ | ਗੁਲਜ਼ਾਰ ਸਿੰਘ ਮੁਲਤਾਨੀ | ਪਾਲ ਖਲੀਲ | ਪਰਮਿੰਦਰ ਵਾਲੀਆ | ਰਿੰਪੀ ਖੱਟੜਾ | ਮਨਪ੍ਰੀਤ ਜਿੰਮੀ ਲਸੋਈ | ਸੁਖਵੀਰ ਨਾਰੀਕੇ | ਸਤਵਿੰਦਰ ਸੱਤਾ | ਸਰਵਣ ਸਿੰਘ ਟਿਵਾਣਾ | ਬਿਕਰਮ ਸਿੱਧੂ | ਹਰਵਿੰਦਰ ਵਾਲੀਆ



ਸਵ. ਰਾਜਿੰਦਰ ਸਿੰਘ ਬੈਂਸ | ਮਨਦੀਪ ਸਿੰਘ ਭੂਰਾ | ਰਾਣਾ ਸਿੰਘ ਵਿਰਕ | ਸੋਨੀ ਹਿਊਸਟਨ | ਜੱਸੀ ਧਾਲੀਵਾਲ | ਕੁਲਦੀਪ ਸਿੰਘ ਲੰਗ | ਧਰਮਿੰਦਰ ਖੱਟੜਾ | ਮੱਖਣ ਗਿੱਲ | ਬੌਬੀ ਖੱਟੜਾ | ਹਰਿੰਦਰ ਟਿਵਾਣਾ | ਸੱਤਾ ਖੱਟੜਾ | ਗੁਰਦਿੱਤ ਸਿੰਘ ਸੈਣੀ



ਦਪਿੰਦਰ ਸਿੰਘ ਧਾਲੀਵਾਲ | ਕੰਵਰਵੀਰ ਸਿੰਘ ਕੇਪੀ | ਬਲਜੀਤ ਸਿੰਘ | ਜਸਵੰਤ ਸਿੰਘ | ਹਰਭਜਨ ਸਿੰਘ ਚਾਹਲ | ਸੁਖਵੰਤ ਪਹਿਲਵਾਨ | ਅਜੇ ਭੰਗੂ | ਸਰਬਜੀਤ ਸਿੰਘ ਸਿੱਧੂ | ਸੁਖਵੀਰ ਸਿੰਘ ਗਿੱਲ | ਬਲਵੀਰ ਸਿੰਘ ਝਾਵਰ | ਰਵਿੰਦਰ ਸਹੋਤਾ

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਡਾਇਮੰਡ ਸਪਾਂਸਰ



ਅਮੋਲਕ ਸਿੰਘ ਗਾਖਲ | ਪਲਵਿੰਦਰ ਸਿੰਘ ਗਾਖਲ | ਇਕਬਾਲ ਸਿੰਘ ਗਾਖਲ | ਡਾ. ਵਿਕਰਮ ਸਿੰਘ ਗਿੱਲ | ਗੁਰਪ੍ਰੀਤ ਸਿੱਧੂ | ਗੁਰਲਾਲ ਸਿੰਘ ਭੱਠਲ | ਚਰਨਜੀਤ ਸਮਰਾ | ਟੋਨੀ ਸੰਘੇੜਾ | ਹਰਜੀਤ ਸਿੰਘ | ਮਨਦੀਪ ਸਿੰਘ ਸੁਮਲ | ਜੀਤ ਸਿੰਘ | ਸੁਖਵਿੰਦਰ ਸਿੰਘ ਪੰਧੇਰ



ਕੁਲਵਿੰਦਰ ਗਿੱਲ | ਮਨਜਿੰਦਰ ਬੈਨੀਪਾਲ | ਸੁਖਬੀਰ ਸੋਹੀ | ਅਜੀਤਪਾਲ ਸਿੰਘ ਬੈਨੀਪਾਲ | ਲਵਪ੍ਰੀਤ ਗਰੇਵਾਲ | ਗੁਰਪ੍ਰੀਤ ਗਰੇਵਾਲ | ਹੈਪੀ ਸਿੰਘ | ਮੁਕੰਦ ਸਿੰਘ ਮਾਂਗਟ | ਮਨਪ੍ਰੀਤ ਸਿੱਧੂ | ਵਿਕ ਬਾਵਾ | ਸੁਖੀ ਸਿੰਘ | ਦਰਸ਼ਨ ਸਿੰਘ ਗਿੱਲ



ਸੁੱਖਾ ਬੱਲ | ਬਲਜੋਤ ਸਿੰਘ | ਮੌਂਟੀ ਸਿੰਘ | ਗੁਰੀ ਵਿਰਕ | ਜੋਰਾ ਗਾਖਲ | ਮਨਪ੍ਰੀਤ ਸਿੰਘ | ਲਖਵੀਰ ਸਿੰਘ ਪੂਨੀ | ਗੋਪੀ ਗਾਖਲ | ਨਵਦੀਪ ਸਿੰਘ | ਸਿਮਰਨ ਸਿੰਘ | ਮੇਜਰ ਚਾਹਲ | ਦਲਵੀਰ ਸਿੰਘ




ਬਲਬੀਰ ਬੈਦਵਾਨ | ਜਤਿੰਦਰ ਭੰਡਾਲ | ਸੋਨੀ ਔਜਲਾ | ਧਰਮਿੰਦਰ ਬਾਠ | ਗੁਰਮੀਤ ਬਾਠ | ਲਖਵੀਰ ਸਿੰਘ ਭੁੱਲਰ | ਬਲਵਿੰਦਰ ਸਿੰਘ ਵਿਰਕ | ਦਿਲਰਾਜ ਢੀਂਡਸਾ | ਜਗਜੀਤ ਢੀਂਡਸਾ | ਰਾਜਵਿੰਦਰ ਢੀਂਡਸਾ | ਬਿਕਰਮ ਸੋਹੀ



ਕੁਲਵੰਤ ਸਿੰਘ ਨਾਗਰਾ | ਚਰਨ ਸਿੰਘ ਨਾਗਰਾ | ਰਵਿੰਦਰ ਸਿੰਘ ਰਵੀ | ਗੁਰਮੇਲ ਸਿੰਘ ਅਟਵਾਲ | ਹਰਦੀਪ ਸਿੰਘ ਜੱਸੜ | ਤੇਜਵੀਰ ਸੰਧੂ | ਹਰਿੰਦਰ ਸਿੰਘ ਰਾਣਾ | ਅਯੁਧਿਆ ਸਲਵਾਨ | ਗੁਰਚਰਨ ਝਾਵਰ | ਪ੍ਰਦੀਪ ਸਲਵਾਨ | ਵਿੱਕ ਬਾਵਾ



ਕੁਲਵਿੰਦਰ ਬੱਬੀ | ਬਲਵੀਰ ਸਿੰਘ ਮੁਲਤਾਨੀ | ਗਗਨਦੀਪ ਸਿੰਘ | ਹਰਪ੍ਰੀਤ ਸਿੰਘ ਸੈਣੀ | ਮਨਮੋਹਨ ਸਿੰਘ ਸੈਣੀ | ਪਰਮਜੀਤ ਸੋਹਲ | ਜਸਬੀਰ ਸਿੰਘ ਦਿਓਲ | ਗੁਰਮੁਖ ਸਿੰਘ | ਸੁਖਰਾਜ ਸਿੰਘ ਕਾਹਲੋਂ | ਰਵਿੰਦਰ ਰਵੀ | ਮਨਜੀਤ ਸਿੰਘ | ਸਤਨਾਮ ਸਿੰਘ



ਯਾਦਵਿੰਦਰ ਸੋਹਲ | ਮਨਜੀਤ ਸਹੋਤਾ | ਸਤਵੀਰ ਬਾਠ | ਪਰਮਜੀਤ ਬਾਠ | ਨਵੀ ਠੱਕਰ | ਹਰਮਿੰਦਰ ਗਿੱਲ | ਸੁਖਦੀਪ ਸਿੱਧੂ | ਅਰਸ਼ਦੀਪ ਭੋਗਲ | ਕੀਰਤ ਸਿੰਘ | ਰਣਜੀਤ ਸਿੰਘ | ਢੇਸੀ ਬਰਦਰਜ਼





SERVING WISCONSIN & ILLINOIS STATE

RE/MAX

JESSE SINGH
Ph: 847-606-3664

E-Mail: J.SINGH@REMAX.COM, WEBSITE: JSINGH.REMAX.COM
REMAX SHOWCASE, LONG GROVE, IL 60060



PUNJABI CULTURAL SOCIETY CHICAGO
ਪੰਜਾਬੀ ਸਭਿਆਚਾਰਕ ਸਭਾ




# ਵਿਸ਼ਵ ਰਤਨ ਬਲਬੀਰ ਸਿੰਘ ਨੂੰ ਪੰਜਵੀਂ ਬਰਸੀ 'ਤੇ ਯਾਦ ਕਰਦਿਆਂ...

ਆਈਕੋਨਿਕ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਦੀ ਅੱਜ ਪੰਜਵੀਂ ਬਰਸੀ ਹੈ। ਉਸ ਨੇ ਪਹਿਲਾ ਸਾਹ 31 ਦਸੰਬਰ 1923 ਦੀ ਰਾਤ ਨੂੰ ਆਪਣੇ ਨਾਨਕੇ ਪਿੰਡ ਹਰੀਪੁਰ ਖ਼ਾਲਸਾ ਦੀ ਫਿਜ਼ਾ ਵਿਚ ਲਿਆ ਸੀ ਤੇ ਆਖ਼ਰੀ ਸਾਹ 25 ਮਈ 2020 ਦੀ ਸਵੇਰ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਲਿਆ। ਬੁੱਢੇਵਾਰੇ ਉਹ ਆਪਣੀ ਧੀ ਸੁਸ਼ਬੀਰ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਕੌਰ ਤੇ ਦੋਹਤੇ ਕਬੀਰ ਪਾਸ ਚੰਡੀਗੜ੍ਹ ਰਹਿੰਦੇ ਸਨ ਜੋ ਉਨ੍ਹਾਂ ਦੀ ਸੇਵਾ ਸੰਭਾਲ ਕਰਦੇ ਸਨ। ਬਲਬੀਰ ਸਿੰਘ ਸਰੀਰਕ ਤੌਰ 'ਤੇ ਬੇਸ਼ੱਕ ਨਹੀਂ ਰਿਹਾ ਪਰ ਉਹਦਾ ਨਾਂ ਸਦਾ ਅਮਰ ਰਹੇਗਾ।

ਹਾਕੀ ਦਾ 'ਗੋਲ ਕਿੰਗ' ਕਹੇ ਜਾਂਦੇ ਬਲਬੀਰ ਸਿੰਘ ਦੇ ਪੁਰਖਿਆਂ ਦੀ ਬੰਸਾਵਲੀ ਵਿਚ ਦਸਵਾਂ ਪੁਰਖਾ ਭਾਈ ਬਿਧੀ ਚੰਦ ਸੀ। ਬੰਸਾਵਲੀ ਬਲਬੀਰ ਸਿੰਘ ਤੋਂ ਉਪਰ ਤੁਰਦੀ ਦਲੀਪ ਸਿੰਘ, ਬਸੰਤ ਸਿੰਘ, ਜੈਮਲ ਸਿੰਘ, ਦਲ ਸਿੰਘ, ਚੜ੍ਹਤ ਸਿੰਘ, ਗੁਰ ਸਿੰਘ, ਜੱਸੂ, ਦਲਪਤ, ਬਿਧੀ ਚੰਦ, ਡੱਲਾ, ਰਜਾਣੀਆਣ, ਸਾਬਾ ਤੇ ਦੁਸਾਂਝ ਤੋਂ ਹੁੰਦੀ ਹੋਈ ਸਰੋਇਆ ਤਕ ਜਾਂਦੀ ਹੈ। ਬਲਬੀਰ ਸਿੰਘ ਦੇ ਪਿਤਾ ਗਿਆਨੀ ਦਲੀਪ ਸਿੰਘ ਭਾਰਤ ਦੇ ਸੁਤੰਤਰਤਾ ਸੰਗਰਾਮ ਦੌਰਾਨ ਅਨੇਕ ਵਾਰ ਜੇਲ੍ਹ ਗਏ ਸਨ। 2015 ਵਿਚ ਮੈਂ ਬਲਬੀਰ ਸਿੰਘ ਦੀ ਜੀਵਨੀ 'ਗੋਲਡਨ ਗੋਲ' ਲਿਖੀ ਸੀ ਜੋ ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਪ੍ਰਕਾਸ਼ਤ ਕੀਤੀ, ਇਸ ਲਈ ਮੈਨੂੰ ਉਨ੍ਹਾਂ ਬਾਰੇ ਕਾਫੀ ਕੁਝ ਪਤਾ ਹੈ।

ਬਲਬੀਰ ਸਿੰਘ ਨੂੰ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤਣ ਕਰਕੇ 'ਗੋਲਡਨ ਹੈਟ ਟ੍ਰਿੱਕ' ਵਾਲਾ ਬਲਬੀਰ ਵੀ ਕਿਹਾ ਜਾਂਦੈ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਵਿਚ ਸੈਮੀ ਫਾਈਨਲ ਅਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ 9 ਗੋਲਾਂ 'ਚੋਂ 8 ਗੋਲ




ਉਸ ਦੀ ਸਟਿੱਕ ਨਾਲ ਹੋਏ ਸਨ। ਹਾਲੈਂਡ ਵਿਰੁੱਧ ਫਾਈਨਲ ਮੈਚ ਵਿਚ ਭਾਰਤੀ ਟੀਮ ਦੇ 6 ਗੋਲਾਂ 'ਚੋਂ ਉਸ ਦੇ 5 ਗੋਲ ਸਨ ਜੋ ਓਲੰਪਿਕ ਖੇਡਾਂ ਦਾ 73 ਸਾਲ ਪੁਰਾਣਾ ਰਿਕਾਰਡ ਹੈ।

ਲੰਡਨ ਓਲੰਪਿਕਸ-2012 ਦੀ ਨੁਮਾਇਸ਼ ਲਈ ਓਲੰਪਿਕ ਖੇਡਾਂ ਦੇ ਇਤਿਹਾਸ 'ਚੋਂ ਜਿਹੜੇ 16 'ਆਈਕੋਨਿਕ ਓਲੰਪੀਅਨ' ਚੁਣੇ ਗਏ ਉਨ੍ਹਾਂ ਵਿਚ ਬਲਬੀਰ ਸਿੰਘ ਹਾਕੀ ਦਾ ਇਕੋ-ਇਕ ਖਿਡਾਰੀ ਸੀ ਜਿਸ ਨੂੰ ਇਹ ਮਾਣ ਮਿਲਿਆ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਤਾਂ ਉਸ ਨੂੰ ਓਲੰਪਿਕ ਰਤਨ ਭਾਵ ਵਿਸ਼ਵ ਰਤਨ ਬਣਾ ਦਿੱਤਾ ਹੈ ਪਰ ਭਾਰਤ ਸਰਕਾਰ ਨੇ ਪਤਾ ਨਹੀਂ ਕਿਉਂ ਅਜੇ ਤਕ ਭਾਰਤ ਰਤਨ ਨਹੀਂ ਬਣਾਇਆ?

ਬਲਬੀਰ ਸਿੰਘ ਕਹਿੰਦਾ ਹੁੰਦਾ ਸੀ, "ਜਿਵੇਂ ਮੈਚ ਬਰਾਬਰ ਰਹਿ ਜਾਣ ਪਿੱਛੋਂ ਐਕਸਟਰਾ ਟਾਈਮ ਦਿੱਤਾ ਜਾਂਦੈ, ਐਕਸਟਰਾ ਟਾਈਮ ਵਿਚ ਮੈਚ ਬਰਾਬਰ ਰਹੇ ਤਾਂ ਗੋਲਡਨ ਗੋਲ ਦਾ ਸਮਾਂ ਹੁੰਦੈ, ਉਵੇਂ ਮੈਂ ਵੀ ਹੁਣ ਗੋਲਡਨ ਗੋਲ ਦੀ ਉਡੀਕ ਵਿਚ ਹਾਂ। ਖੇਡ ਹੁਣ ਉਪਰਲੇ ਨਾਲ ਹੈ। ਜਦੋਂ 'ਗੋਲਡਨ ਗੋਲ' ਹੋ ਗਿਆ ਤਾਂ ਖੇਡ ਖ਼ਤਮ।"

ਆਖ਼ਰ ਬਲਬੀਰ ਸਿੰਘ ਦੀ ਜੀਵਨ ਖੇਡ 25 ਮਈ 2020 ਨੂੰ ਸਵੇਰੇ ਸਵਾ ਛੇ ਵਜੇ ਖ਼ਤਮ ਹੋ ਗਈ ਸੀ।

ਆਖ਼ਰੀ ਗੱਲ: ਬਲਬੀਰ ਸਿੰਘ ਦੇ ਭੋਗ ਅਤੇ ਅੰਤਮ ਅਰਦਾਸ ਪਿੱਛੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਅਖ਼ਬਾਰਾਂ ਵਿਚ ਬਿਆਨ ਛਪਵਾਇਆ ਕਿ ਬਲਬੀਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਸੁਸ਼ੋਭਿਤ ਕੀਤੀ ਜਾਵੇਗੀ। ਪਰਿਵਾਰ ਨੇ ਤਸਵੀਰ ਦੇ ਦਿੱਤੀ, ਅਜਾਇਬਘਰ ਲਈ ਤਿਆਰ ਵੀ ਹੋ ਗਈ ਪਰ ਚਿੱਠੀ ਪੱਤਰ ਦੇ ਬਾਵਜੂਦ ਅਜੇ ਤਕ ਸੁਸ਼ੋਭਿਤ ਨਹੀਂ ਕੀਤੀ ਗਈ।

ਇਸ ਸਥਿਤੀ ਵਿਚ ਸੱਚਖੰਡ ਨਿਵਾਸੀ ਡਾ. ਮਨਮੋਹਨ ਸਿੰਘ, ਸਾਬਕਾ ਪ੍ਰਧਾਨ ਮੰਤਰੀ, ਭਾਰਤ ਦੇ ਪਰਿਵਾਰ ਨੂੰ ਇਹੋ ਸਲਾਹ ਹੈ ਕਿ ਬਲਬੀਰ ਸਿੰਘ ਦੇ ਪਰਿਵਾਰ ਵਾਂਗ ਤਸਵੀਰ ਤੁਰਤ ਹੀ ਨਾ ਦੇ ਦੇਣ। ਤਦ ਤਕ ਉਡੀਕ ਕਰਨ ਜਦੋਂ ਤਕ ਸਿੱਖਾਂ ਦੀ ਸਿਰਮੌਰ ਕਮੇਟੀ ਨੂੰ ਸਮਝ ਨਹੀਂ ਆਉਂਦੀ ਕਿ ਕੁਲ ਦੁਨੀਆ ਵਿਚ ਸਿੱਖਾਂ ਦੀ 'ਪੱਗ' ਤੇ ਸਿੱਖ ਸਰੂਪ ਦੀ ਸ਼ੋਭਾ ਵਧਾਉਣ ਵਾਲੇ 'ਗੁਰਸਿੱਖ' ਕੌਣ ਹਨ?

# ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਦੇ ਸਾਲਾਨਾ ਮੇਲੇ ਵਿਚ ਲੱਗੀਆਂ ਰੌਣਕਾਂ

## ਗਿੱਧੇ ਅਤੇ ਭੰਗੜੇ ਦੀਆਂ ਪੇਸ਼ਕਾਰੀਆਂ ਨੇ ਦਰਸ਼ਕ ਕੀਲੇ; ਜਸਵੰਤ ਸਿੰਘ ਦਾ ਸ਼ਾਨਦਾਰ ਸੇਵਾਵਾਂ ਲਈ ਸਨਮਾਨ

**ਸੈਕਰਾਮੈਂਟੋ:** ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਵਲੋਂ 35ਵਾਂ ਸਾਲਾਨਾ ਸੱਭਿਆਚਾਰਕ ਮੇਲਾ ਜੋਸ਼ ਤੇ ਉਤਸ਼ਾਹ ਨਾਲ ਕਰਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ਼ਾਇਰ ਕਮਲ ਬੰਗਾ ਨੇ ਕਵਿਤਾ ਨਾਲ ਕੀਤੀ। ਸ਼ੈਲਡਨ ਹਾਈ ਸਕੂਲ ਦੇ ਖ਼ੂਬਸੂਰਤ ਥੀਏਟਰ ਵਿਚ 17 ਮਈ, ਸ਼ਨਿਚਰਵਾਰ ਸ਼ਾਮ ਨੂੰ ਹੋਏ ਇਸ ਸਮਾਗਮ ਵਿਚ ਗਿੱਧੇ ਅਤੇ ਭੰਗੜੇ ਦੇ 70 ਤੋਂ ਵੱਧ ਕਲਾਕਾਰਾਂ ਨੇ ਖ਼ੂਬਸੂਰਤ ਪੰਜਾਬੀ ਪਹਿਰਾਵੇ ਵਿਚ ਪੰਜਾਬ ਦੇ ਲੋਕ ਨਾਚਾਂ ਦੇ ਵੱਖ-ਵੱਖ ਰੰਗ ਦਿਖਾ ਕੇ ਦਰਸ਼ਕਾਂ ਦੇ ਦਿਲ ਜਿੱਤ ਲਏ। ਖਾਸ ਕਰਕੇ ਛੋਟੇ ਮੁੰਡੇ ਤੇ ਕੁੜੀਆਂ ਦੇ ਕਮਾਲ ਦੇ ਐਕਸ਼ਨ ਦੇਖ ਦੇਖ ਦਰਸ਼ਕ ਅਸ਼-ਅਸ਼ ਕਰ ਉੱਠੇ।

ਗਿੱਧੇ ਭੰਗੜੇ ਦੀਆਂ ਟੀਮਾਂ ਵਿਚ ਮੁਖ ਤੌਰ 'ਤੇ ਟੀਮ ਵਿਰਸੇ ਦੇ ਵਾਰਿਸ, ਪਰੀਆਂ ਦਾ ਗਿੱਧਾ, ਰੌਣਕ ਵੇਹੜੇ ਦੀ, ਪੰਜਾਬੀ ਧੜਕਣ ਡਾਂਸ ਅਕੈਡਮੀ, ਸ਼ੁਕੀਨਣ ਗਿੱਧੇ ਦੀਆਂ ਤੇ ਸ਼ਾਨ ਪੰਜਾਬ ਦੀ ਟੀਮਾਂ ਨੇ ਭਾਗ ਲਿਆ। ਇਨ੍ਹਾਂ ਟੀਮਾਂ ਨੂੰ ਕੋਚ ਪ੍ਰਕਾਸ਼ ਸਿੰਘ ਪੂਨੀਆਂ, ਅਮਨ ਕੌਰ ਸੰਧੂ, ਅਵਿਲੋਕਤਾ ਘੁੰਮਣ, ਵਰਿੰਦਰ ਸਿੰਘ ਸੰਘੇੜਾ ਤੇ ਅੰਮ੍ਰਿਤ ਸਿੰਘ ਸੰਘੇੜਾ ਨੇ ਤਿਆਰ ਕੀਤਾ ਸੀ।









ਗੀਤ ਸੰਗੀਤ ਦੇ ਦੌਰ ਵਿਚ 'ਸੰਗੀਤ ਗਰੁੱਪ ਕੈਲੀਫੋਰਨੀਆ' ਦੇ ਉਘੇ ਗਾਇਕ ਅਨੂਪ ਸਿੰਘ ਚੀਮਾ ਨੇ ਆਪਣੇ ਜਗਤ ਪ੍ਰਸਿੱਧ ਗੀਤ 'ਅੱਜ ਆ ਗਿਆ ਵਿਆਹ ਕੇ ਮੇਰਾ ਵੀਰ ਵਈ, ਭਾਬੋ ਲੱਗਦੀ ਸਿਆਲਾਂ ਦੀ ਕੋਈ ਹੀਰ ਵਈ' ਸਮੇਤ ਤਿੰਨ ਗੀਤ ਗਾ ਕੇ ਚੰਗਾ ਰੰਗ ਬੰਨ੍ਹਿਆ। ਮੇਲੇ ਦੇ ਰੂਹੇ ਰਵਾਂ ਸ. ਰਸ਼ਪਾਲ ਸਿੰਘ ਫਰਵਾਲਾ ਨੇ ਆਏ ਦਰਸ਼ਕਾਂ, ਕਮੇਟੀ ਮੈਂਬਰਾਂ ਤੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਸੋਸਾਇਟੀ ਵਲੋਂ ਪਿਛਲੇ ਵੀਹ ਸਾਲਾਂ ਤੋਂ ਲਗਾਤਾਰ ਸਟੇਜ ਐਂਕਰ ਦੀ ਸੇਵਾ ਨਿਭਾ ਰਹੇ ਜਸਵੰਤ ਸਿੰਘ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਤੇ ਸਮਰਪਿਤ ਸੇਵਾਵਾਂ ਲਈ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿਚ ਸਾਰੇ ਕਲਾਕਾਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੋਸਾਇਟੀ ਦੇ ਸਮੂਹ ਮੈਂਬਰ ਕਮਲ ਬੰਗਾ, ਅਵਤਾਰ ਸਿੰਘ ਦੋਸਾਂਝ, ਜੱਗੀ ਕੰਦੋਲਾ, ਬਖ਼ਸ਼ੀਸ਼ ਸਿੰਘ ਗਿੱਲ, ਜਸਵੰਤ ਸਿੰਘ ਸ਼ਾਦ, ਰਸ਼ਪਾਲ ਸਿੰਘ ਫਰਵਾਲਾ, ਸੁਰਿੰਦਰ ਬਿੰਦਰਾ, ਅਵਤਾਰ ਸਿੰਘ ਡੌਡ, ਮਾਧੋ ਚਾਹਲ, ਪਵਿੱਤਰ ਸਿੰਘ ਨਾਹਲ ਤੇ ਬਲਵੰਤ ਸਿੰਘ ਕੰਦੋਲਾ ਹਾਜ਼ਰ ਸਨ।































# ਕਤਲੇਆਮ ਅਤੇ ਤਬਾਹੀ ਦੁਆਰਾ ਸ਼ਾਂਤੀ ਬਹਾਲ ਕਰ ਰਿਹਾ 'ਲੋਕਤੰਤਰ'

*ਪਿਛਲੇ ਦਿਨੀਂ ਪ੍ਰਮੁੱਖ ਮਾਓਵਾਦੀ ਆਗੂ ਬਸਵਾ ਰਾਜੂ ਤੇ ਹੋਰ ਮਾਓਵਾਦੀਆਂ ਦੇ ਮੁਕਾਬਲੇ 'ਚ ਮਾਰੇ ਜਾਣ ਦੀ ਖ਼ਬਰ ਸੁਰਖ਼ੀਆਂ ਬਣੀ। ਮਾਓਵਾਦੀ ਕੌਣ ਹਨ, ਉਹ ਭਾਰਤੀ ਰਾਜ ਵਿਰੁੱਧ ਹਥਿਆਰ ਚੁੱਕ ਕੇ ਕਿਉਂ ਲੜ ਰਹੇ ਹਨ ਅਤੇ ਆਦਿਵਾਸੀਆਂ 'ਚ ਮਕਬੂਲ ਕਿਉਂ ਹਨ। ਆਦਿਵਾਸੀ ਲੋਕ ਸੱਤਾ ਵੱਲੋਂ ਕੀਤੇ ਜਾ ਰਹੇ 'ਵਿਕਾਸ' ਨੂੰ ਸਵੀਕਾਰ ਕਿਉਂ ਨਹੀਂ ਕਰ ਰਹੇ। ਕੀ ਬਸਵਾ ਰਾਜੂ ਦੇ ਮਾਰੇ ਜਾਣ ਨਾਲ ਮਾਓਵਾਦੀ ਲਹਿਰ ਖ਼ਤਮ ਹੋ ਜਾਵੇਗੀ? ਇਨ੍ਹਾਂ ਸਾਰੇ ਸਵਾਲਾਂ ਦੀ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਵਿਸ਼ੇਸ਼ ਲੇਖ ਵਿਚ ਕੀਤੀ ਹੈ।-ਸੰਪਾਦਕ*

ਬੂਟਾ ਸਿੰਘ ਮਹਿਮੂਦਪੁਰ

21 ਮਈ ਨੂੰ ਆਨ-ਲਾਈਨ ਮੀਡੀਆ ਪਲੈਟਫਾਰਮਾਂ ਉੱਪਰ ਇਹ ਖ਼ਬਰ ਤੇਜ਼ੀ ਨਾਲ ਫਲੈਸ਼ ਹੋਈ ਕਿ ਸੁਰੱਖਿਆ ਦਸਤਿਆਂ ਨੇ ਮਾਓਵਾਦੀ ਪਾਰਟੀ ਦੇ ਜਨਰਲ ਸਕੱਤਰ ਕਾ. ਨੰਬਾਲਾ ਕੇਸ਼ਵ ਰਾਓ ਉਰਫ਼ ਬਸਵਾ ਰਾਜੂ (70 ਸਾਲ) ਨੂੰ 26 ਹੋਰ ਮਾਓਵਾਦੀਆਂ ਸਮੇਤ ਅਬੂਝਮਾੜ ਦੇ ਜੰਗਲਾਂ ਅੰਦਰ 'ਮੁਕਾਬਲੇ' 'ਚ ਮਾਰ ਮੁਕਾਇਆ ਹੈ। ਇਨ੍ਹਾਂ 26 ਮਾਓਵਾਦੀਆਂ ਵਿਚ ਜ਼ਿਆਦਾਤਰ 20 ਤੋਂ 30 ਸਾਲ ਦੇ ਨੌਜਵਾਨ ਆਦਿਵਾਸੀ ਮੁੰਡੇ-ਕੁੜੀਆਂ ਸਨ ਜਿਨ੍ਹਾਂ ਬਾਰੇ ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਬਸਵਾ ਰਾਜੂ ਸਮੇਤ ਇਹ ਸਾਰੇ 50 ਘੰਟਿਆਂ ਤੱਕ ਚੱਲੇ ਮੁਕਾਬਲੇ ਵਿਚ ਮਾਰੇ ਗਏ ਅਤੇ ਇਹ ਸਾਰੇ ਉਸਦੀ ਸੁਰੱਖਿਆ ਟੁਕੜੀ, ਕੰਪਨੀ ਨੰ. 7, ਦੇ ਇਨਾਮੀ ਮਾਓਵਾਦੀ ਸਨ। ਇਸ ਤੋਂ ਕੁਝ ਦਿਨ ਪਹਿਲਾਂ ਹੀ ਕਰੇਗੁੱਟਾ ਪਹਾੜੀਆਂ ਵਿਚ 21 ਦਿਨ ਚੱਲੇ ਵਿਸ਼ੇਸ਼ ਓਪਰੇਸ਼ਨ ਤੋਂ ਬਾਅਦ 31 ਮਾਓਵਾਦੀਆਂ ਦੇ ਮਾਰੇ ਜਾਣ ਦੀ ਰਿਪੋਰਟ ਆਈ ਸੀ। ਜਨਵਰੀ 2024 ਤੋਂ ਲੈ ਕੇ 'ਓਪਰੇਸ਼ਨ ਕਗਾਰ' ਤਹਿਤ ਕਤਲੇਆਮ ਵਿਚ ਖ਼ਾਸ ਤੇਜ਼ੀ ਆਈ ਹੈ ਅਤੇ 2025 ਦੇ ਪਹਿਲੇ ਪੰਜ ਮਹੀਨਿਆਂ ਵਿਚ ਹੀ ਬਸਤਰ ਵਿਚ 200 ਤੋਂ ਵਧੇਰੇ ਮਾਓਵਾਦੀ 'ਮੁਕਾਬਲਿਆਂ' ਵਿਚ ਮਾਰੇ ਗਏ ਹਨ, ਜਿਨ੍ਹਾਂ ਵਿਚ ਤੀਜਾ ਹਿੱਸਾ ਨੌਜਵਾਨ ਕੁੜੀਆਂ/ਔਰਤਾਂ ਹਨ। ਮਾਓਵਾਦੀ ਪਾਰਟੀ ਦੀ ਦੰਡਕਾਰਣੀਆ ਸਪੈਸ਼ਲ ਜ਼ੋਨਲ ਕਮੇਟੀ ਦੇ ਬੁਲਾਰੇ ਵਿਕਲਪ ਵੱਲੋਂ ਅਧਿਕਾਰਕ ਪ੍ਰੈੱਸ ਬਿਆਨ ਜਾਰੀ ਕਰਕੇ ਪੁਸ਼ਟੀ ਕੀਤੀ ਗਈ ਹੈ ਕਿ ਬਸਵਾ ਰਾਜੂ ਨੂੰ ਮੁਕਾਬਲੇ ਤੋਂ ਬਾਅਦ ਗ੍ਰਿਫ਼ਤਾਰ ਕਰਕੇ ਕਤਲ ਕੀਤਾ ਗਿਆ।

ਨੀਮ-ਫ਼ੌਜੀ ਓਪਰੇਸ਼ਨਾਂ ਜ਼ਰੀਏ ਮਾਓਵਾਦੀਆਂ ਅਤੇ ਆਦਿਵਾਸੀ ਲੋਕਾਂ ਦੇ ਕਤਲੇਆਮ ਤਹਿਤ ਬਣਾਇਆ ਇਹ 'ਮੁਕਾਬਲਾ' ਦਰਅਸਲ ਅਤਿ ਘਿਣਾਉਣਾ ਰਾਜਨੀਤਕ ਕਤਲੇਆਮ ਹੈ ਜਿਸ ਨੂੰ ਖ਼ੁਦ ਮੋਦੀ ਅਤੇ ਅਮਿਤ ਸ਼ਾਹ ਨੇ ਸੁਰੱਖਿਆ ਤਾਕਤਾਂ ਦੀ 'ਇਤਿਹਾਸਕ ਪ੍ਰਾਪਤੀ' ਕਹਿ ਕੇ ਵਧਾਈ ਦਿੱਤੀ ਹੈ ਕਿ ਉਨ੍ਹਾਂ ਨੇ ਤਿੰਨ ਦਹਾਕਿਆਂ ਵਿਚ ਪਹਿਲੀ ਵਾਰ ਮਾਓਵਾਦੀ ਪਾਰਟੀ ਦੇ ਜਨਰਲ ਸਕੱਤਰ ਨੂੰ ਮਾਰ ਕੇ 'ਇਤਿਹਾਸ ਰਚਿਆ' ਹੈ। ਇਹ ਉਸ ਪ੍ਰਧਾਨ ਮੰਤਰੀ ਵੱਲੋਂ ਆਪਣੀ ਫਾਸ਼ੀਵਾਦੀ ਹਕੂਮਤ ਦੀ ਖ਼ੂੰਖ਼ਾਰ ਖਸਲਤ ਦਾ ਐਲਾਨੀਆ ਇਕਬਾਲ ਹੈ ਜਿਸ ਨੂੰ ਦੁਨੀਆ ਅੱਗੇ ਆਪਣੇ ਲਹੂ ਲਿਬੜੇ ਚਿਹਰੇ ਨੂੰ ਲੁਕੋਣ ਲਈ ਇਹ ਮਖੌਟਾ ਪਾਉਣ ਦੀ ਵਾਰ-ਵਾਰ ਲੋੜ ਪੈਂਦੀ ਹੈ ਕਿ 'ਜਮਹੂਰੀਅਤ ਤਾਂ ਸਾਡੇ ਡੀ.ਐੱਨ.ਏ. ਵਿਚ ਹੈ।'

ਬਸਵਾ ਰਾਜੂ ਦਾ ਕਤਲ ਉਸ ਸਮੇਂ ਕੀਤਾ ਗਿਆ ਹੈ ਜਦੋਂ ਸੀ.ਪੀ.ਆਈ. (ਮਾਓਵਾਦੀ) ਵੱਲੋਂ ਇਕਤਰਫ਼ਾ ਯੁੱਧਬੰਦੀ ਦਾ ਐਲਾਨ ਕਰਕੇ ਸ਼ਾਂਤੀ ਵਾਰਤਾਵਾਂ ਲਈ ਮਾਹੌਲ ਬਣਾਉਣ ਦੀ ਮੰਗ ਕਰਦਿਆਂ ਉੱਪਰੋਥਲੀ ਛੇ ਜਨਤਕ ਬਿਆਨ ਜਾਰੀ ਕੀਤੇ ਗਏ ਹਨ। ਕੇਂਦਰ ਸਰਕਾਰ ਅਤੇ ਛੱਤੀਸਗੜ੍ਹ ਸਰਕਾਰ ਵੱਲੋਂ ਗੱਲਬਾਤ ਦੀ ਪੇਸ਼ਕਸ਼ ਨੂੰ ਹੁੰਗਾਰਾ ਦੇਣ ਦੀ ਬਜਾਏ ਸਗੋਂ ਕਰੇਗੁੱਟਾ ਪਹਾੜੀਆਂ ਦੀ ਘੇਰਾਬੰਦੀ ਕਰਕੇ ਕਤਲੇਆਮ ਕਰਨ ਲਈ 24,000 ਨੀਮ-ਫ਼ੌਜੀ ਨਫ਼ਰੀ ਝੋਕ ਦਿੱਤੀ ਗਈ। 'ਮੁਕਾਬਲੇ' ਦੀ ਇਹ ਕਹਾਣੀ ਉਸੇ ਤਰਜ਼ ਦੀ ਮਨਘੜਤ ਕਹਾਣੀ ਹੈ, ਜਿਸ ਬੇਹੱਦ ਬਦਨਾਮ ਬਿਰਤਾਂਤ ਦਾ ਸਹਾਰਾ ਭਾਰਤੀ ਹੁਕਮਰਾਨ ਸਟੇਟ ਵਿਰੋਧੀ ਬਾਗ਼ੀ ਲਹਿਰਾਂ ਨੂੰ ਕੁਚਲਣ ਲਈ ਕੀਤੇ ਜਾਂਦੇ ਕਤਲਾਂ ਉੱਪਰ ਪਰਦਾ ਪਾਉਣ ਲਈ ਸੱਤ ਦਹਾਕਿਆਂ ਤੋਂ ਲੈਂਦੇ ਆ ਰਹੇ ਹਨ। ਇਹ ਕਹਾਣੀ ਐਨੀ ਘਿਣਾਉਣੀ ਹੈ ਕਿ 'ਮੁੱਖਧਾਰਾ' ਦੀਆਂ ਸਾਰੀਆਂ ਹੀ ਖੱਬੀਆਂ ਪਾਰਟੀਆਂ ਨੇ ਇਸ ਨੂੰ ਗ਼ੈਰਅਦਾਲਤੀ ਕਤਲ ਕਰਾਰ ਦੇ ਕੇ ਨਿਰਪੱਖ ਜੁਡੀਸ਼ੀਅਲ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ। ਇਸ ਕਤਲੇਆਮ ਵਿਰੁੱਧ ਵੱਖ-ਵੱਖ ਥਾਵਾਂ ਉੱਪਰ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ।

ਹੋਰ ਵੀ ਸਿਤਮ-ਜ਼ਰੀਫ਼ੀ ਇਹ ਹੈ ਕਿ ਅਧਿਕਾਰੀ ਆਂਧਰਾ-ਤੇਲੰਗਾਨਾ ਤੋਂ ਆਏ ਪਰਿਵਾਰਾਂ ਨੂੰ ਲਾਸ਼ਾਂ ਦੇਣ ਤੋਂ ਲਗਾਤਾਰ ਟਾਲ-ਮਟੋਲ ਕਰਦੇ ਰਹੇ। ਸਰਕਾਰਾਂ ਮਾਓਵਾਦੀਆਂ ਦੇ ਅੰਤਮ-ਸੰਸਕਾਰ ਮੌਕੇ ਹੋਣ ਵਾਲੇ ਵੱਡੇ ਇਕੱਠਾਂ ਹੋਣ ਤੋਂ ਭੈਭੀਤ ਹਨ। ਗਰਮੀ ਦੇ ਮੌਸਮ ਵਿਚ 27 ਲਾਸ਼ਾਂ ਬਿਨਾਂ ਫਰੀਜ਼ਰਾਂ ਤੋਂ, ਖੁੱਲ੍ਹੇ ਸ਼ੈੱਡ ਹੇਠ ਰੱਖ ਕੇ ਸੜਨ ਦਿੱਤੀਆਂ ਗਈਆਂ। ਆਖ਼ਿਰਕਾਰ ਬਸਵਾ ਰਾਜੂ ਸਮੇਤ 7 ਮਾਓਵਾਦੀਆਂ ਦੀਆਂ ਲਾਸ਼ਾਂ ਵਾਰਿਸਾਂ ਨੂੰ ਦੇਣ ਦੀ ਬਜਾਏ ਪੁਲਿਸ ਨੇ ਧੱਕੇ ਨਾਲ ਨਰਾਇਣਪੁਰ ਵਿਚ ਹੀ ਜਲਾ ਦਿੱਤੀਆਂ। ਬਹਾਨਾ ਇਹ ਬਣਾਇਆ ਗਿਆ ਕਿ ਲਾਸ਼ਾਂ ਲੈਣ ਲਈ ਕੋਈ ਵਾਰਿਸ ਨਹੀਂ ਆਇਆ ਅਤੇ ਲਾਸ਼ਾਂ ਖਰਾਬ ਹੋ ਗਈਆਂ ਸਨ, ਜਦੋਂ ਕਿ ਤੇਲੰਗਾਨਾ ਅਤੇ ਆਂਧਰਾ ਪ੍ਰਦੇਸ਼ ਤੋਂ ਸੰਬੰਧਤ ਪਰਿਵਾਰ ਨਰਾਇਣਪੁਰ ਵਿਚ ਆ ਕੇ ਕਈ ਦਿਨਾਂ ਤੋਂ ਖੱਜਲ-ਖ਼ੁਆਰ ਹੋ ਰਹੇ ਸਨ।

ਇਸ 'ਇਤਿਹਾਸਕ ਪ੍ਰਾਪਤੀ' ਉੱਪਰ ਭਾਰਤੀ ਰਾਜ ਦੇ ਸੱਤਾ ਦੇ ਗਲਿਆਰਿਆਂ ਵਿਚ ਜਸ਼ਨਾਂ ਦਾ ਮਾਹੌਲ ਹੈ। ਭਗਵਾ ਹਕੂਮਤ ਜਿੱਤ ਦੇ ਢੋਲ ਵਜਾ ਰਹੀ ਹੈ ਅਤੇ ਗੋਦੀ ਮੀਡੀਆ ਦਿਨ-ਰਾਤ ਧੂੰਆਂ-ਧਾਰ ਜ਼ਹਿਰ ਉਗਲ ਰਿਹਾ ਹੈ ਕਿ ਮਾਓਵਾਦੀ ਲੀਡਰਸ਼ਿੱਪ ਦਾ ਸਫ਼ਾਇਆ ਕਰ ਦਿੱਤੇ ਜਾਣ ਅਤੇ ਨਵੀਂ ਭਰਤੀ ਦੀ ਤੋਟ ਕਾਰਨ ਮਾਓਵਾਦੀ ਲਹਿਰ ਆਖ਼ਰੀ ਸਾਹ ਲੈ ਰਹੀ ਹੈ। ਹੋਰ ਵੀ ਚਿੰਤਾਜਨਕ ਇਹ ਹੈ ਕਿ ਭਗਵਾ ਪ੍ਰਚਾਰ-ਤੰਤਰ ਅਤੇ ਗੋਦੀ ਮੀਡੀਆ ਦੇ ਜ਼ਹਿਰੀਲੇ ਪ੍ਰਚਾਰ ਨਾਲ ਗੁੰਮਰਾਹ ਹੋਇਆ ਸਮਾਜ ਦਾ ਇਕ ਹਿੱਸਾ ਇਸ ਕਤਲੇਆਮ ਉੱਪਰ ਖ਼ੁਸ਼ੀ ਮਨਾ ਰਿਹਾ ਹੈ। ਕਾਰਪੋਰੇਟ ਸਰਮਾਏ ਦੇ ਬੇਸ਼ਰਮ ਦਲਾਲ ਭਗਵਾ ਕੋੜਮੇ ਅਤੇ ਹੋਰ ਹੁਕਮਰਾਨ ਧੜਿਆਂ ਲਈ ਇਸ ਤੋਂ ਵੱਡੀ ਖ਼ੁਸ਼ੀ ਕੀ ਹੋ ਸਕਦੀ ਹੈ ਕਿ ਉਸ ਪਾਰਟੀ ਦਾ ਪ੍ਰਮੁੱਖ ਆਗੂ ਮਾਰਿਆ ਗਿਆ ਜੋ ਮੌਜੂਦਾ ਪ੍ਰਬੰਧ ਨੂੰ ਜੜ੍ਹੋਂ ਖ਼ਤਮ ਕਰਨ ਦੇ ਸੁਪਨੇ ਦੇਖ ਰਹੀ ਸੀ। ਇਤਿਹਾਸ ਵਿਚ ਅਜਿਹੇ ਮੌਕੇ ਪਹਿਲਾਂ ਵੀ ਆਉਂਦੇ ਰਹੇ ਹਨ ਜਦੋਂ ਨਕਸਲੀ ਆਗੂਆਂ ਦਾ ਜਿਸਮਾਨੀ ਸਫ਼ਾਇਆ ਕਰਕੇ ਨਕਸਲਵਾਦ ਨੂੰ ਖ਼ਤਮ ਕਰ ਦੇਣ ਦੇ ਲਲਕਾਰੇ ਮਾਰੇ ਗਏ। ਨਕਸਲੀ ਲਹਿਰ ਦੇ ਮੋਢੀ ਆਗੂ ਚਾਰੂ ਮਜੂਮਦਾਰ ਨੂੰ ਹਿਰਾਸਤ ਵਿਚ ਲੈ ਕੇ ਕਤਲ ਕਰਨ ਸਮੇਂ ਵੀ, ਅਤੇ ਫਿਰ 2010 'ਚ ਮਾਓਵਾਦੀ ਬੁਲਾਰੇ ਆਜ਼ਾਦ ਅਤੇ 2011 'ਚ ਇਕ ਹੋਰ ਮੁੱਖ ਆਗੂ ਕਿਸ਼ਨ ਜੀ ਨੂੰ ਗ੍ਰਿਫ਼ਤਾਰ ਕਰਕੇ ਕਤਲ ਕਰਨ ਤੋਂ ਬਾਅਦ ਵੀ ਅਜਿਹੇ ਜੇਤੂ ਐਲਾਨ ਕੀਤੇ ਗਏ ਸਨ। ਇਸਦੇ ਬਾਵਜੂਦ, ਨਵੇਂ ਆਗੂ ਮਾਰੇ ਗਿਆਂ ਦੀ ਥਾਂ ਲੈਂਦੇ ਰਹੇ ਹਨ, ਵੱਡੇ ਤੋਂ ਵੱਡੇ ਨੁਕਸਾਨ ਵੀ ਆਰਜ਼ੀ ਸਾਬਤ ਹੁੰਦੇ ਰਹੇ ਹਨ ਅਤੇ ਲਹਿਰ ਮੁੜ ਜਥੇਬੰਦ ਹੁੰਦੀ ਰਹੀ ਹੈ।

ਹੁਕਮਰਾਨ ਸਿਰਫ਼ ਤੇ ਸਿਰਫ਼ ਮਾਓਵਾਦੀ ਲਹਿਰ ਦੇ ਛਾਪਾਮਾਰ ਪਹਿਲੂ ਦੀ ਇਕਤਰਫ਼ਾ ਤਸਵੀਰ ਪੇਸ਼ ਕਰਕੇ ਇਸ ਹਕੀਕਤ ਨੂੰ ਚਲਾਕੀ ਨਾਲ ਲੁਕੋ ਰਹੇ ਹਨ ਕਿ ਨਕਸਲੀ/ਮਾਓਵਾਦੀ ਲਹਿਰ ਭਾਰਤੀ ਕਮਿਊਨਿਸਟ ਦਾ ਜੁਝਾਰੂ ਹਿੱਸਾ ਹੈ, ਜਿਨ੍ਹਾਂ ਨੇ ਆਪਣਾ ਇਨਕਲਾਬ ਦਾ ਸੁਪਨਾ ਤਿਆਗ ਕੇ ਸੜਿਆਂਦ ਮਾਰਦੀ 'ਮੁੱਖਧਾਰਾ' ਨਾਲ ਸਮਝੌਤਾ ਨਹੀਂ ਕੀਤਾ ਅਤੇ ਉਹ ਆਪਣੀਆਂ ਜ਼ਿੰਦਗੀਆਂ ਦਾ ਮੁੱਲ ਤਾਰ ਕੇ ਬੁਨਿਆਦੀ ਸਮਾਜੀ ਤਬਦੀਲੀ ਦੇ ਸੁਪਨੇ ਨੂੰ ਜ਼ਿੰਦਾ ਰੱਖਦੇ ਹੋਏ ਇਸ ਨੂੰ ਸਾਕਾਰ ਕਰਨ ਲਈ ਤਨਦੇਹੀ ਨਾਲ ਜੁੱਟੇ ਹੋਏ ਹਨ। ਉਨ੍ਹਾਂ ਦੇ ਲੜਾਈ ਦੇ ਤਰੀਕਿਆਂ ਦੀ ਆਲੋਚਨਾ ਹੋ ਸਕਦੀ ਹੈ ਪਰ ਉਨ੍ਹਾਂ ਦਾ ਮੂਲ ਉਦੇਸ਼ ਆਮ ਲੋਕਾਈ ਨੂੰ ਲੁੱਟ, ਦਾਬੇ ਅਤੇ ਨੰਗੇ ਅਨਿਆਂ ਤੋਂ ਨਿਜ਼ਾਤ ਦਿਵਾਉਣਾ ਅਤੇ ਚੰਗੇ ਸਮਾਜ ਦੀ ਸਿਰਜਣਾ ਕਰਨਾ ਹੈ। ਇਹ ਗੱਲ ਹੁਕਮਰਾਨਾਂ ਦਾ ਇਕ ਹਿੱਸਾ ਖ਼ੁਦ ਮੰਨਦਾ ਰਿਹਾ ਹੈ ਕਿ 'ਨਕਸਲੀ ਸੱਚੇ ਦੇਸ਼ਭਗਤ ਹਨ'। ਤ੍ਰਾਸਦੀ ਇਹ ਹੈ ਕਿ ਪਿਛਲੇ ਸਮੇਂ 'ਚ 'ਨਕਸਲਵਾਦ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਦਾ ਬਿਰਤਾਂਤ ਭਾਰੂ ਹੋ ਗਿਆ ਹੈ ਅਤੇ ਦੁਨੀਆ ਭਰ 'ਚ ਸਮਾਜਵਾਦੀ ਕੈਂਪ ਖ਼ਤਮ ਹੋਣ 'ਤੋਂ ਬਾਅਦ ਇੱਥੋਂ ਦੇ ਮੱਧਵਰਗੀ ਲੋਕਾਂ ਦੇ ਵੱਡੇ ਹਿੱਸੇ ਨੇ ਸਮਾਜਿਕ ਤਬਦੀਲੀ ਪ੍ਰਤੀ ਹਮਦਰਦੀ ਤਿਆਗ ਕੇ ਆਪਣਾ ਭਵਿੱਖ ਭਗਵਾ ਫਾਸ਼ੀਵਾਦ ਅਤੇ ਖੁੱਲ੍ਹੀ ਮੰਡੀ ਦੀ ਆਰਜ਼ੀ ਜਿੱਤ ਵਿਚ ਦੇਖਣਾ ਸ਼ੁਰੂ ਕਰ ਦਿੱਤਾ ਹੈ।

ਕੇਸ਼ਵ ਰਾਓ ਅਤੇ ਹੋਰ ਮਾਓਵਾਦੀ ਇਨਕਲਾਬੀਆਂ ਦਾ ਛੱਤੀਸਗੜ੍ਹ ਤੇ ਹੋਰ ਰਾਜਾਂ ਦੇ ਜੰਗਲਾਂ-ਪਹਾੜਾਂ ਨਾਲ ਪੰਜ ਦਹਾਕੇ ਲੰਮਾ ਗੂੜ੍ਹਾ ਰਿਸ਼ਤਾ ਰਿਹਾ ਹੈ ਅਤੇ ਉਹ ਇੱਥੋਂ ਦੇ ਚੱਪੇ-ਚੱਪੇ ਦੇ ਭੇਤੀ ਹਨ। ਇਹੀ ਵਜ੍ਹਾ ਹੈ ਕਿ 'ਅਬੂਝਮਾੜ' ਅਤੇ ਇਸਦੇ ਨਾਲ ਲੱਗਦੇ ਸੰਘਣੇ ਜੰਗਲੀ-ਪਹਾੜੀ ਖੇਤਰਾਂ ਵਿਚੋਂ ਮਾਓਵਾਦੀ ਲਹਿਰ ਦਾ ਸਫ਼ਾਇਆ ਕਰਕੇ ਇਸ ਵਿਸ਼ਾਲ ਖੇਤਰ ਨੂੰ ਮੁਕੰਮਲ ਕਬਜ਼ੇ ਵਿਚ ਲੈਣ ਲਈ ਭਾਰਤੀ ਹੁਕਮਰਾਨਾਂ ਨੂੰ ਡੇਢ ਦਹਾਕੇ 'ਤੋਂ ਜੰਗੀ ਪੱਧਰ 'ਤੇ ਫ਼ੌਜੀ ਓਪਰੇਸ਼ਨ ਚਲਾਉਣੇ ਪੈ ਰਹੇ ਹਨ, ਜਿਨ੍ਹਾਂ ਦਾ ਅਜੋਕਾ ਰੂਪ 'ਓਪਰੇਸ਼ਨ ਕਗਾਰ' (ਆਖ਼ਰੀ ਹੱਲਾ) ਹੈ। ਇਹ ਉਹ ਖੇਤਰ ਹੈ ਜਿਸ ਨੂੰ ਅੰਗਰੇਜ਼ ਹਕੂਮਤ ਵੀ ਆਪਣੇ ਰਾਜ ਦਾ ਹਿੱਸਾ ਨਹੀਂ ਸੀ ਬਣਾ ਸਕੀ ਅਤੇ 'ਆਜ਼ਾਦੀ' ਤੋਂ ਪੰਜ ਦਹਾਕੇ ਬਾਅਦ ਵੀ ਭਾਰਤ ਸਰਕਾਰ ਨੇ ਕਦੇ ਇਸ ਖੇਤਰ ਦੇ ਮੂਲਵਾਸੀ ਬਾਸ਼ਿੰਦਿਆਂ ਦੀ ਸਾਰ ਨਹੀਂ ਸੀ ਲਈ। ਨਕਸਲੀ ਜਥੇਬੰਦੀ 'ਪੀਪਲਜ਼ ਵਾਰ' ਗਰੁੱਪ ਦੇ ਆਗੂਆਂ ਨੇ ਇਸ ਸੰਘਣੇ ਜੰਗਲੀ-ਪਹਾੜੀ ਖੇਤਰ ਨੂੰ ਆਪਣੇ ਨਵ-ਜਮਹੂਰੀ ਇਨਕਲਾਬ ਦੇ ਪ੍ਰੋਗਰਾਮ ਤਹਿਤ 'ਗੁਰੀਲਾ ਆਧਾਰ ਇਲਾਕਾ' ਬਣਾਉਣ ਲਈ ਚੁਣਿਆ। ਇਸ ਮਿਸ਼ਨ ਤਹਿਤ ਆਂਧਰਾ ਪ੍ਰਦੇਸ਼ ਤੋਂ ਭੇਜੇ ਨੌਜਵਾਨਾਂ ਦੇ ਜੱਥੇ ਇਸ ਅਣਜਾਣੇ ਖੇਤਰ ਦੇ ਧੁਰ ਅੰਦਰ ਤੱਕ ਪਹੁੰਚ ਕੇ ਇੱਥੋਂ ਦੇ ਮੂਲਵਾਸੀ ਲੋਕਾਂ ਦੇ ਦੁੱਖ-ਸੁੱਖ ਵਿਚ ਭਾਈਵਾਲ ਬਣੇ। ਉਨ੍ਹਾਂ ਨੇ ਬਾਹਰਲੀ ਦੁਨੀਆ ਤੋਂ ਅਟੰਕ ਆਦਿਵਾਸੀਆਂ ਨੂੰ ਆਪਣੇ ਨਾਲ ਜੋੜਿਆ ਅਤੇ ਉਨ੍ਹਾਂ ਨਾਲ ਰਚ-ਮਿਚ ਗਏ। ਜਦੋਂ ਭਾਰਤੀ ਹੁਕਮਰਾਨਾਂ ਨੇ ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦੇ ਕਾਰਪੋਰੇਟ 'ਵਿਕਾਸ' ਮਾਡਲ ਤਹਿਤ ਆਦਿਵਾਸੀ ਖੇਤਰਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਸਾਜ਼ਿਸ਼ ਨੂੰ ਅੰਜਾਮ ਦੇਣਾ ਸ਼ੁਰੂ ਕੀਤਾ ਤਾਂ ਆਦਿਵਾਸੀ ਲੋਕ ਮਾਓਵਾਦੀਆਂ ਦੀ ਅਗਵਾਈ ਹੇਠ ਇਸ ਕਾਰਪੋਰੇਟ ਧਾਵੇ ਵਿਰੁੱਧ ਜਾਨ-ਹੂਲਵੀਂ ਲੜਾਈ ਵਿਚ ਡੱਟ ਗਏ।

ਇਸ ਟਾਕਰੇ ਨੂੰ ਖ਼ਤਮ ਕਰਨ ਲਈ ਆਲਮੀ ਅਤੇ ਭਾਰਤੀ ਕਾਰਪੋਰੇਟ ਸਰਮਾਏ ਦੇ ਸੰਦ ਭਾਰਤੀ ਰਾਜ ਨੇ 2005 ਤੋਂ ਲੈ ਕੇ ਆਦਿਵਾਸੀਆਂ ਅਤੇ ਮਾਓਵਾਦੀਆਂ ਦੇ ਮੁਕੰਮਲ ਸਫ਼ਾਏ ਲਈ ਫ਼ੌਜੀ ਮੋਰਚਾ ਖੋਲ੍ਹਿਆ ਹੋਇਆ ਹੈ। ਭਗਵਾ ਹਕੂਮਤ ਦੇ 'ਨਕਸਲਵਾਦ ਮੁਕਤ ਭਾਰਤ' ਦੇ ਟੀਚੇ ਅਤੇ ਕਾਰਪੋਰੇਟ ਜਗਤ ਨਾਲ ਕੀਤੇ ਇਕਰਾਰਨਾਮਿਆਂ ਦਰਮਿਆਨ ਸਿੱਧਾ ਸੰਬੰਧ ਹੈ। ਇਸੇ ਕਰਕੇ, ਘੋਰ ਜਬਰ, ਕਤਲੇਆਮ, ਗ੍ਰਿਫ਼ਤਾਰੀਆਂ, ਡਰੋਨਾਂ ਨਾਲ ਬੰਬਾਰੀ ਅਤੇ ਤਬਾਹੀ ਦੇ ਰੂਪ 'ਚ ਆਮ ਲੋਕਾਂ-ਖ਼ਾਸ ਕਰਕੇ ਸਭ ਤੋਂ ਵੱਧ ਦੱਬੇ-ਕੁਚਲੇ ਅਤੇ ਲੁੱਟੀਂਦੇ ਆਦਿਵਾਸੀ ਭਾਈਚਾਰੇ ਨੂੰ ਉਜਾੜਨ ਅਤੇ ਮਾਰਨ ਦੇ ਨੀਮ-ਫ਼ੌਜੀ ਓਪਰੇਸ਼ਨਾਂ ਨੂੰ ਦਿਨੋ-ਦਿਨ ਵੱਧ ਤੋਂ ਵੱਧ ਭਿਆਨਕ ਰੂਪ ਦਿੱਤਾ ਜਾ ਰਿਹਾ ਹੈ। ਇਸ ਦਾ ਇੱਕੋ-ਇਕ ਮਕਸਦ ਮਾਰਚ 2026 ਤੱਕ ਭਾਰਤ ਨੂੰ 'ਨਕਸਲਵਾਦ ਮੁਕਤ' ਬਣਾਉਣਾ ਯਾਨੀ ਕਾਰਪੋਰੇਟ ਪ੍ਰੋਜੈਕਟਾਂ ਲਈ ਅੜਿੱਕਾ ਬਣ ਰਹੇ ਆਦਿਵਾਸੀ ਟਾਕਰੇ ਨੂੰ ਖ਼ਤਮ ਕਰਨਾ ਹੈ। ਪਹਿਲਾਂ ਇਸ ਨੂੰ 'ਸਲਵਾ ਜੁਡਮ', 'ਓਪਰੇਸ਼ਨ ਗਰੀਨ ਹੰਟ', 'ਸਮਾਧਾਨ-ਪਰਹਾਰ' ਨਾਂ ਦਿੱਤੇ ਗਏ, ਅਤੇ ਜਨਵਰੀ 2024 ਤੋਂ 'ਓਪਰੇਸ਼ਨ ਕਗਾਰ' ਤੇ ਹੁਣ 'ਓਪਰੇਸ਼ਨ ਬਲੈਕ ਫਾਰੈਸਟ' ਦੇ ਨਾਂ ਹੇਠ ਇਨਸਾਨਾਂ ਨੂੰ ਜਾਨਵਰਾਂ ਵਾਂਗ ਘੇਰ-ਘੇਰ ਕੇ ਮਾਰਿਆ ਜਾ ਰਿਹਾ ਹੈ।

ਇਨ੍ਹਾਂ ਜੰਗਲੀ-ਪਹਾੜੀ ਜ਼ਿਲ੍ਹਿਆਂ ਵਿੱਚੋਂ ਮਾਓਵਾਦੀ ਤਾਕਤਾਂ ਨੂੰ ਖ਼ਤਮ ਕਰਕੇ ਖਣਨ ਸ਼ੁਰੂ ਕਰਨ ਦੀ ਵਿਆਪਕ ਯੋਜਨਾ ਹੈ। ਇਸੇ ਲਈ ਪੂਰੇ ਭਾਰਤ ਵਿਚ, 2015-2020 ਦਰਮਿਆਨ 6 ਲੱਖ 68400 ਹੈਕਟੇਅਰ ਜੰਗਲ ਖ਼ਤਮ ਕਰ ਦਿੱਤਾ ਗਿਆ। ਹੁਣ ਵਾਤਾਵਰਣ ਤੇ ਜੰਗਲਾਤ ਮੰਤਰਾਲੇ ਵੱਲੋਂ ਗੜ੍ਹਚਿਰੌਲੀ ਜ਼ਿਲ੍ਹੇ ਦੇ ਜੰਗਲ ਦੀ 937 ਹੈਕਟੇਅਰ ਜ਼ਮੀਨ ਲਲੋਇਡ ਮੈਟਲਜ਼ ਐਂਡ ਐਨਰਜੀ ਲਿਮ. ਦੇ ਸਟੀਲ ਪ੍ਰੋਜੈਕਟ ਲਈ ਦੇਣ ਅਤੇ 1.23 ਲੱਖ ਦਰੱਖ਼ਤ ਵੱਢਣ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਇਹ 'ਨਕਸਲਵਾਦ-ਮੁਕਤ ਭਾਰਤ' ਦੇ ਅਸਲ ਮਨੋਰਥ ਦਾ ਮੂੰਹ ਬੋਲਦਾ ਸਬੂਤ ਹੈ।

ਬਹੁਤ ਸਾਰੇ ਲੋਕਾਂ ਨੂੰ ਲੱਗ ਸਕਦਾ ਹੈ ਕਿ ਬਸਵਾ ਰਾਜੂ ਦੇ ਮਾਰੇ ਜਾਣ ਨਾਲ 'ਹਿੰਸਕ' ਟਕਰਾਅ ਦਾ ਅੰਤ ਤੈਅ ਹੋ ਗਿਆ ਹੈ। ਉਹ ਇਸ ਹਕੀਕਤ ਨੂੰ ਦੇਖਣ-ਸਮਝਣ ਤੋਂ ਅਸਮਰੱਥ ਹਨ ਕਿ ਜੋ ਕੁਝ ਬਸਤਰ ਵਿਚ ਚੱਲ ਰਿਹਾ ਹੈ, ਉਹ ਮਹਿਜ਼ ਖੇਤਰੀ ਟਕਰਾਅ ਜਾਂ ਮਾਓਵਾਦੀ ਬਗ਼ਾਵਤ ਨਹੀਂ ਹੈ। ਉਹ ਦਰਅਸਲ, ਰਾਜਕੀ ਹਿੰਸਾ ਅਤੇ ਕਾਰਪੋਰੇਟ ਲਾਲਚ ਵਿਰੁੱਧ ਮੂਲਵਾਸੀ ਵਸੋਂ ਦੀ ਹੋਂਦ, ਮਾਣ-ਸਨਮਾਨ ਅਤੇ ਸਭ ਤੋਂ ਵੱਧ ਹਾਸ਼ੀਏ 'ਤੇ ਧੱਕੇ ਲੋਕਾਂ ਦੇ ਹੱਕਾਂ ਨੂੰ ਮਾਨਤਾ ਦਿਵਾਉਣ ਲਈ ਸੰਘਰਸ਼ ਹੈ ਜਿਸਦੇ ਬਰਕਰਾਰ ਰਹਿਣ ਜਾਂ ਕੁਚਲ ਦਿੱਤੇ ਜਾਣ ਦੇ ਬਹੁਤ ਹੀ ਗੰਭੀਰ ਅਸਰ ਮੁਲਕ ਦੇ ਭਵਿੱਖ ਉੱਪਰ ਪੈਣੇ ਹਨ। ਪਰ ਇਹ ਤੈਅ ਹੈ ਕਿ ਜਦੋਂ ਤੱਕ ਬੇਕਿਰਕ ਲੁੱਟ ਅਤੇ ਦਾਬੇ 'ਤੇ ਟਿਕਿਆ ਜਾਬਰ ਪ੍ਰਬੰਧ ਮੌਜੂਦ ਹੈ, ਆਮ ਲੋਕਾਂ ਦੀ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਸੰਘਰਸ਼ ਦੀ ਜ਼ਰੂਰਤ ਬਣੀ ਰਹੇਗੀ ਅਤੇ ਸੰਵੇਦਨਸ਼ੀਲ ਇਨਸਾਨ ਆਪਣਾ ਨਿੱਜ ਤਿਆਗ ਕੇ ਮਾਨਵਤਾ ਦੀ ਬੰਦ-ਖ਼ਲਾਸੀ ਲਈ ਇਨਕਲਾਬੀ ਬਣਦੇ ਰਹਿਣਗੇ।

ਭਾਰਤੀ ਰਾਜ ਫ਼ੌਜੀ ਹਮਲਿਆਂ ਰਾਹੀਂ ਕਮਿਊਨਿਸਟਾਂ ਨੂੰ ਨਸ਼ਟ ਕਰਨਾ, ਜਨਤਕ ਵਿਰੋਧ ਨੂੰ ਕੁਚਲਣਾ ਅਤੇ ਲੋਕਾਂ ਦੀ ਆਜ਼ਾਦੀ ਅਤੇ ਇਨਸਾਫ਼ ਦੀ ਰੀਝ ਨੂੰ ਪੂਰੀ ਤਰ੍ਹਾਂ ਕੁਚਲ ਦੇਣਾ ਚਾਹੁੰਦਾ ਹੈ। ਬਸਵਾ ਰਾਜੂ ਅਤੇ ਹੋਰ ਮਾਓਵਾਦੀ ਆਗੂ 1970ਵਿਆਂ ਦੇ ਸ਼ੁਰੂ 'ਚ ਨਕਸਲੀ ਲਹਿਰ ਦੇ ਮੋਢੀ ਆਗੂ ਚਾਰੂ ਮਜੂਮਦਾਰ ਅਤੇ ਹੋਰ ਹਜ਼ਾਰਾਂ ਨਕਸਲੀਆਂ ਦੇ 'ਪੁਲਿਸ ਮੁਕਾਬਲਿਆਂ' ਅਤੇ ਹਿਰਾਸਤ ਵਿਚ ਕਤਲਾਂ ਤੋਂ ਭਲੀ-ਭਾਂਤ ਜਾਣੂ ਸਨ। ਉਨ੍ਹਾਂ ਨੂੰ ਪਤਾ ਸੀ ਕਿ ਕਮਿਊਨਿਸਟ ਇਨਕਲਾਬੀ ਲਹਿਰ ਵਿਚ ਸ਼ਾਮਲ ਹੋਣ ਦਾ ਮਤਲਬ ਹੈ, ਆਪਣੀ ਪੂਰੀ ਜ਼ਿੰਦਗੀ ਇਸ ਮਿਸ਼ਨ ਦੇ ਲੇਖੇ ਲਾ ਦੇਣਾ। ਰਾਜ ਦੇ ਹੱਥੋਂ ਤਸ਼ੱਦਦ ਜਾਂ ਕਤਲ ਹੋਣ ਨੂੰ ਸੱਦਾ ਦੇਣਾ। ਇਸ ਖ਼ਤਰੇ ਤੋਂ ਬੇਪ੍ਰਵਾਹ ਹੋ ਕੇ ਉਹ ਆਖ਼ਰੀ ਸਾਹ ਤਕ ਨੰਗੇ ਅਨਿਆਂ ਅਤੇ ਨਬਰਾਬਰੀ 'ਤੇ ਟਿਕੇ ਲੋਟੂ ਪ੍ਰਬੰਧ ਨੂੰ ਖ਼ਤਮ ਕਰਕੇ ਸੱਚਾ ਲੋਕ-ਜਮਹੂਰੀ ਰਾਜ ਸਥਾਪਤ ਕਰਨ ਲਈ ਸੰਘਰਸ਼ਸ਼ੀਲ ਰਹੇ। ਉਨ੍ਹਾਂ ਦੀ ਜ਼ਿੰਦਗੀ ਦੱਬੇ-ਕੁਚਲੇ ਤੇ ਬੇਵੱਸ ਬਣਾ ਦਿੱਤੇ ਗਏ ਆਮ ਲੋਕਾਂ ਦੇ ਹਿਤਾਂ ਲਈ ਨਿਰਸਵਾਰਥ ਕੰਮ ਕਰਨ ਦੀ ਉਮਦਾ ਮਿਸਾਲ ਹੈ। ਇਸਦੇ ਮੁਕਾਬਲੇ ਭਾਰਤੀ ਹਾਕਮ ਜਮਾਤੀ ਰਾਜਨੀਤਕ ਕੋੜਮੇ ਲਈ ਸੱਤਾ ਅਤੇ ਨਿੱਜੀ ਸਵਾਰਥ ਹੀ ਸਭ ਕੁਝ ਹੈ ਅਤੇ ਉਨ੍ਹਾਂ ਦੇ ਨਿਘਾਰ ਦੀ ਕੋਈ ਹੱਦ ਨਹੀਂ ਹੈ। ਤ੍ਰਾਸਦੀ

*(ਬਾਕੀ ਅਗਲੇ ਸਫੇ 'ਤੇ)*

## ਬਸਵਾ ਰਾਜੂ ਦੇ ਜੀਵਨ ਦੀ ਝਲਕ

ਆਂਧਰਾ ਪ੍ਰਦੇਸ਼ ਦੇ ਸ੍ਰੀਕਾਕੁਲਮ ਜ਼ਿਲ੍ਹੇ ਦੇ ਪਿੰਡ ਜਿਆਨਾਪੇਟਾ ਦੇ ਆਮ ਪਰਿਵਾਰ ਦੇ ਜੰਮ-ਪਲ ਕਾਮਰੇਡ ਬਸਵਾ ਰਾਜੂ ਨੇ ਆਪਣੇ ਇਨਕਲਾਬੀ ਰਾਜਨੀਤਕ ਸਫ਼ਰ ਦਾ ਆਗਾਜ਼ 1973-74 ਵਿਚ ਵਾਰੰਗਲ ਦੇ ਰਿਜਨਲ ਇੰਜੀਨੀਅਰਿੰਗ ਕਾਲਜ (ਹੁਣ ਨੈਸ਼ਨਲ ਇੰਸਟੀਚਿਊਟਿ ਆਫ ਟੈਕਨਾਲੋਜੀ) 'ਤੋਂ ਸ਼ੁਰੂ ਕੀਤਾ, ਜਿੱਥੇ ਉਹ ਬੀ.ਟੈੱਕ ਦੀ ਡਿਗਰੀ ਕਰਦਿਆਂ ਵਿਦਿਆਰਥੀ ਆਗੂ ਬਣੇ ਅਤੇ ਐੱਮ.ਟੈੱਕ ਦੀ ਪੜ੍ਹਾਈ ਛੱਡ ਕੇ ਕੁਲ-ਵਕਤੀ ਇਨਕਲਾਬੀ ਬਣ ਗਏ। ਉਹ ਰੈਡੀਕਲ ਸਟੂਡੈਂਟਸ ਯੂਨੀਅਨ (ਆਰ.ਐੱਸ.ਯੂ.) ਦੇ ਬਾਨੀ ਮੈਂਬਰਾਂ ਵਿੱਚੋਂ ਇਕ ਸੀ। ਰਿਜਨਲ ਇੰਜੀਨੀਅਰਿੰਗ ਕਾਲਜ ਨੂੰ 'ਰੈਡੀਕਲ ਇੰਜੀਨੀਅਰਿੰਗ ਕਾਲਜ' ਬਣਾਉਣ ਵਿਚ ਉਸ ਦੀ ਮਹੱਤਵਪੂਰਣ ਭੂਮਿਕਾ ਰਹੀ। ਇਹ ਉਹ ਦੌਰ ਸੀ ਜਦੋਂ ਪੂਰੇ ਆਂਧਰਾ ਪ੍ਰਦੇਸ਼ ਵਿਚ ਸਾਹਿਤ ਤੇ ਕਲਾ ਦੇ ਖੇਤਰ ਦੇ ਨਾਲ ਉੱਚ ਵਿਦਿਅਕ ਸੰਸਥਾਵਾਂ ਵਿਚ ਵੀ ਨਕਸਲੀ ਸਿਆਸਤ ਦਾ ਜ਼ੋਰ ਸੀ ਅਤੇ ਪਿਛਾਖੜੀ 'ਵਿਦਿਆਰਥੀ' ਗੁੱਟਾਂ ਦੇ ਹਿੰਸਕ ਹਮਲੇ ਵੀ ਇਨਕਲਾਬੀ ਉਭਾਰ ਨੂੰ ਰੋਕਣ ਤੋਂ ਬੇਵੱਸ ਸਨ। ਆਰ.ਐੱਸ.ਯੂ. ਵਿਦਿਆਰਥੀਆਂ ਨੂੰ ਨਿੱਜੀ ਭਵਿੱਖ ਤਿਆਗ ਕੇ ਸਮਾਜ ਵਿਚ ਇਨਕਲਾਬੀ ਤਬਦੀਲੀ ਲਿਆਉਣ ਲਈ ਪ੍ਰੇਰਤ ਕਰਨ ਵਿਚ ਇਸ ਕਦਰ ਕਾਮਯਾਬ ਹੋਈ ਕਿ ਹਜ਼ਾਰਾਂ ਵਿਦਿਆਰਥੀ ਇਨਕਲਾਬੀ ਲਹਿਰ ਵਿਚ ਕੁੱਦ ਪਏ। ਕਿਸ਼ਨ ਜੀ, ਬਸਵਾ ਰਾਜੂ, ਭੂਪਤੀ, ਚੇਰੂਕੁਰੀ ਰਾਜਕੁਮਾਰ ਉਰਫ਼ ਆਜ਼ਾਦ ਵਰਗੇ ਚੋਟੀ ਦੇ ਮਾਓਵਾਦੀ ਆਗੂ ਅਤੇ ਹੋਰ ਵੱਖ-ਵੱਖ ਪੱਧਰ ਦੇ ਸੈਂਕੜੇ ਆਗੂ ਇਸੇ ਦੌਰ ਦੀ ਪੈਦਾਵਾਰ ਸਨ।

ਐਮਰਜੈਂਸੀ ਦੌਰਾਨ ਜਦ ਇਨਕਲਾਬੀਆਂ ਉੱਪਰ ਜ਼ੁਲਮ ਵਧੇ ਤਾਂ ਬਸਵਾ ਰਾਜੂ ਰੂਪੋਸ਼ ਹੋ ਕੇ ਪੀਪਲਜ਼ ਵਾਰ ਗਰੁੱਪ ਵਿਚ ਸਰਗਰਮ ਹੋ ਗਏ। ਆਪਣੀ ਕਾਬਲੀਅਤ ਦੇ ਜ਼ੋਰ ਉਹ ਵੱਖ-ਵੱਖ ਪੱਧਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ



'ਦੰਡਕਾਰਣੀਆ ਸਪੈਸ਼ਲ ਜ਼ੋਨਲ ਕਮੇਟੀ' ਦੇ ਸਕੱਤਰ ਬਣੇ, ਜੋ ਕਿ ਬਸਤਰ ਅਤੇ ਇਸ ਦੇ ਆਲੇ-ਦੁਆਲੇ ਦੇ ਰਾਜਾਂ ਵਿਚ ਫੈਲੇ ਮਾਓਵਾਦੀ ਪ੍ਰਭਾਵ ਵਾਲੇ ਮੁੱਖ ਖੇਤਰ ਦੀ ਜਥੇਬੰਦੀ ਹੈ, ਅਤੇ ਪੀਪਲਜ਼ ਵਾਰ ਗਰੁੱਪ ਦੀ ਕੇਂਦਰੀ ਲੀਡਰਸ਼ਿੱਪ ਵਿਚ ਸ਼ੁਮਾਰ ਹੋ ਗਏ। ਆਪਣੇ ਇੰਜੀਨੀਅਰਿੰਗ ਦੇ ਗਿਆਨ ਦੀ ਵਰਤੋਂ ਉਸਨੇ ਗੁਰੀਲਾ ਯੁੱਧ ਲਈ ਮਾਓਵਾਦੀ ਜਥੇਬੰਦੀ ਦੇ ਮਿਲਟਰੀ ਪੱਖ ਨੂੰ ਮਜ਼ਬੂਤ ਬਣਾਉਣ ਲਈ ਕੀਤੀ ਅਤੇ ਮਾਓਵਾਦੀ ਛਾਪਾਮਾਰ ਟੁਕੜੀਆਂ ਨੂੰ ਸਿਖਲਾਈ ਦੇਣ ਵਿਚ ਉਸਦੀ ਵੱਡੀ ਭੂਮਿਕਾ ਮੰਨੀ ਜਾਂਦੀ ਹੈ। ਸੀ.ਆਰ.ਪੀ.ਐੱਫ. ਦੇ ਉੱਚ ਅਧਿਕਾਰੀਆਂ ਨੇ ਵੀ ਮੰਨਿਆ ਕਿ ਉਹ ਛਾਪਾਮਾਰ ਯੁੱਧ ਅਤੇ ਆਈਈਡੀ ਤਕਨੀਕ ਦਾ ਮਹਿਰ ਸੀ। ਉਸਨੇ ਨਕਸਲੀ ਗਰੁੱਪਾਂ ਦਾ ਰਲੇਵਾਂ ਕਰਕੇ 2004 ਵਿਚ ਸੀ.ਪੀ.ਆਈ. (ਮਾਓਵਾਦੀ) ਨਾਂ ਦੀ ਇਕਜੁੱਟ ਪਾਰਟੀ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ 2018 ਵਿਚ ਪਹਿਲੇ ਜਨਰਲ ਸਕੱਤਰ ਗਣਪਤੀ ਵੱਲੋਂ ਸਵੈ-ਇੱਛਾ ਨਾਲ ਆਗੂ ਭੂਮਿਕਾ ਛੱਡਣ 'ਤੇ ਉਸ ਨੂੰ ਮਾਓਵਾਦੀ ਪਾਰਟੀ ਦਾ ਜਨਰਲ ਸਕੱਤਰ ਚੁਣਿਆ ਗਿਆ।

ਬਸਵਾ ਰਾਜੂ ਬੀ.ਟੈੱਕ ਕਰਕੇ ਆਰਾਮਦਾਇਕ ਜ਼ਿੰਦਗੀ ਗੁਜ਼ਾਰ ਸਕਦੇ ਸਨ-ਪਰ ਉਨ੍ਹਾਂ ਨੇ ਪੀੜਤ ਅਤੇ ਬੁਨਿਆਦੀ ਮਨੁੱਖੀ ਸਹੂਲਤਾਂ ਤੋਂ ਵਾਂਝੀ ਲੋਕਾਈ ਦੇ ਹਿਤਾਂ ਲਈ ਲੜਨ ਦਾ ਰਾਹ ਚੁਣਿਆ। ਮਾਓਵਾਦੀ ਇਨਕਲਾਬੀ ਸਧਾਰਨ ਲੋਕਾਂ ਵਰਗੀ ਜ਼ਿੰਦਗੀ ਜਿਉਂਦੇ ਹਨ। ਉਹ ਇਸਦੀ ਮਿਸਾਲ ਬਣੇ ਕਿ ਲੁੱਟ-ਖਸੁੱਟ ਅਤੇ ਦਾਬੇ ਵਿਰੁੱਧ ਕਮਿਊਨਿਸਟ ਨਜ਼ਰੀਆ ਰੱਖਣ ਵਾਲਿਆਂ ਦੀ ਜ਼ਿੰਦਗੀ ਕਿਵੇਂ ਹੋਣੀ ਚਾਹੀਦੀ ਹੈ। ਬਸਵਾ ਰਾਜੂ ਨੇ ਸਖ਼ਤ ਛਾਪਾਮਾਰ ਅਨੁਸ਼ਾਸਨ ਵਾਲੀ ਜ਼ਿੰਦਗੀ ਜੀਵੀ ਅਤੇ ਹੋਰਾਂ ਲਈ ਮਿਸਾਲ ਬਣੇ। ਉਸ ਦੇ ਨਾਲ ਕੰਮ ਕਰ ਚੁੱਕੇ ਸਾਬਕਾ ਮਾਓਵਾਦੀ, ਜੋ ਆਤਮ-ਸਮਰਪਣ ਕਰਕੇ ਆਮ ਜ਼ਿੰਦਗੀ ਜੀਅ ਰਹੇ ਹਨ, ਦੱਸਦੇ ਹਨ ਕਿ ਬਸਵਾ ਰਾਜੂ ਅਤੇ ਗਣਪਤੀ ਵਰਗੇ ਪ੍ਰਮੁੱਖ ਆਗੂ ਵੀ ਆਪਣੇ ਭਾਂਡੇ ਆਪ ਧੋਂਦੇ ਹਨ ਅਤੇ ਬਾਕੀ ਛਾਪਾਮਾਰਾਂ ਦੀ ਤਰ੍ਹਾਂ ਆਪਣੇ ਹਿੱਸੇ ਆਉਂਦਾ ਮੁਸ਼ੱਕਤੀ ਕੰਮ ਖ਼ੁਦ ਕਰਦੇ ਹਨ। ਉਨ੍ਹਾਂ ਦੀ ਸ਼ਖ਼ਸੀਅਤ ਦਾ ਹੀ ਪ੍ਰਭਾਵ ਹੈ ਕਿ ਉਸਦੀ ਲਾਸ਼ ਦੇਖ ਕੇ ਅਜਿਹੇ ਸਾਬਕਾ ਮਾਓਵਾਦੀ ਵੀ ਆਪਣੇ ਹੰਝੂ ਨਹੀਂ ਰੋਕ ਸਕੇ।

# ਮੱਧਕਾਲੀ ਪੰਜਾਬੀ ਸਾਹਿਤ ਦੇ ਰੁਸਤਮ ਵਿਦਵਾਨ ਸਨ ਡਾ. ਰਤਨ ਸਿੰਘ ਜੱਗੀ

ਸਾਡੇ ਸਭ ਦੇ ਹਰਮਨ ਪਿਆਰੇ ਅਤੇ ਸਤਿਕਾਰਤ ਡਾਕਟਰ ਰਤਨ ਸਿੰਘ ਜੱਗੀ ਸਾਡੇ ਵਿਚਕਾਰ ਨਹੀਂ ਰਹੇ। ਲਗਭਗ 98 ਵਰ੍ਹਿਆਂ ਦੀ ਭਰਪੂਰ, ਲੰਮੀ ਅਤੇ ਸਕਾਰਥ ਜ਼ਿੰਦਗੀ ਗੁਜ਼ਾਰ ਕੇ, ਉਹ ਸਾਥੋਂ ਵਿਛੜ ਗਏ ਹਨ। ਅਸੀਂ ਸਾਰੇ ਵੱਡੇ-ਛੋਟੇ ਉਦਾਸ ਹਾਂ, ਅੱਡ ਅੱਡ ਤਰ੍ਹਾਂ। ਸਾਡੇ ਵੇਲਿਆਂ ਵਿਚ ਡਾਕਟਰ ਜੱਗੀ ਅਜਿਹੇ ਵਾਹਦ ਵਿਦਵਾਨ ਸਨ, ਜਿਨ੍ਹਾਂ ਨੇ ਸਿਰਫ਼ ਤੇ ਸਿਰਫ਼ ਸਾਹਿਤ ਚਿੰਤਨ ਨੂੰ ਹੀ ਆਪਣੀ ਜ਼ਿੰਦਗੀ ਦਾ ਇੱਕੋ ਇੱਕ ਮੂਲ ਮੰਤਵ ਬਣਾਈ ਰੱਖਿਆ। ਆਪਣੀ ਜ਼ਿੰਦਗੀ ਦਾ ਪਲ ਪਲ, ਹਰ ਸਾਹ ਉਨ੍ਹਾਂ ਨੇ ਪੰਜਾਬੀ ਖੋਜ ਅਤੇ ਚਿੰਤਨ ਦੇ ਲੇਖੇ ਲਾਇਆ। ਉਹ ਕਿਸੇ ਵੀ ਅਜਿਹੇ ਵਕਤੀ ਮੰਤਵ, ਸਵਾਰਥ, ਰੁਝੇਵੇਂ ਜਾਂ ਰੁਝਾਨ ਵੱਲ ਰੁਚਿਤ ਨਹੀਂ ਰਹੇ, ਜੋ ਉਨ੍ਹਾਂ ਨੂੰ ਆਪਣੇ ਇਸ ਉੱਚ ਇਰਾਦੇ ਅਤੇ

**ਡਾ. ਜਸਵਿੰਦਰ ਸਿੰਘ**
**ਫੋਨ: 98728-60245**

ਸੱਚੇ ਅਕੀਦੇ ਤੋਂ ਪਾਸੇ ਲੈ ਜਾਵੇ। ਇਹੀ ਸੁਰਤੀ ਬਿਰਤੀ ਉਨ੍ਹਾਂ ਦੇ ਸਾਹਿਤ ਚਿੰਤਨ ਦੀ ਧਰੋਹਰ ਬਣੀ। ਆਪਣੇ ਇਸ ਅਕੀਦੇ ਨੂੰ ਉਨ੍ਹਾਂ ਨੇ ਤਾਉਮਰ ਕਰੜੀ ਮਿਹਨਤ, ਮਿਸਾਲੀ ਲਗਨ ਅਤੇ ਸੁਹਿਰਦਤਾ ਨਾਲ ਅਪਣਾਈ ਰੱਖਿਆ।

ਪ੍ਰਾਚੀਨ ਦੁਰਲੱਭ ਸ੍ਰੋਤਾਂ ਤੱਕ ਰਸਾਈ, ਗਹਿਨ-ਗੰਭੀਰ ਅਧਿਐਨ ਡਾਕਟਰ ਰਤਨ ਸਿੰਘ ਜੱਗੀ ਦੇ ਚਿੰਤਨ ਦੇ ਅਹਿਮ ਪੱਖ ਹਨ। ਪੇਸ਼ੇ ਵਜੋਂ ਡਾ. ਜੱਗੀ ਇੱਕ ਅਨੁਸ਼ਾਸਨਬੱਧ ਅਧਿਆਪਕ ਅਤੇ ਖੋਜੀ ਵਿਦਵਾਨ ਸਨ। ਅਧਿਆਪਕ ਹੋਣ ਦੀ ਨੈਤਿਕ ਜ਼ਿੰਮੇਵਾਰੀ ਨੂੰ ਪੂਰੀ ਪ੍ਰਤੀਬੱਧਤਾ ਨਾਲ ਨਿਭਾਉਂਦਿਆਂ ਉਨ੍ਹਾਂ ਨੇ ਆਪਣੀਆਂ ਲਿਖਤਾਂ ਰਾਹੀਂ ਲਗਾਤਾਰ ਸਾਹਿਤ ਚਿੰਤਨ ਦੇ ਖੇਤਰ ਵਿਚ ਵੀ ਨਿੱਗਰ ਯੋਗਦਾਨ ਪਾਇਆ। ਉਹ ਮੱਧਕਾਲੀ ਪੰਜਾਬੀ ਸਾਹਿਤ ਅਤੇ ਭਾਰਤੀ ਸਾਹਿਤ ਚਿੰਤਨ ਦੇ ਉੱਚ ਕੋਟੀ ਦੇ ਵਿਦਵਾਨ ਸਨ। ਗੁਰਮਤਿ ਸਾਹਿਤ, ਸੂਫ਼ੀ ਸਾਹਿਤ, ਭਗਤੀ ਸਾਹਿਤ ਉਨ੍ਹਾਂ ਦੇ ਵਿਸ਼ੇਸ਼ ਖੇਤਰ ਸਨ। ਉਹ ਅੰਗਰੇਜ਼ੀ, ਉਰਦੂ, ਫ਼ਾਰਸੀ ਅਤੇ ਸੰਸਕ੍ਰਿਤ ਭਾਸ਼ਾ ਦੇ ਵੀ ਗੂੜ੍ਹ ਗਿਆਤਾ ਸਨ। ਇਸ ਮਕਸਦ ਲਈ ਉਨ੍ਹਾਂ ਇਮਤਿਹਾਨ ਪਾਸ ਕੀਤੇ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 'ਤੋਂ ਉਨ੍ਹਾਂ ਨੇ ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ ਵਿਸ਼ੇ ਉੱਤੇ 1962 ਵਿਚ ਪੀਐੱਚ.ਡੀ. ਦੀ ਕੀਤੀ ਅਤੇ ਮਗਧ ਯੂਨੀਵਰਸਿਟੀ, ਬੋਧਗਯਾ ਤੋਂ ਸ੍ਰੀ ਗੁਰੂ ਨਾਨਕ: ਕਰਤਿਤਵ ਔਰ ਚਿੰਤਨ ਵਿਸ਼ੇ ਉੱਪਰ ਡੀ.ਲਿਟ. ਦੀ ਡਿਗਰੀ ਪ੍ਰਾਪਤ ਕੀਤੀ। ਇਸੇ ਸਦਕਾ ਉਨ੍ਹਾਂ ਦੀਆਂ ਲਿਖਤਾਂ ਵਿਚ ਪ੍ਰਮਾਣਿਕਤਾ, ਗਹਿਰਾਈ ਅਤੇ ਨਵੇਂ ਚਿੰਤਨ ਦੇ ਨਕਸ਼ ਡੂੰਘੇ ਹਨ।

ਡਾਕਟਰ ਜੱਗੀ ਨੇ ਛੇ ਦਹਾਕਿਆਂ ਤੋਂ ਵੱਧ ਸਮਾਂ ਨਿੱਠ ਕੇ ਖੋਜ ਕਾਰਜ ਕੀਤਾ। ਉਹ ਸਾਡੇ ਲਈ ਆਪਣੀਆਂ 139 ਮੁੱਲਵਾਨ ਪੁਸਤਕਾਂ ਦੀ ਵਿਰਾਸਤ ਛੱਡ ਗਏ ਹਨ। ਪੰਜਾਬੀ ਸਾਹਿਤ ਚਿੰਤਨ ਵਿਚ ਉਨ੍ਹਾਂ ਇਕੱਲਿਆਂ ਨੇ ਹੀ ਸੰਸਥਾਵਾਂ ਜਿੰਨਾ ਕੰਮ ਕੀਤਾ। ਪੰਜਾਬੀ ਅਤੇ ਹਿੰਦੀ ਦੋਵਾਂ ਭਾਸ਼ਾਵਾਂ ਵਿਚ ਮਿਆਰੀ ਲਿਖਤਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚ ਸਾਹਿਤ ਆਲੋਚਨਾ, ਅਨੁਵਾਦ, ਸੰਪਾਦਨ ਅਤੇ ਸਭ ਤੋਂ ਮਾਣਯੋਗ ਵਿਸ਼ਵਕੋਸ਼ ਸ਼ਾਮਲ ਹਨ। ਚਿੰਤਨ ਦੇ ਪਹਿਲੇ ਪੜਾਅ ਉੱਪਰ ਉਨ੍ਹਾਂ ਨੇ ਮੁੱਖ ਤੌਰ 'ਤੇ ਸਾਹਿਤ ਆਲੋਚਨਾ ਦੀਆਂ ਪੁਸਤਕਾਂ ਲਿਖੀਆਂ। ਦੂਸਰੇ ਪੜਾਅ ਦਾ ਮੁੱਲਵਾਨ ਕਾਰਜ ਪੰਜਾਬੀ ਅਤੇ ਹਿੰਦੀ ਵਿਚ ਰਚੇ ਗੁਰੂ ਗ੍ਰੰਥ ਵਿਸ਼ਵਕੋਸ਼, ਸਿੱਖ ਪੰਥ ਵਿਸ਼ਵਕੋਸ਼, ਅਰਥਬੋਧ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ ਵਿਸ਼ਵਕੋਸ਼ ਹਨ। ਇਉਂ ਹੀ ਦਸਮ ਗ੍ਰੰਥ ਦਾ ਟੀਕਾ (ਪੰਜ ਜਿਲਦਾਂ), ਭਾਵ ਪ੍ਰਬੋਧਨੀ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ (ਅੱਠ ਜਿਲਦਾਂ), ਪੰਜਾਬੀ ਸਾਹਿਤ ਦਾ ਸ੍ਰੋਤਮੂਲਕ ਇਤਿਹਾਸ (ਪੰਜ ਜਿਲਦਾਂ) ਉਨ੍ਹਾਂ ਦੀਆਂ ਬਹੁਤ ਵਡਮੁੱਲੀਆਂ ਰਚਨਾਵਾਂ ਹਨ। ਡਾਕਟਰ ਜੱਗੀ ਨੇ ਸ੍ਰੀ ਰਾਮਚਰਿਤ ਮਾਨਸ ਦਾ ਪੰਜਾਬੀ ਵਿਚ ਅਨੁਵਾਦ ਤੁਲਸੀ ਰਾਮਾਇਣ ਸਿਰਲੇਖ ਅਧੀਨ ਕੀਤਾ, ਜਿਸ ਨੂੰ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤਾ। ਉਨ੍ਹਾਂ ਦੀਆਂ ਲਿਖਤਾਂ ਦਾ ਆਕਾਰ ਵੀ ਵੱਡਾ ਹੈ ਅਤੇ ਉਨ੍ਹਾਂ ਵਿਚ ਪੇਸ਼ ਸ੍ਰੋਤ ਸਮੱਗਰੀ, ਵਿਸ਼ਲੇਸ਼ਣ ਅਤੇ ਚਿੰਤਨ ਵੀ ਸੰਤੁਲਿਤ ਅਤੇ ਉੱਚਪਾਏ ਦਾ ਹੈ। ਉਨ੍ਹਾਂ ਦੀ ਸਾਹਿਤ ਪ੍ਰਤੀ ਜੀਵਨ ਦ੍ਰਿਸ਼ਟੀ ਦਾ ਆਧਾਰ ਨਾ ਸੰਕੀਰਨ ਹੈ, ਨਾ ਕੱਟੜ ਅਤੇ ਨਾ ਹੀ ਫਜ਼ੂਲ ਵਾਦੀ-ਵਿਵਾਦੀ। ਉਨ੍ਹਾਂ ਦੇ ਚਿੰਤਨ ਦੇ ਆਧਾਰ ਵਿਚ ਭਾਰਤ ਦੀ ਕਲਾਸਕੀ ਚਿੰਤਨ ਪਰੰਪਰਾ ਦੇ ਪ੍ਰਮਾਣਿਕ ਨਕਸ਼ ਹਾਜ਼ਰ ਹਨ। ਗੁਰਮਤਿ ਸਾਹਿਤ ਅਤੇ ਸਿੱਖ ਚਿੰਤਨ ਉੱਪਰ ਡੂੰਘੀ ਅਤੇ ਵਿਸ਼ਾਲ ਮੁਹਾਰਤ ਹੈ। ਸਾਹਿਤ ਅਤੇ ਧਾਰਮਿਕ ਲਿਖਤਾਂ ਪ੍ਰਤੀ ਦ੍ਰਿਸ਼ਟੀਕੋਣ ਉਦਾਰ ਮਾਨਵਵਾਦੀ ਹੈ। ਉਹ ਬਹੁਤ ਬਾਰੀਕੀ, ਗਹਿਰਾਈ ਅਤੇ ਤਰਕਸ਼ੀਲ ਢੰਗ ਨਾਲ ਸਾਰੇ ਆਧਾਰੀ ਸ੍ਰੋਤਾਂ ਨੂੰ ਪੇਸ਼ ਕਰਨ ਦੀ ਉਚੇਰੀ ਸਮਰੱਥਾ ਰੱਖਦੇ ਸਨ। ਇਸੇ ਕਰਕੇ ਹੀ ਉਨ੍ਹਾਂ ਦੀਆਂ ਲਿਖਤਾਂ ਦਾ ਵੱਡਾ ਮੁੱਲ ਮਹੱਤਵ ਹੈ ਅਤੇ ਬਣਿਆ ਰਹੇਗਾ।

ਡਾਕਟਰ ਰਤਨ ਸਿੰਘ ਜੱਗੀ ਦੀ ਇਸ ਕਰੜੀ ਮਿਹਨਤ ਤੇ ਲਗਨ ਦਾ ਇੱਕ ਸ਼ਕਤੀਸ਼ਾਲੀ ਸ੍ਰੋਤ ਉਨ੍ਹਾਂ ਦੀ ਪਤਨੀ ਡਾਕਟਰ ਗੁਰਸ਼ਰਨ ਕੌਰ ਜੱਗੀ ਹਨ, ਜੋ ਖ਼ੁਦ ਇੱਕ ਉੱਚਪਾਏ ਦੇ ਵਿਦਵਾਨ ਅਤੇ ਪ੍ਰਬੁੱਧ ਅਧਿਆਪਕ ਹਨ। ਉਹ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਦੇ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾਮੁਕਤ ਹੋਏ। ਇਸੇ ਤਰ੍ਹਾਂ ਬੇਹੱਦ ਮਿਲਾਪੜਾ, ਨੇਕਨੀਅਤ ਅਤੇ ਮਿਹਨਤੀ ਪੁੱਤਰ ਮਾਲਵਿੰਦਰ ਸਿੰਘ ਜੱਗੀ, ਸੇਵਾਮੁਕਤ ਆਈ.ਏ.ਐੱਸ. ਹੈ।

ਅਜੋਕੇ ਫੋਕੀ ਹਉਮੈ, ਅੰਨ੍ਹੇ ਸਵਾਰਥਾਂ ਦੇ ਵਾਵਰੋਲਿਆਂ ਵਿਚ ਉਲਝੇ ਜੀਆਂ ਪਰਿਵਾਰਾਂ ਦੇ ਬੇਚੈਨ ਸਮਿਆਂ ਵਿਚ ਡਾਕਟਰ ਜੱਗੀ ਤੇ ਉਨ੍ਹਾਂ ਦਾ ਪਰਿਵਾਰ ਆਪਣੇ ਸਰਲ ਸਾਦਾ ਜੀਵਨ, ਉੱਚੇ-ਸੁੱਚੇ ਅਕੀਦਿਆਂ ਅਤੇ ਮਿਹਨਤ ਲਗਨ ਦਾ ਇੱਕ ਖ਼ੂਬਸੂਰਤ ਨਮੂਨਾ ਹੈ। ਇਸ ਵਿਚ ਡਾ. ਜੱਗੀ ਹੋਰਾਂ ਦੀ ਜੀਵਨ ਸ਼ੈਲੀ ਤੇ ਦ੍ਰਿਸ਼ਟੀ ਦਾ ਬਹੁਤ ਅਹਿਮ ਰੋਲ ਹੈ, ਜਿਸ ਸਦਕਾ ਉਹ ਹਰ ਮੌਕੇ ਮੁਸੀਬਤ ਦੀ ਘੜੀ ਭੈੜੀਆਂ ਹਕੀਕਤਾਂ ਨਾਲ ਬਰ ਮੇਚ, ਉਸ ਨੂੰ ਝੱਲ, ਸਾਹਮਣਾ ਕਰ ਆਪਣੇ ਉੱਚੇ ਸੁੱਚੇ ਇਰਾਦਿਆਂ ਤੋਂ ਕਿਸੇ ਵੀ ਤਰ੍ਹਾਂ ਨਾ ਭਟਕੇ, ਨਾ ਰੁਕੇ। ਉਨ੍ਹਾਂ ਉੱਪਰ ਕਈ ਸਾਰੇ ਬੜੇ ਕਰੜੇ ਤੇ ਔਖੇ ਵਕਤ ਆਏ। ਸਿਦਕਦਿਲੀ ਅਤੇ ਸੂਝ ਨਾਲ ਇਨ੍ਹਾਂ ਨੂੰ ਝੱਲ ਉਹ ਸਾਬਤ ਕਦਮੀਂ ਅਗਲੇ ਸਫ਼ਰ 'ਤੇ ਤੁਰਦੇ ਰਹੇ। ਉਨ੍ਹਾਂ ਦੀ ਇਹ ਸਾਰੀ ਕਿਰਤ ਕਮਾਈ ਤੇ ਬੁਲੰਦੀ ਇਸੇ ਕਰਕੇ ਹੈ।

ਡਾਕਟਰ ਜੱਗੀ ਨੇ ਆਪਣੇ ਪਰਿਵਾਰਕ ਸਮਾਜਿਕ ਸਾਰੇ ਸਬੰਧਾਂ ਸਨੇਹਾਂ ਨੂੰ ਦਿਲ ਨਾਲ ਪਾਲਿਆ। ਵਕਤ ਬੇਵਕਤ ਖ਼ੁਦ ਰੌਂਅ ਉਹ ਆਪਣਿਆਂ ਦੇ ਨਾਲ ਆਣ ਖਲੋਂਦੇ। ਮੋਹਰੀ ਵਾਲੀ ਭੂਮਿਕਾ ਨਿਭਾਉਂਦੇ ਰਹੇ। ਡਾਕਟਰ ਸਾਹਿਬ ਦਾ ਵਿਦਿਆਰਥੀ ਹੋਣ ਨਾਤੇ ਵਿਦਿਆਰਥੀਆਂ ਨਾਲ ਉਨ੍ਹਾਂ ਦੇ ਮੋਹ ਪਿਆਰ ਦੀ ਬਾਤ ਬਿਨਾਂ ਗੱਲ ਅਧੂਰੀ ਲੱਗਦੀ ਹੈ। ਉਹ ਕਲਾਸ ਵਿਚ ਇਕਦਮ ਸਮੇਂ ਸਿਰ ਹਾਜ਼ਰ ਹੀ



**ਰਾਸ਼ਟਰਪਤੀ ਦਰੋਪਦੀ ਮੁਰਮੂ ਪਾਸੋਂ ਪਦਮ ਸ੍ਰੀ ਐਵਾਰਡ ਹਾਸਲ ਕਰਦੇ ਹੋਏ ਡਾਕਟਰ ਰਤਨ ਸਿੰਘ ਜੱਗੀ।**

ਨਾ ਹੁੰਦੇ, ਪੂਰੇ ਨੇਮਬੱਧ ਵੀ ਹੁੰਦੇ। ਪੂਰਾ ਪੀਰੀਅਡ ਸਿਰਫ਼ ਪੜ੍ਹਾਉਂਦੇ। ਕੋਈ ਹੋਰ ਆਲਤੂ-ਫਾਲਤੂ ਗੱਲ ਨਹੀਂ। ਕਲਾਸ ਤੋਂ ਬਾਹਰ ਉਹ ਪੂਰੇ ਨਰਮ ਚਿੱਤ, ਹਮਦਰਦ ਤੇ ਮਦਦਗਾਰ ਹੁੰਦੇ। ਮੈਨੂੰ ਜੂਨ 1972 ਦੀ ਉਹ ਤਿੱਖੜ ਦੁਪਹਿਰ ਕਦੇ ਨਹੀਂ ਭੁੱਲਦੀ, ਜਦੋਂ ਚਾਰ ਬੱਸਾਂ ਬਦਲ ਮੈਂ ਪੰਜਾਬੀ ਵਿਭਾਗ ਪੁੱਜਾ। ਬੀ.ਏ. ਆਨਰਜ਼ ਸਕੂਲ ਇਨ ਪੰਜਾਬੀ ਵਿਚ ਦਾਖਲੇ ਲਈ ਫ਼ਾਰਮ ਭਰਿਆ ਅਤੇ ਡਾਕਟਰ ਸਾਹਿਬ ਦੇ ਵਿਦਿਆਰਥੀ ਅਤੇ ਮੇਰੇ ਅਧਿਆਪਕ ਪ੍ਰੋ. ਵੀਰ ਸਿੰਘ ਰੰਧਾਵਾ ਦੇ ਆਖੇ ਅਨੁਸਾਰ ਡਾਕਟਰ ਜੱਗੀ ਨੂੰ ਮਿਲਣ ਦਾ ਹੌਸਲਾ ਕੀਤਾ। ਵਿਭਾਗ ਦੇ ਕਲਰਕ ਤੋਂ ਡਾਕਟਰ ਸਾਹਿਬ ਬਾਰੇ ਪੁੱਛਣ 'ਤੇ ਪਤਾ ਲੱਗਾ ਕਿ ਉਹ ਘਰ ਚਲੇ ਗਏ ਹਨ। ਉਸ ਨੇ ਪੁੱਛਣ 'ਤੇ ਘਰ ਦਾ ਨੰਬਰ ਸੀ ਪੈਂਤੀ ਦੱਸਿਆ। ਪੌਣੇ ਕੁ ਦੋ ਵਜੇ ਸਨ, ਜਕੋਤੱਕੀ 'ਚ ਮੈਂ ਉਨ੍ਹਾਂ ਦੇ ਘਰ ਨੂੰ ਤੁਰ ਪਿਆ। ਜਾ ਬੈੱਲ ਕੀਤੀ। ਸ੍ਰੀਮਤੀ ਜੱਗੀ ਆਏ। ਡਾਕਟਰ ਸਾਹਿਬ ਤੋਂ ਪੁੱਛ ਕੇ ਵਾਪਸ ਆਏ। ਮੈਂ ਮਗਰ ਮਗਰ ਡਰਾਇੰਗ ਕਮ ਡਾਈਨਿੰਗ ਕਮਰੇ ਵਿਚ ਜਾ, ਸਿਰ ਨਿਵਾ ਸਤਿ ਸ੍ਰੀ ਆਕਾਲ ਬੁਲਾਈ। ਉਹ ਖਾਣਾ ਖਾ ਰਹੇ ਸਨ। ਉਨ੍ਹਾਂ ਸਿੱਧਾ ਪੁੱਛਿਆ, 'ਖਾਣਾ ਖਾਧਾ?' ਮੈਂ ਕਸੂਤਾ ਫਸ ਗਿਆ। ਕਹਾਂ ਤਾਂ ਕੀ? ਝੂਠ ਬੋਲਾਂ? 'ਆ ਬੈਠ,' ਉਨ੍ਹਾਂ ਸਾਹਮਣੇ ਪਈ ਕੁਰਸੀ ਵੱਲ ਇਸ਼ਾਰਾ ਕੀਤਾ। ਨਾਲੇ ਪਤਨੀ ਨੂੰ ਆਖਿਆ, 'ਖਾਣਾ ਲਿਆਉ।' ਗੱਲਾਂਬਾਤਾਂ ਕਰ, ਖਾਣਾ ਮੁਕਾ ਉੱਠਣ ਲੱਗੇ ਨੂੰ ਕਿਹਾ, 'ਤੇਰਾ ਦਾਖ਼ਲਾ ਹੋ ਜਾਣਾ, ਚਿੱਠੀ ਆਊ, ਤੂੰ ਸਮਾਨ ਬਿਸਤਰਾ ਲੈਂਦਾ ਆਵੀਂ।' ਮੈਂ ਜਿਸ ਦਾ ਸਾਰੀ ਯੂਨੀਵਰਸਿਟੀ ਵਿਚ ਕੋਈ ਵਾਕਫ਼ ਨਹੀਂ ਸੀ...ਮਿੰਟਾਂ-ਸਕਿੰਟਾਂ ਵਿਚ ਵੱਡੀ ਸਰਪ੍ਰਸਤੀ ਹੇਠ ਆ ਗਿਆ ਸਾਂ। ਉਹ ਮੇਰੇ ਵਰਗੇ ਸੈਂਕੜਿਆਂ ਦੇ ਸਨ। ਡਾ. ਸਤਿੰਦਰ ਸਿੰਘ, ਡਾ. ਰਵਿੰਦਰ ਸਿੰਘ ਰਵੀ ਅਤੇ ਹੋਰ ਬਹੁਤ ਸਾਰੇ...ਉਨ੍ਹਾਂ ਦੇ ਵਰੋਸਾਏ ਵਿਦਿਆਰਥੀਆਂ ਦੀ ਸੂਚੀ ਲੰਮੀ ਹੈ।

ਅਨਮੋਲ ਜ਼ਿੰਦਗੀ ਦਾ ਇੱਕ ਵੀ ਪਲ ਫਜ਼ੂਲ ਗੁਆਏ ਬਿਨਾਂ ਉਹ ਚੁੱਪ-ਚਾਪ ਆਪਣੇ ਇੱਕੋ ਇੱਕ ਮਿਸ਼ਨ ਪੜ੍ਹਨ ਲਿਖਣ ਵਿਚ ਮਸਰੂਫ਼ ਰਹਿੰਦੇ। ਇਹੀ ਉਨ੍ਹਾਂ ਦਾ ਪੱਕਾ ਨਿੱਤਨੇਮ ਸੀ। ਕੀਮਤੀ ਸਮਾਂ ਬਰਬਾਦ ਨਾ ਕਰਨ ਅਤੇ ਇੱਕੋ ਲਗਨ ਲੱਗੀ ਲਈ ਜਾਂਦੀ ਦੇ ਮੰਤਰ ਦੀ ਥਾਹ ਪਾਉਣੀ ਹੋਵੇ ਤਾਂ ਡਾ. ਜੱਗੀ ਦੀ ਜ਼ਿੰਦਗੀ ਬਹੁਤ ਕਮਾਲ ਦੀ ਮਿਸਾਲ ਹੈ। ਉਨ੍ਹਾਂ ਨੂੰ ਹੋਰਾਂ ਤੋਂ ਨਹੀਂ, ਆਪਣੇ ਆਪ ਤੋਂ ਹੀ ਵੱਡੀ, ਹੋਰ ਵੱਡੀ ਤਵੱਕੋ ਰਹੀ। ਇਸੇ ਸਦਕਾ ਹੀ ਉਹ ਨਿੱਠ ਕੇ ਇੰਨਾ ਉੱਚਪਾਏ ਦਾ, ਇੰਨਾ ਵਸੀਹ ਪੈਮਾਨੇ ਦਾ ਖੋਜ ਤੇ ਚਿੰਤਨ ਕਾਰਜ ਕਰ ਸਕੇ। ਇਸੇ ਸਦਕਾ ਮਾਣ ਸਨਮਾਨ ਉਨ੍ਹਾਂ ਪਾਸ ਚੱਲ ਕੇ ਆਏ। ਉਨ੍ਹਾਂ ਨੇ ਇਨ੍ਹਾਂ ਵਾਸਤੇ ਆਪਣਾ ਬੇਸ਼ਕੀਮਤੀ ਵਕਤ, ਆਪਣੀ ਸਿਰਜਣਾਤਮਕ ਊਰਜਾ, ਆਪਣੇ ਮਨ ਦਾ ਸਕੂਨ ਤੇ ਆਪਣੀ ਨਿਆਰੀ ਵਿਦਵਤਾ ਨੂੰ ਬਰਬਾਦ ਨਹੀਂ ਕੀਤਾ।

ਡਾਕਟਰ ਜੱਗੀ ਨੂੰ ਭਾਰਤ ਸਰਕਾਰ ਨੇ 2023 ਵਿਚ ਵੱਕਾਰੀ ਸਨਮਾਨ ਪਦਮ ਸ੍ਰੀ ਦੇ ਕੇ, ਨਾ ਸਿਰਫ਼ ਉਨ੍ਹਾਂ ਦੇ ਵੱਡੇ ਯੋਗਦਾਨ ਨੂੰ ਪ੍ਰਵਾਨ ਕੀਤਾ, ਸਗੋਂ ਪੰਜਾਬੀ ਸਾਹਿਤ ਚਿੰਤਨ ਨੂੰ ਵੀ ਮਾਣ ਬਖ਼ਸ਼ਿਆ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ ਅੱਠ ਪੁਸਤਕਾਂ ਉੱਪਰ ਸਰਵੋਤਮ ਸਾਹਿਤਕ ਪੁਰਸਕਾਰ ਪ੍ਰਾਪਤ ਹੋਏ। 1989 ਵਿਚ ਸਾਹਿਤ ਅਕਾਦਮੀ ਦਿੱਲੀ ਨੇ ਉਨ੍ਹਾਂ ਨੂੰ ਰਾਸ਼ਟਰੀ ਅਨੁਵਾਦ ਪੁਰਸਕਾਰ ਨਾਲ ਨਿਵਾਜਿਆ। 1996 ਵਿਚ ਪੰਜਾਬ ਦੇ ਭਾਸ਼ਾ ਵਿਭਾਗ ਨੇ ਉਨ੍ਹਾਂ ਨੂੰ ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ ਦਿੱਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 2014 ਵਿਚ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ 2015 ਵਿਚ ਉਨ੍ਹਾਂ ਨੂੰ ਆਨਰੇਰੀ ਡੀ.ਲਿਟ. ਦੀ ਉਪਾਧੀ ਨਾਲ ਸਨਮਾਨਿਤ ਕੀਤਾ। 2008 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਕਰਕੇ ਸਨਮਾਨਿਤ ਕੀਤਾ। ਉਨ੍ਹਾਂ ਨੂੰ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਸ. ਕਰਤਾਰ ਸਿੰਘ ਧਾਲੀਵਾਲ ਸਾਹਿਤ ਪੁਰਸਕਾਰ, ਪੰਜਾਬੀ ਅਕਾਦਮੀ ਦਿੱਲੀ ਵੱਲੋਂ ਪਰਮ ਸਾਹਿਤ ਸਤਕਾਰ ਸਨਮਾਨ, ਉੱਤਰ ਪ੍ਰਦੇਸ਼ ਸਰਕਾਰ ਵਲੋਂ ਸੌਹਾਰਦ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਡਾਕਟਰ ਸਾਹਿਬ ਆਖ਼ਰੀ ਵਕਤ ਤੀਕ ਆਪਣੇ ਚਿੰਤਨ ਵਿਚ ਮਸਰੂਫ਼ ਰਹੇ। ਅਚਾਨਕ ਕੁਝ ਅਜਿਹੇ ਸਿਹਤ ਦੇ ਮਾਮਲੇ ਪੈਦਾ ਹੋਏ, ਉਹ ਜਿਸਮਾਨੀ ਤੌਰ 'ਤੇ ਇਕਦਮ ਸਾਥੋਂ ਹਮੇਸ਼ਾ ਲਈ ਵਿਛੜ ਗਏ। ਉਹ ਆਪਣੀ ਉੱਚਪਾਏ ਦੀ ਸਾਹਿਤਕ ਖੋਜ ਅਤੇ ਗੰਭੀਰ ਚਿੰਤਨ ਦੇ ਗੌਰਵਮਈ ਕਾਰਜ ਸਦਕਾ ਸਾਡੇ ਮਨਾਂ ਵਿਚ ਹਮੇਸ਼ਾ ਵਸਦੇ ਰਹਿਣਗੇ। ਪੰਜਾਬੀ ਦੇ ਖੋਜਾਰਥੀ ਵਿਦਿਆਰਥੀ ਅਤੇ ਪ੍ਰਬੁੱਧ ਪਾਠਕ ਉਨ੍ਹਾਂ ਦੇ ਮੁੱਲਵਾਨ ਚਿੰਤਨ ਤੋਂ ਲਾਭ ਉਠਾਉਂਦੇ ਰਹਿਣਗੇ। ਇਹ ਅਮੁੱਲ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਭਰਪੂਰ ਖ਼ਜ਼ਾਨਾ ਬਣੀ ਰਹੇਗੀ ਅਤੇ ਇਸੇ ਸਦਕਾ ਡਾਕਟਰ ਰਤਨ ਸਿੰਘ ਜੱਗੀ ਹਮੇਸ਼ਾ ਸਾਡੇ ਸਾਥ ਰਹਿਣਗੇ। ਪ੍ਰਣਾਮ ਗੁਰੂਦੇਵ!

## 'ਪੰਜਾਬ ਟਾਈਮਜ਼'

ਪੰਜਾਬ ਟਾਈਮਜ਼ ਤੂੰ ਦਿੱਸੇਂ ਹਰ ਥਾਂ।
ਜਿੱਥੇ ਜਾਵਾਂ ਤੈਨੂੰ ਹੀ ਵੇਖਾਂ।
ਛੱਬੀ ਵਰ੍ਹੇ ਪਹਿਲਾਂ ਸੀ ਜਨਮਿਆ।
ਕਰੜੀਆਂ ਧੁੱਪਾਂ ਸਹਿ ਹੋਇਆਂ ਜਵਾਂ।

ਅਮੋਲਕ ਸਿੰਘ ਨੇ ਬੂਟਾ ਲਾਇਆ।
ਖ਼ੂਨ ਪਸੀਨਾ ਜੜ੍ਹਾਂ 'ਚ ਪਾਇਆ।
ਸਿਆਲ ਹੁਨਾਲੇ ਝੜੀਆਂ ਸਹੀਆਂ।
ਰੁੱਤਾਂ ਵੀ ਇਕਸਾਰ ਨਾ ਰਹੀਆਂ।

ਸੰਗੀ ਸਾਥੀਆਂ ਹੱਥ ਵਟਾਇਆ।
ਸਾੜਿਆਂ ਨਿੰਦਕਾਂ ਆਢਾ ਲਾਇਆ।
ਜਿਉਂ ਜਿਉਂ ਕੱਦ ਤੂੰ ਆਪਣਾ ਵਧਾਇਆ,
ਮਾਲੀ ਨੇੜੇ ਅੰਤ ਦੇ ਆਇਆ।

ਜਦ ਨੂੰ ਹੋਈ ਤੇਰੀ ਸੰਘਣੀ ਛਾਂ,
ਮਾਲੀ ਤੁਰ ਗਿਆ ਛੱਡ ਜਹਾਂ।
ਸ਼ਾਵਾ ਓ ਮਾਲੀ! ਤੈਥੋਂ ਬਲਿਹਾਰ।
ਕਰ ਗਿਓਂ 'ਪੰਜਾਬ ਟਾਈਮਜ਼' ਬਲਕਾਰ।

ਇਹਦੀ ਛਾਵੇਂ ਆ ਰਾਹੀ ਬਹਿੰਦੇ,
ਕੁਝ ਸੁਣਦੇ ਬੋਲ ਕੁਝ ਮਿੱਠੇ ਕਹਿੰਦੇ।
ਚੜ੍ਹਦੇ ਸਾਲ ਤੇਰੀ ਆਉਂਦੀ ਯਾਦ,
ਮਿਹਨਤ ਤੇਰੀ ਨੂੰ ਰਲ ਦੇਂਦੇ ਦਾਦ।

ਮਾਣ ਵੀ ਕਰਦੇ ਤਾਣ ਵੀ ਲਾਉਂਦੇ,
'ਪੰਜਾਬ ਟਾਈਮਜ਼' ਦੇ ਸੋਹਿਲੇ ਗਾਉਂਦੇ।
'ਨਾਕਾਮ' ਤਾਂ ਬੱਸ ਦੂਰੋਂ ਹੀ ਤੱਕਦਾ,
ਕਾਸ਼! ਉਹ ਕੁਝ ਕਰ ਵੀ ਸਕਦਾ।

*-ਗੁਰਬਖਸ਼ ਸਿੰਘ 'ਨਾਕਾਮ'*
*ਫੋਨ: +1 864 318 5500*

## ਕਤਲੇਆਮ ਅਤੇ ਤਬਾਹੀ...

*(ਪਿਛਲੇ ਸਫੇ ਦਾ ਬਾਕੀ)*

ਇਹ ਹੈ ਕਿ ਹਕੂਮਤ ਕਰੂਰ ਜਬਰ ਅਤੇ ਇਕ ਹੱਦ ਤੱਕ ਲਾਲਚ ਦੇ ਜ਼ੋਰ ਆਦਿਵਾਸੀਆਂ ਦੇ ਇਕ ਹਿੱਸੇ ਨੂੰ ਕਤਲੇਆਮ ਦਾ ਸੰਦ ਬਣਾ ਕੇ ਵਰਤਣ 'ਚ ਕਾਮਯਾਬ ਹੋ ਗਈ ਹੈ।

ਕੀ ਆਪਣਾ ਸਭ ਕੁਝ ਵਾਰ ਕੇ ਸਮਾਜ ਨੂੰ ਬਿਹਤਰ ਬਣਾਉਣ ਦਾ ਸੁਪਨਾ ਲੈਣ ਵਾਲਿਆਂ ਨੂੰ ਸਿਰਫ਼ ਉਨ੍ਹਾਂ ਦੇ 'ਹਿੰਸਕ' ਤਰੀਕਿਆਂ ਕਾਰਨ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ ਕਹਿ ਕੇ ਰੱਦ ਕੀਤਾ ਜਾ ਸਕਦਾ ਹੈ? ਹਰਗਿਜ਼ ਨਹੀਂ। ਉਹ ਮਜ਼ਲੂਮਾਂ ਅਤੇ ਹਾਸ਼ੀਏ 'ਤੇ ਧੱਕ ਕੇ ਬੇਆਵਾਜ਼ ਬਣਾ ਦਿੱਤੇ ਗਏ ਲੋਕਾਂ ਦੀ ਆਵਾਜ਼ ਹਨ। ਉਨ੍ਹਾਂ ਨੇ ਬਸਤਰ ਅਤੇ ਹੋਰ ਖੇਤਰਾਂ ਦੇ ਆਦਿਵਾਸੀਆਂ ਤੇ ਦਲਿਤਾਂ ਨੂੰ ਆਪਣੀ ਰਾਖੀ ਲਈ ਜੂਝਣ ਦੇ ਕਾਬਲ ਬਣਾਇਆ ਹੈ। ਮਾਓਵਾਦੀ ਲਹਿਰ ਨੇ ਇਨ੍ਹਾਂ ਇਲਾਕਿਆਂ ਵਿਚ ਬਹੁਤ ਸਿਰਜਣਾਤਮਕ ਕੰਮ ਕੀਤਾ ਹੈ। ਇਨਕਲਾਬੀ ਕਵੀ ਧੂਮਿਲ ਨੇ ਕਿਹਾ ਸੀ: 'ਇਕ ਹੀ ਸੰਵਿਧਾਨ ਥੱਲੇ ਭੁੱਖ ਨਾਲ ਵਿਲਕਦੀ ਫੈਲੀ ਹੋਈ ਹਥੇਲੀ ਦਾ ਨਾਂ 'ਦਇਆ' ਹੈ ਅਤੇ ਭੁੱਖ ਨਾਲ ਤਣੇ ਮੁੱਕੇ ਦਾ ਨਾਂ ਨਕਸਲਬਾੜੀ ਹੈ'। ਜਿਸ 'ਵਿਕਾਸ' ਦਾ ਢੰਡੋਰਾ ਭਗਵਾ ਹਕੂਮਤ ਪਿੱਟ ਰਹੀ ਹੈ ਇਹ ਵੀ ਇਨ੍ਹਾਂ ਇਲਾਕਿਆਂ ਵਿਚ ਮਾਓਵਾਦੀ ਲਹਿਰ ਦੀ ਮੌਜੂਦਗੀ ਕਾਰਨ ਹੀ ਪਹੁੰਚਿਆ ਹੈ।

ਇਹ ਸਚਾਈ ਆਮ ਲੋਕਾਂ ਤੱਕ ਪਹੁੰਚਣੀ ਚਾਹੀਦੀ ਹੈ ਕਿ ਆਪਣੇ ਹੀ ਲੋਕਾਂ ਵਿਰੁੱਧ ਭਾਰਤੀ ਰਾਜ ਇਹ ਘਿਣਾਉਣਾ ਯੁੱਧ ਕਿਉਂ ਲੜ ਰਿਹਾ ਹੈ। 'ਵਿਕਾਸ' ਸਿਰਫ਼ ਸੜਕਾਂ ਅਤੇ ਕੈਂਪਾਂ ਤੱਕ ਹੀ ਸੀਮਤ ਕਿਉਂ ਹੈ? ਭਾਰਤੀ ਰਾਜ ਕੋਲ 16 ਸਾਲ ਤੋਂ ਆਦਿਵਾਸੀਆਂ ਨੂੰ ਕੁਚਲਣ ਲਈ ਲੱਖਾਂ ਨੀਮ-ਫ਼ੌਜੀ ਤਾਕਤਾਂ ਲਗਾ ਕੇ ਕਤਲੇਆਮ, ਉਜਾੜੇ ਅਤੇ ਔਰਤਾਂ ਵਿਰੁੱਧ ਜਿਨਸੀ ਹਿੰਸਾ ਦੀ ਘਿਣਾਉਣੀ ਮੁਹਿੰਮ ਜਾਰੀ ਰੱਖਣ, ਬਸਤਰ ਵਿਚ ਪਹਿਲਿਆਂ ਤੋਂ ਇਲਾਵਾ ਸਾਢੇ ਤਿੰਨ ਸੌ ਨਵੇਂ ਨੀਮ-ਫ਼ੌਜੀ ਕੈਂਪ ਸਥਾਪਤ ਕਰਨ, 24000 ਸੁਰੱਖਿਆ ਦਸਤੇ, ਹੈਲੀਕਾਪਟਰ ਤੇ ਡਰੋਨ ਤਾਇਨਾਤ ਕਰਕੇ ਕਰੇਗੁੱਟਾ ਪਹਾੜੀਆਂ ਵਿਚ 21 ਦਿਨ ਓਪਰੇਸ਼ਨ ਚਲਾਉਣ ਅਤੇ ਆਪਣੇ ਹਿਤਾਂ ਤੇ ਹੱਕਾਂ ਲਈ ਜੂਝਦੇ ਲੋਕਾਂ ਨੂੰ ਫੜ-ਫੜ ਕੇ ਜੇਲ੍ਹਾਂ ਵਿਚ ਡੱਕਣ ਉੱਪਰ ਖ਼ਰਚਣ ਲਈ ਖੁੱਲ੍ਹਾ ਬਜਟ ਹੈ। ਪਰ ਲੋਕਾਈ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਅਤੇ ਮਨੁੱਖੀ ਜ਼ਿੰਦਗੀ ਲਈ ਜ਼ਰੂਰੀ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ, ਇੱਥੋਂ ਤੱਕ ਕਿ ਮਨਰੇਗਾ ਵਰਗੇ ਸੀਮਤ ਜਹੇ ਪ੍ਰੋਜੈਕਟਾਂ ਲਈ ਬਜਟ ਨਹੀਂ ਹੈ।


ਸਵਾਲ ਤਾਂ ਇਹ ਵੀ ਹੈ ਕਿ ਮੋਦੀ ਸਰਕਾਰ ਪਾਕਿਸਤਾਨ ਨਾਲ ਯੁੱਧਬੰਦੀ ਅਤੇ ਗੱਲਬਾਤ ਕਰ ਸਕਦੀ ਹੈ ਤਾਂ ਮਾਓਵਾਦੀ ਪਾਰਟੀ ਨਾਲ ਗੱਲਬਾਤ ਕਿਉਂ ਨਹੀਂ ਕਰ ਰਹੀ? ਸਪਸ਼ਟ ਹੈ ਕਿ ਇਸਦਾ ਮਾਓਵਾਦੀ ਲੀਡਰਸ਼ਿੱਪ ਦੀ ਗੱਲਬਾਤ ਦੀ ਪੇਸ਼ਕਸ਼ ਸਵੀਕਾਰ ਕਰਕੇ ਮਸਲੇ ਨੂੰ ਹੱਲ ਕਰਨ ਦਾ ਇਰਾਦਾ ਬਿਲਕੁਲ ਨਹੀਂ ਹੈ।'ਮੁਕਾਬਲਿਆਂ' 'ਚ ਤੇਜ਼ੀ ਤੋਂ ਸਪਸ਼ਟ ਹੈ ਕਿ ਭਗਵਾ ਹਕੂਮਤ ਦਾ ਇੱਕੋ-ਇਕ ਉਦੇਸ਼ ਵੱਧ ਤੋਂ ਵੱਧ ਮਾਓਵਾਦੀਆਂ ਨੂੰ ਖ਼ਤਮ ਕਰਨਾ ਹੈ ਨਾ ਕਿ ਗ੍ਰਿਫ਼ਤਾਰ ਕਰਨਾ ਜਾਂ ਆਤਮ-ਸਮਰਪਣ ਕਰਾਉਣਾ। ਇਸ ਦਾ ਉਦੇਸ਼ ਬੁਨਿਆਦੀ ਤਬਦੀਲੀ ਦੀ ਪ੍ਰਤੀਕ ਕਿਸੇ ਵੀ ਤਾਕਤ ਨੂੰ ਖ਼ਤਮ ਕਰਨਾ ਹੈ।

ਲੋਕਾਂ ਨੂੰ ਸਮਝਣਾ ਪਵੇਗਾ ਕਿ ਭਾਰਤ ਦੀ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਨਕਸਲੀ ਲਹਿਰ ਨਹੀਂ, ਸਗੋਂ ਭਾਰਤੀ ਹਾਕਮ ਜਮਾਤ ਹੈ, ਜਿਸ ਦੀਆਂ ਸਾਮਰਾਜਵਾਦ ਅਤੇ ਕਾਰਪੋਰੇਟ ਸਰਮਾਏ ਪੱਖੀ ਨੀਤੀਆਂ ਲੋਕਾਈ ਨੂੰ ਲਗਾਤਾਰ ਲਤਾੜ, ਉਜਾੜ ਅਤੇ ਤਬਾਹ ਕਰ ਰਹੀਆਂ ਹਨ। ਜਿਸ ਕਥਿਤ ਵਿਕਾਸ ਦੇ ਨਾਂ ਹੇਠ ਇਹ ਕਤਲੇਆਮ ਅਤੇ ਤਬਾਹੀ ਕੀਤੀ ਜਾ ਰਹੀ ਹੈ, ਉਹ ਭਾਰਤ ਦੇ ਲੋਕਾਂ, ਕੁਦਰਤੀ ਵਸੀਲਿਆਂ, ਵਾਤਾਵਰਣ ਅਤੇ ਪੌਣਪਾਣੀ ਦੇ ਵਿਆਪਕ ਵਿਨਾਸ਼ ਦਾ ਮਾਡਲ ਹੈ। ਇਸ ਵਿਨਾਸ਼ਕਾਰੀ ਮਾਡਲ ਦੇ ਖ਼ੂਨੀ ਰਥ ਨੂੰ ਰੋਕਣ ਲਈ ਭਾਰਤ ਦੇ ਲੋਕਾਂ ਨੂੰ ਭਾਰਤੀ ਰਾਜ ਵਿਰੁੱਧ ਵੱਡੀ ਲੜਾਈ ਲੜਨੀ ਪੈਣੀ ਹੈ।

# ਇੱਕ ਸੁਨਹਿਰੀ ਸ਼ਾਮ, 'ਪੰਜਾਬ ਟਾਈਮਜ਼' ਦੇ ਨਾਮ

## ਸਪਾਂਸਰਾਂ, ਸਹਿਯੋਗੀਆਂ, ਪਾਠਕਾਂ ਤੇ ਸ਼ੁਭਚਿੰਤਕਾਂ ਦੇ ਸਹਿਯੋਗ ਨਾਲ ਯਾਦਗਾਰੀ ਹੋ ਨਿੱਬੜੀ 'ਪੰਜਾਬ ਟਾਈਮਜ਼ ਨਾਈਟ'


























ਸ਼ਿਕਾਗੋ (ਪੰਜਾਬ ਟਾਈਮਜ਼ ਬਿਓਰੋ): 'ਪੰਜਾਬ ਟਾਈਮਜ਼' ਦੀ 26ਵੀਂ ਵਰ੍ਹੇਗੰਢ 17 ਮਈ ਨੂੰ ਇਥੋਂ ਦੀ ਇਕ ਸਬਰਬ ਅਰਲਿੰਗਟਨ ਹਾਈਟਸ ਦੇ ਅਟਲਾਂਟਿਸ ਬੈਂਕੁਇਟ ਹਾਲ ਵਿਚ ਮਨਾਈ ਗਈ। ਵਿਚਾਰਾਂ ਅਤੇ ਗੀਤ-ਸੰਗੀਤ ਭਰੀ ਇਸ ਸ਼ਾਮ ਵਿਚ ਮਿਡਵੈਸਟ ਦੀਆਂ ਧਾਰਮਿਕ, ਸਭਿਆਚਾਰਕ ਤੇ ਖੇਡ ਸੰਸਥਾਵਾਂ ਦੇ ਨੁਮਾਇੰਦੇ ਅਤੇ 'ਪੰਜਾਬ ਟਾਈਮਜ਼' ਦੇ ਪ੍ਰਸ਼ੰਸਕ ਹੁਮਹੁਮਾ ਕੇ ਪਹੁੰਚੇ। ਬੇਸ਼ਕ ਅਖਬਾਰ ਦਾ ਇਹ ਸਾਲਾਨਾ ਸਮਾਗਮ 'ਪੰਜਾਬ ਟਾਈਮਜ਼' ਦੇ ਰੂਹੇ-ਰਵਾਂ ਸ. ਅਮੋਲਕ ਸਿੰਘ ਜੰਮੂ ਦੀ ਸ਼ਮੂਲੀਅਤ ਤੋਂ ਬਿਨਾ ਹੋਇਆ, ਪਰ ਮਿੱਤਰ-ਪਿਆਰਿਆਂ ਨੇ ਉਨ੍ਹਾਂ ਅਤੇ ਉਨ੍ਹਾਂ ਵੱਲੋਂ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਜਿਸ ਤਰ੍ਹਾਂ ਯਾਦ ਕੀਤਾ, ਉਸ ਨਾਲ ਉਨ੍ਹਾਂ ਦੀ ਹਾਜ਼ਰੀ ਸਗੋਂ ਦੂਣ-ਸਵਾਈ ਹੋ ਗਈ। ਬੁਲਾਰਿਆਂ ਅਤੇ ਗੀਤ-ਸੰਗੀਤ ਦੇ ਦੌਰ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਇੰਗਲੈਂਡ, ਇੰਡੀਆ ਅਤੇ ਵਰਜੀਨੀਆ ਤੋਂ ਸਿੱਖ ਹਿਸਟੋਰੀਅਨ ਹਰਜਿੰਦਰ ਸਿੰਘ ਦਿਲਗੀਰ, ਮੈਡਮ ਦਵਿੰਦਰ ਦਵੀ, ਸ. ਧਰਮ ਸਿੰਘ ਗੋਰਾਇਆ, ਦਵਿੰਦਰ ਗੋਰਾਇਆ, 'ਸਭ ਰੰਗ' ਟੀ.ਵੀ. ਦੇ ਹੋਸਟ ਹਰਜੀਤ ਸਿੰਘ ਹੁੰਦਲ ਅਤੇ ਆਗਿਆਪਾਲ ਸਿੰਘ ਬਾਠ, ਨਾਟਕਕਾਰ ਡਾ. ਆਤਮਜੀਤ ਸਿੰਘ, ਸ਼ਾਇਰ ਰਵਿੰਦਰ ਸਿੰਘ ਸਹਿਰਾਅ ਨੇ ਆਏ ਮਹਿਮਾਨਾਂ ਨਾਲ ਦਿਲ ਦੀਆਂ ਗੱਲਾਂ ਕੀਤੀਆਂ ਅਤੇ ਗਾਇਕ ਮੈਡੀ ਸਿੰਘ ਨੇ ਆਪਣੀ ਗਾਇਕੀ ਨਾਲ ਸਭ ਦਾ ਮਨ ਮੋਹ ਲਿਆ।

ਪ੍ਰੋਗਰਾਮ ਦੀ ਸ਼ੁਰੂਆਤ 'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਮਰਹੂਮ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ। ਇਸ ਮੌਕੇ ਅਦਾਰੇ ਨੇ ਆਪਣੇ ਵੱਡੇ ਹਮਦਰਦ, ਸ਼ੁਭਚਿੰਤਕ ਅਤੇ ਸਲਾਹਕਾਰ ਬੋਰਡ ਦੇ ਸੀਨੀਅਰ ਮੈਂਬਰ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿਲੋਂ, ਗੁਰਿੰਦਰ ਗਿੱਲ, ਅਯੁਧਿਆ ਸਲਵਾਨ, ਰਾਜਿੰਦਰ ਸਿੰਘ ਬੈਂਸ ਅਤੇ ਪੰਜਾਬ ਟਾਈਮਜ਼ ਦੇ ਐਡਵਾਈਜ਼ਰੀ ਬੋਰਡ ਦੇ ਮੈਂਬਰ ਸ. ਹਰਜੀਤ ਸਿੰਘ ਸਾਹੀ ਦੀ ਪਤਨੀ ਸਰਦਾਰਨੀ ਹਰਭਜਨ ਕੌਰ ਦੇ ਤੁਰ ਜਾਣ 'ਤੇ ਇਕ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ। ਮਨਦੀਪ ਸਿੰਘ ਜੰਮੂ ਨੇ ਆਏ ਮਹਿਮਾਨਾਂ ਨੂੰ 'ਜੀ ਆਇਆਂ' ਆਖਦਿਆਂ ਹਾਜ਼ਰੀਨ ਦਾ ਧੰਨਵਾਦ ਕੀਤਾ।

ਮੰਚ ਸੰਚਾਲਨ ਕਰਦਿਆਂ ਗੁਰਮੁਖ ਸਿੰਘ ਭੁੱਲਰ ਨੇ ਕਿਹਾ, ਭਾਵੇਂ ਸ. ਅਮੋਲਕ ਸਿੰਘ ਜੰਮੂ ਸਾਡੇ ਵਿਚ ਨਹੀਂ ਪਰ ਉਨ੍ਹਾਂ ਦੇ ਵਿਚਾਰ, ਉਨ੍ਹਾਂ ਦੇ ਬੋਲ ਤੇ ਅਸੂਲ ਅਜੇ ਵੀ ਸਾਡੇ ਨਾਲ ਹਨ। ਉਨ੍ਹਾਂ ਦੀ ਸ਼ਖਸੀਅਤ ਦੀ ਖਾਸੀਅਤ ਇਹ ਸੀ ਕਿ ਭਾਵੇਂ ਉਹ ਵ੍ਹੀਲ ਚੇਅਰ 'ਤੇ ਸਨ ਪਰ ਕਦੇ ਵੀ ਹੌਸਲਾ ਨਹੀਂ ਸੀ ਛੱਡਿਆ, ਜਦੋਂ ਕਦੇ ਵੀ ਉਨ੍ਹਾਂ ਦਾ ਹਾਲ ਪੁੱਛਣਾ ਤਾਂ ਉਨ੍ਹਾਂ ਕਹਿਣਾ, 'ਚੜ੍ਹਦੀ ਕਲਾ', ਘੋੜੇ ਵਰਗਾਂ।' ਉਨ੍ਹਾਂ ਮੌਤ ਨਾਲ ਜੰਗ ਕਰਕੇ ਮੌਤ ਨੂੰ ਜਿੱਤਿਆ।

ਸ. ਹਰਜਿੰਦਰ ਸਿੰਘ ਖਹਿਰਾ ਨੇ ਦੱਸਿਆ ਕਿ ਦੁਨੀਆਂ ਭਰ ਦੇ ਪਾਠਕ 'ਪੰਜਾਬ ਟਾਈਮਜ਼' ਪੜ੍ਹਦੇ ਹਨ ਤੇ ਪਾਠਕ ਤੜਕਸਾਰ ਹੀ ਵੈਬਸਾਈਟ 'ਤੇ ਅਖਬਾਰ ਪੜ੍ਹਨ ਲਈ ਪੁੱਜ ਜਾਂਦੇ ਹਨ। ਉਨ੍ਹਾਂ 'ਪੰਜਾਬ ਟਾਈਮਜ਼' ਨਾਈਟ ਵਿਚ ਆਏ ਅਤੇ ਦੂਰ-ਦੇਰੇਡੇ ਬੈਠੇ ਸਾਰੇ ਪਾਠਕਾਂ, ਸ਼ੁੱਭਚਿੰਤਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

'ਪੰਜਾਬ ਟਾਈਮਜ਼ 'ਦੇ ਐਡਵਾਈਜ਼ਰੀ ਬੋਰਡ ਤੋਂ ਇਲਾਵਾ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਉਘੇ ਕਾਰੋਬਾਰੀ ਤੇ ਜਾਣੀ-ਪਛਾਣੀ ਸ਼ਖਸੀਅਤ ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਪੰਜਾਬ ਟਾਈਮਜ਼ ਦੀ ਸ਼ੁਰੂ ਤੋਂ ਮਦਦਗਾਰ ਮੇਜਰ ਗੁਰਚਰਨ ਸਿੰਘ ਝੱਜ; ਗੈਸਟ ਆਫ ਆਨਰ ਅਮਰਜੀਤ ਢੀਂਡਸਾ, ਜੇ ਪੀ ਖਹਿਰਾ, ਲਵ ਮਿਨਹਾਸ, ਅਤੇ ਇੰਡੀਆਨਾ ਤੋਂ ਗੁਰਬਖਸ਼ ਸਿੰਘ ਰੰਧਾਵਾ, ਕਮਲਜੀਤ ਸਿੰਘ ਬੈਂਸ ਨੇ ਪਰਿਵਾਰ ਸਮੇਤ ਸ਼ਿਰਕਤ ਕਰ ਕੇ ਇਸ ਸ਼ਾਮ ਦੀ ਰੌਣਕ ਨੂੰ ਚਾਰ ਚੰਦ ਲਾਏ। ਉਨ੍ਹਾਂ 'ਪੰਜਾਬ ਟਾਈਮਜ਼' ਦੀ ਭਰਵੀਂ ਮਾਲੀ ਮਦਦ ਕਰਦਿਆਂ ਭਵਿੱਖ ਵਿਚ ਵੀ ਸਾਥ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਦੇ ਨਾਲ ਬਚਨ ਸਿੰਘ ਗਿੱਲ ਅਤੇ ਉਨ੍ਹਾਂ ਦੇ ਸਾਥੀ ਵੀ ਪਹੁੰਚੇ ਹੋਏ ਸਨ। 'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਵਲੋਂ ਮੁੱਖ ਮਹਿਮਾਨ ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਮੇਜਰ ਗੁਰਚਰਨ ਸਿੰਘ ਝੱਜ ਅਤੇ ਆਏ ਮਹਿਮਾਨਾਂ ਦਾ ਮਾਣ-ਸਨਮਾਨ ਕੀਤਾ ਗਿਆ।

'ਪੰਜਾਬ ਟਾਈਮਜ਼' ਦੀ ਇਸ ਰੰਗੀਨ ਸ਼ਾਮ ਵਿਚ ਤਕਰੀਬਨ ਸਾਰੇ ਹੀ ਬੁਲਾਰਿਆਂ ਨੇ 'ਪੰਜਾਬ ਟਾਈਮਜ਼' ਦੀ ਨਿਰਪੱਖ ਪੱਤਰਕਾਰੀ ਦੀ ਗੱਲ ਕੀਤੀ ਅਤੇ ਸਹਿਯੋਗ ਲਈ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਮੋਲਕ ਭਾਅ ਜੀ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ ਪਰ ਭੈਣ ਜੀ ਜਸਪ੍ਰੀਤ ਨੇ 'ਪੰਜਾਬ ਟਾਈਮਜ਼' ਰਾਹੀਂ ਉਨ੍ਹਾਂ ਨੂੰ ਜਿਊਂਦਾ ਰੱਖਿਆ ਹੈ। ਅੱਜ ਹਰ ਅੱਖਰ ਵਿਚ ਉਨ੍ਹਾਂ ਦੀ ਤਸਵੀਰ ਝਲਕਦੀ ਹੈ। ਇਸ ਅਖ਼ਬਾਰ ਦਾ ਆਪਣਾ ਮਿਆਰ ਹੈ। 'ਪੰਜਾਬ ਟਾਈਮਜ਼' ਇੰਡੀਆ, ਕੈਨੇਡਾ ਤੋਂ ਇਲਾਵਾ ਹੋਰ ਦੇਸ਼ਾਂ ਵਿਚ ਵੀ ਹਰਮਨ-ਪਿਆਰਾ ਹੈ। ਵੱਡੇ ਲੇਖਕ ਅਤੇ ਆਲੋਚਕ 'ਪੰਜਾਬ ਟਾਈਮਜ਼' ਵਿਚ ਪ੍ਰਕਾਸ਼ਿਤ ਹੋਣਾ ਆਪਣਾ ਮਾਣ ਸਮਝਦੇ ਹਨ। ਉਨ੍ਹਾਂ ਦਾ ਆਖਣਾ ਸੀ ਕਿ ਅਸਲ ਸੱਚ ਤਾਂ ਇਹ ਹੀ ਹੈ ਕਿ ਅਸੀਂ ਸਾਰੇ 'ਪੰਜਾਬ ਟਾਈਮਜ਼' ਦੇ ਮਿਆਰ ਕਰਕੇ ਹੀ ਇਸਦੇ ਪਾਠਕ ਹੋਣ ਦੇ ਨਾਲ਼-ਨਾਲ਼ ਪ੍ਰਸ਼ੰਸਕ ਬਣੇ ਹਾਂ। ਹਰ ਕਹਾਣੀ, ਕਵਿਤਾ, ਲੇਖ ਦਾ ਆਪਣਾ ਮਿਆਰ ਹੁੰਦਾ ਹੈ। ਸਭ ਤੋਂ ਵੱਡੀ ਗੱਲ ਪਰੂਫ ਰੀਡਿੰਗ ਦੀ ਕੋਈ ਗ਼ਲਤੀ ਨਹੀਂ ਹੁੰਦੀ।

ਬੁਲਾਰਿਆਂ ਤੇ ਪ੍ਰਸ਼ੰਸਕਾਂ ਦੀ ਰਾਇ ਸੀ ਕਿ ਅਸੀਂ ਬੁੱਧਵਾਰ ਦੀ ਉਡੀਕ ਕਰਦੇ ਹਾਂ, ਜਦੋਂ ਪੇਪਰ ਵੈੱਬਸਾਈਟ 'ਤੇ ਪੈਂਦਾ ਹੈ। ਸਾਡੇ ਵਾਂਗ ਹੋਰ ਪਾਠਕ ਵੀ 'ਪੰਜਾਬ ਟਾਈਮਜ਼' ਦਾ ਇਸੇ ਤਰ੍ਹਾਂ ਇੰਤਜ਼ਾਰ ਕਰਦੇ ਹਨ ਤਾਂ ਕਿ ਇਸ ਵਿਚ ਛਪਦੀ ਸਮੱਗਰੀ ਨਾਲ ਆਪਣੀ ਜਾਣਕਾਰੀ ਵਿਚ ਵਾਧਾ ਕਰ ਸਕਣ। 'ਪੰਜਾਬ ਟਾਈਮਜ਼' ਦਾ ਸਮੁੱਚਾ ਮਨੋਰਥ ਹੀ ਸਾਰੇ ਸਮਾਜ ਦੀ ਪਰਿਕਰਮਾ ਕਰਾਉਣਾ ਹੈ। ਧਾਰਮਿਕ, ਰਾਜਨੀਤਕ, ਸਮਾਜਿਕ, ਸਾਇੰਸ ਅਤੇ ਗਾਇਕੀ ਨਾਲ ਸਬੰਧਤ ਜਿੰਨੀਆਂ ਵੀ ਕਲਾਵਾਂ ਨੇ ਸਮਾਜ ਦੀਆਂ, ਉਨ੍ਹਾਂ ਸਭ ਨੂੰ ਇਕ ਗੁਲਦਸਤੇ ਵਾਂਗ 'ਪੰਜਾਬ ਟਾਈਮਜ਼' ਵਿਚ ਥਾਂ ਦਿੱਤੀ ਜਾਂਦੀ ਹੈ। ਇਸ ਦੀ ਵੱਡੀ ਵਿਲੱਖਤਾ ਇਹ ਹੈ ਕਿ ਇਹ ਕਿਸੇ ਇਕ ਧਰਮ, ਰਾਜਨੀਤਕ ਪਾਰਟੀ ਨਾਲ ਜੁੜਿਆ ਹੋਇਆ ਨਹੀਂ ਹੈ। ਇਸ ਵਿਚ ਸਮੁੱਚੀ ਮਨੁੱਖਤਾ ਦੇ ਹਿੱਤ ਦੀ ਗੱਲ ਹੁੰਦੀ ਹੈ।

ਡਾ. ਆਤਮਜੀਤ ਨੇ ਕਿਹਾ ਕਿ 'ਪੰਜਾਬ ਟਾਈਮਜ਼' ਦੀ ਸਾਡੇ ਸਾਰਿਆਂ ਦੇ ਜੀਵਨ ਵਿਚ ਖਾਸ ਥਾਂ ਹੈ। ਉਨ੍ਹਾਂ ਆਖਿਆ ਕਿ ਹੱਸਣਾ-ਖੇਡਣਾ ਜ਼ਿੰਦਗੀ ਦੀ ਲੋੜ ਹੈ ਤੇ ਨਾਲ ਹੀ ਵਿੱਦਿਆ 'ਤੇ ਵਿਚਾਰ ਕਰਨੀ ਵੀ ਲੋੜੀਂਦੀ ਹੈ। 'ਪੰਜਾਬ ਟਾਈਮਜ਼' ਦੀ ਸਿਫ਼ਤ ਵਿਚ ਉਨ੍ਹਾਂ ਕਿਹਾ ਕਿ ਸਿਰਫ਼ ਇਹ ਹੀ ਅਜਿਹਾ ਅਖਬਾਰ ਹੈ ਜੋ ਅਮਰੀਕਾ ਵਿਚ ਵਿੱਦਿਆ 'ਤੇ ਵਿਚਾਰ ਕਰ ਰਿਹਾ ਹੈ। ਜਸਪ੍ਰੀਤ ਨੇ ਜਿਸ ਤਰੀਕੇ ਨਾਲ ਇਸ ਨੂੰ ਸੰਭਾਲਿਆ ਹੈ, ਉਸ ਲਈ ਉਹ ਵਧਾਈ ਦੀ ਪਾਤਰ ਹੈ।

ਮਿਸ਼ੀਗਨ ਤੋਂ ਖਾਸ ਤੌਰ 'ਤੇ ਆਏ ਵੱਡੇ ਬਿਜ਼ਨਸਮੈਨ ਤੇ ਪੰਜਾਬ ਟਾਈਮਜ਼ ਐਡਵਾਈਜ਼ਰੀ ਬੋਰਡ ਦੇ ਮੈਂਬਰ ਸ. ਦਰਸ਼ਨ ਸਿੰਘ ਗਰੇਵਾਲ ਨੇ ਸ. ਅਮੋਲਕ ਸਿੰਘ ਨਾਲ ਹੋਈ ਮੁਲਾਕਾਤ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਤੇ ਪੰਜਾਬ ਟਾਈਮਜ਼ ਨੂੰ ਹੋਰ ਤਰੱਕੀਆਂ ਵੱਲ ਲੈ ਕੇ ਜਾਣ ਦੀ ਗੱਲ ਆਖੀ।

'ਪੰਜਾਬ ਟਾਈਮਜ਼ ਦੀ ਐਡਵਾਈਜ਼ਰੀ ਬੋਰਡ' ਦੇ ਨਵੇਂ ਮੈਂਬਰ ਸ. ਆਗਿਆਪਾਲ ਸਿੰਘ ਬਾਠ ਨੇ ਅਮਰੀਕਾ ਪੁੱਜਣ ਦੀ ਆਪਣੀ ਯਾਤਰਾ ਬਾਰੇ ਦੱਸਦਿਆਂ ਸਾਡੀ ਜ਼ਿੰਦਗੀ ਵਿਚ ਮੀਡੀਆ ਦੇ ਰੋਲ ਦੀ ਗੱਲ ਕੀਤੀ। ਉਹ ਆਪ ਵੀ ਵਾਸ਼ਿੰਗਟਨ ਡੀ ਸੀ ਵਿਚ ਟੀ ਵੀ ਸ਼ੋਅ ਚਲਾਉਂਦੇ ਸਨ। ਉਨ੍ਹਾਂ ਮਾਂ ਬੋਲੀ ਪੰਜਾਬੀ ਨੂੰ ਵੀ ਸਿਜਦਾ ਕੀਤਾ।

ਇੰਗਲੈਂਡ ਤੋਂ ਆਏ ਪ੍ਰੋਗਰਾਮ ਦੇ ਮੁੱਖ ਮਹਿਮਾਨ ਪੰਜਾਬੀ ਹਿਸਟੋਰੀਅਨ, ਲੇਖਕ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਸ. ਅਮੋਲਕ ਸਿੰਘ ਜੰਮੂ ਨਾਲ ਬਿਤਾਏ ਪਲਾਂ ਦੀ ਸਾਂਝ ਪਾਈ। ਉਨ੍ਹਾਂ ਬੱਚਿਆਂ ਨੂੰ ਪੰਜਾਬੀ ਇਤਿਹਾਸ, ਸੱਭਿਆਚਾਰ, ਮਾਂ ਬੋਲੀ ਬਾਰੇ ਜਾਣੂ ਕਰਵਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਸਭ ਤੋਂ ਪੁਰਾਣੀਆਂ ਸੱਭਿਆਤਾਵਾਂ ਬਾਰੇ ਗੱਲ ਕਰਦਿਆਂ ਦੱਸਿਆ ਕਿ ਇਹ ਪੰਜਾਬ ਵਿਚ ਹੀ ਸਨ, ਜਿਸ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਹੈ। ਉਨ੍ਹਾਂ ਪੰਜਾਬ ਵਿਚਲੇ ਕੋਸ਼ ਮਿਨਾਰਾਂ, ਸਰਾਵਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਤੇ ਦੱਸਿਆ ਕਿ ਇਸ ਬਾਰੇ ਪੰਜਾਬ ਟਾਈਮਜ਼ ਆਪਣੇ ਪਾਠਕਾਂ ਨਾਲ ਜਾਣਕਾਰੀ ਸਾਂਝੀ ਕਰਦਾ ਰਿਹਾ ਹੈ। ਉਨ੍ਹਾਂ 'ਪੰਜਾਬ ਟਾਈਮਜ਼' ਨੂੰ ਹੋਰ ਚੜ੍ਹਦੀ ਕਲਾ ਵਿਚ ਲੈ ਕੇ ਜਾਣ ਲਈ ਇਸ ਵਿਚ ਕੁਝ ਨਵੀਂਆਂ ਚੀਜ਼ਾਂ ਛਾਪਣ ਬਾਰੇ ਸੁਝਾਅ ਵੀ ਪੇਸ਼ ਕੀਤੇ ਤੇ ਹਰ ਤਰ੍ਹਾਂ ਦੀ ਮਦਦ ਕਰਨ ਦੀ ਗੱਲ ਵੀ ਆਖੀ। ਉਨ੍ਹਾਂ ਆਖਿਆ ਕਿ ਇਸ 'ਤੇ ਕੁਝ ਖਰਚਾ ਵੀ ਹੋਵੇਗਾ ਪਰ ਸ. ਧਾਲੀਵਾਲ ਵਰਗੇ ਪੰਜਾਬੀ ਇਸ ਵਿਚ ਮਦਦ ਕਰ ਸਕਦੇ ਹਨ ਤਾਂ ਸ. ਧਾਲੀਵਾਲ ਨੇ ਉਸੇ ਵੇਲੇ ਅਖਬਾਰ ਨੂੰ ਹਰ ਮਹੀਨੇ ਮਾਲੀ ਮਦਦ ਕਰਨ ਹੀ ਹਾਮੀ ਭਰ ਦਿੱਤੀ। ਉਨ੍ਹਾਂ ਸਾਰੇ ਆਏ ਮਹਿਮਾਨਾਂ ਨੂੰ ਅਖਬਾਰ ਦੀ ਹੋਰ ਮਦਦ ਕਰਨ ਤੇ ਇਸ ਨੂੰ ਪ੍ਰਮੋਟ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਆਖਿਆ ਕਿ ਇਹ ਮਦਦ ਸਿਰਫ ਅਖਬਾਰ ਦੀ ਹੀ ਨਹੀਂ, ਸਿੱਖੀ, ਪੰਜਾਬੀ ਮਾਂ ਬੋਲੀ ਤੇ ਪੰਜਾਬੀਅਤ ਦੀ ਵੀ ਸੇਵਾ ਹੋਵੇਗੀ।

ਖਾਸ ਤੌਰ 'ਤੇ ਇੰਡੀਆ ਤੋਂ ਆਏ ਡੇਲੀ 'ਸਪੋਕਸਮੈਨ' ਦੇ ਸੰਪਾਦਕ ਤੇ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਚੀਫ ਸਬ ਐਡੀਟਰ ਐਡੀਟਰ ਦਵੀ ਦਵਿੰਦਰ ਕੌਰ ਨੇ ਦੱਸਿਆ ਕਿ ਭਾਵੇਂ ਅਮੋਲਕ ਸਿੰਘ ਜੰਮੂ ਅਮਰੀਕਾ ਆ ਗਏ ਸਨ ਪਰ ਪੰਜਾਬੀ ਟ੍ਰਿਬਿਊਨ ਦੇ ਦਫਤਰ ਵਿਚ ਅਕਸਰ ਉਨ੍ਹਾਂ ਬਾਰੇ ਗੱਲਬਾਤ ਹੁੰਦੀ ਰਹਿੰਦੀ ਸੀ। ਉਨ੍ਹਾਂ ਜੰਮੂ ਪਰਿਵਾਰ ਨੂੰ 'ਪੰਜਾਬ ਟਾਈਮਜ਼ ਨਾਈਟ' ਦੀ ਵਧਾਈ ਦਿੱਤੀ ਤੇ ਉਨ੍ਹਾਂ ਦੇ ਸਮਪਰਣ ਦੀ ਭਾਵਨਾ ਨੂੰ ਸਿਜਦਾ ਕੀਤਾ। ਉਨ੍ਹਾਂ ਪੱਤਰਕਾਰੀ ਨੂੰ ਦਰਪੇਸ਼ ਮੁਸ਼ਕਲਾਂ ਦੀ ਗੱਲਬਾਤ ਕਰਦਿਆਂ ਪੰਜਾਬੀ ਅਖਬਾਰ ਕੱਢਣ ਨੂੰ ਵੱਡੀ ਪ੍ਰਾਪਤੀ ਦੱਸਿਆ। ਉਨ੍ਹਾਂ ਸਾਰਿਆਂ ਨੂੰ ਗੁਜ਼ਾਰਿਸ਼ ਕੀਤੀ ਕਿ 'ਪੰਜਾਬ ਟਾਈਮਜ਼' ਨੂੰ ਆਪਣਾ ਸਮਰਪਣ ਜਾਰੀ ਰੱਖਣ ਤਾਂਕਿ ਪੰਜਾਬੀਅਤ ਨੂੰ ਜ਼ਿੰਦਾ ਰੱਖਿਆ ਜਾ ਸਕੇ।

ਵਰਜੀਨੀਆ ਤੋਂ ਲੰਮਾ ਪੈਂਡਾ ਤੈਅ ਕਰ ਕੇ ਆਏ ਵਾਰਤਕਕਾਰ ਧਰਮ ਸਿੰਘ ਗੋਰਾਇਆ, ਕਵਿੱਤਰੀ, ਕਹਾਣੀਕਾਰ ਤੇ ਗੀਤਕਾਰ ਦਵਿੰਦਰ ਕੌਰ ਅਤੇ ਸ. ਹਰਜੀਤ ਸਿੰਘ ਹੁੰਦਲ ਨੇ ਆਪਣੇ ਖੂਬਸੂਰਤ ਅੰਦਾਜ਼ ਵਿਚ 'ਪੰਜਾਬ ਟਾਈਮਜ਼' ਦੀ ਸਰਾਹਨਾ ਕਰਦਿਆਂ ਕਿਹਾ ਕਿ ਅਸੀਂ ਜੇ 'ਪੰਜਾਬ ਟਾਈਮਜ਼' ਨਾਲ ਜੁੜੇ ਹਾਂ ਤਾਂ ਇਹ ਇਸਦੇ ਮਿਆਰ ਕਰਕੇ ਹੈ। ਧਰਮ ਸਿੰਘ ਗੋਰਾਇਆ ਨੇ ਕਿਹਾ ਕਿ ਭਾਵੇਂ ਉਹ ਅਮੋਲਕ ਸਿੰਘ ਜੰਮੂ ਨੂੰ ਨਹੀਂ ਮਿਲ ਸਕੇ ਪਰ 'ਪੰਜਾਬ ਟਾਈਮਜ਼' ਰਾਹੀਂ ਹਰ ਹਫਤੇ ਉਨ੍ਹਾਂ ਨਾਲ ਮੁਲਾਕਾਤ ਹੁੰਦੀ ਹੈ। ਉਨ੍ਹਾਂ ਸ.

(ਬਾਕੀ ਅਗਲੇ ਸਫੇ 'ਤੇ)

# ਇੱਕ ਸੁਨਹਿਰੀ ਸ਼ਾਮ. ਪੰਜਾਬ ਟਾਈਮਜ਼ ਦੇ ਨਾਮ

ਜੰਮੂ ਦੀ ਨਿਡਰਤਾ ਤੇ ਹਿੰਮਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੀ ਵਿਲੱਖਣ ਸ਼ਖਸੀਅਤ ਦਾ ਜ਼ਿਕਰ ਕੀਤਾ। ਉਨ੍ਹਾਂ ਦੀ ਬਦੌਲਤ ਹੀ ਇਹ ਮਿਆਰੀ ਅਖਬਾਰ ਦੁਨੀਆ ਭਰ ਵਿਚ ਪੜ੍ਹਿਆ ਜਾਂਦਾ ਹੈ। ਉਨ੍ਹਾਂ ਆਖਿਆ ਕਿ ਅਜ ਜਦੋਂ ਪੰਜਾਬ ਦੇ ਮਾਹੌਲ ਨੂੰ ਗੰਧਲਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਅਜਿਹੇ ਸਮੇਂ ਵਿਚ ਨਿਘਰ ਪੱਤਰਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ, ਸੱਚ ਨੂੰ ਸੱਚ ਤੇ ਝੂਠ ਨੂੰ ਝੂਠ ਕਹਿਣ ਵਾਲੀ ਪੱਤਰਕਾਰੀ ਦਾ ਹੋਣਾ ਲਾਜ਼ਮੀ ਹੈ। ਇਹ ਚੀਜ਼ ਅਸੀਂ ਪਿਛਲੇ ਕਈ ਸਾਲਾਂ ਤੋਂ 'ਪੰਜਾਬ ਟਾਈਮਜ਼' ਵਿਚ ਦੇਖੀ ਹੈ, ਪਰ ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਇਹ ਕਦੇ ਨਹੀਂ ਸੀ ਸੋਚਿਆ ਕਿ ਸਾਨੂੰ ਇਸ ਸਮਾਗਮ ਵਿਚ ਇਸ ਰੂਪ ਵਿਚ ਆਉਣਾ ਪਵੇਗਾ, ਜਿਥੇ ਅਸੀਂ ਸ. ਅਮੋਲਕ ਸਿੰਘ ਜੰਮੂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹੋਵਾਂਗੇ।

ਦਵਿੰਦਰ ਕੌਰ ਗੋਰਾਇਆ ਨੇ ਕਿਹਾ, 'ਭਾਜੀ ਜੰਮੂ ਨੇ ਪੰਜਾਬੀ ਸਾਹਿਤ, ਪੰਜਾਬੀ ਪੱਤਰਕਾਰੀ ਤੇ ਸਾਹਿਤ ਦੇ ਖੇਤਰ ਵਿਚ ਜੋ ਪੈੜਾਂ ਪਾਈਆਂ ਹਨ, ਉਸ ਤੋਂ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਿਆ।' ਉਨ੍ਹਾਂ ਸ. ਜੰਮੂ ਨੂੰ ਆਪਣੀ ਕਵਿਤਾ' ਮੈਂ ਉਸ ਨੂੰ ਮੁੜ ਮੁੜ ਕੇ ਤੱਕਿਆ, ਉਹ ਕਾਇਨਾਤ ਵਰਗਾ ਸੀ, ਪੱਤਝੜ ਦੀ ਰੁੱਤ ਅੰਦਰ, ਨਵੀਂ ਪੁੰਗਰਾਤ ਵਰਗਾ ਸੀ' ਅਤੇ ਉਨ੍ਹਾਂ ਦੀ ਜੀਵਨ ਸਾਥਣ ਜਸਪ੍ਰੀਤ ਨੂੰ 'ਮੈਂ ਕੱਚੇ ਕੋਠੇ ਦੀ ਛੱਤ ਹਾਂ, ਹਰ ਮੌਸਮ ਹੰਢਾਇਆ ਮੈਂ' ਸਮਰਪਿਤ ਕਰ ਕੇ ਉਨ੍ਹਾਂ ਦਾ ਮਾਣ ਵਧਾਇਆ। ਉਨ੍ਹਾਂ ਇਸ ਮਿਆਰੀ ਅਖਬਾਰ ਦਾ ਸਾਥ ਦੇਣ ਵਾਲੇ ਹਰ ਸ਼ਖਸ ਦੀ ਸਰਾਹਨਾ ਕੀਤੀ। ਉਨ੍ਹਾਂ ਆਖਿਆ ਕਿ ਸਾਨੂੰ ਮਾਣ ਹੈ ਕਿ ਬੇਸ਼ਕ ਸ. ਅਮੋਲਕ ਸਿੰਘ ਜੰਮੂ ਸਾਡੇ ਵਿਚ ਨਹੀਂ ਰਹੇ ਪਰ 'ਪੰਜਾਬ ਟਾਈਮਜ਼' ਉਨ੍ਹਾਂ ਹੀ ਲੀਹਾਂ 'ਤੇ ਚੱਲ ਰਿਹਾ ਹੈ, ਜਿਸ 'ਤੇ ਉਹ ਇਸ ਨੂੰ ਤੋਰ ਗਏ ਸਨ। ਜਦੋਂ ਸਾਨੂੰ ਇਹ ਮਾਣ ਮਿਲਿਆ ਹੈ ਤਾਂ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਜਿਥੇ ਵੀ ਬੈਠੇ ਹਾਂ, ਇਹੋ ਜਿਹੀ ਪੱਤਰਕਾਰੀ ਨੂੰ ਜ਼ਿੰਦਾ ਰੱਖਣ ਲਈ ਆਪੋ-ਆਪਣਾ ਰੋਲ ਨਿਭਾਈਏ।

'ਸਬਰੰਗ' ਟੀਵੀ ਦੇ ਸੰਚਾਲਕ ਹਰਜੀਤ ਸਿੰਘ ਹੁੰਦਲ ਨੇ ਸੰਤ ਰਾਮ ਉਦਾਸੀ ਦਾ ਗੀਤ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਬੁਲੰਦ ਆਵਾਜ਼ ਵਿਚ ਗਾਇਆ। ਉਨ੍ਹਾਂ ਸ਼ਿਕਾਗੋ ਦੀ ਧਰਤੀ ਨੂੰ ਨਮਸਕਾਰ ਕੀਤੀ, ਜਿੱਥੇ ਮਜ਼ਦੂਰਾਂ ਨੇ ਆਪਣੇ ਹੱਕਾਂ ਲਈ ਸੰਘਰਸ਼ ਕੀਤਾ।

ਵ੍ਹੀਟਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਮਹਿੰਦਰ ਸਿੰਘ ਨੇ ਸ. ਅਮੋਲਕ ਸਿੰਘ ਜੰਮੂ ਦੇ ਜੀਵਨ ਦੇ ਸੰਘਰਸ਼ ਦੀ ਗੱਲ ਕਰਦਿਆਂ ਆਖਿਆ ਕਿ ਜ਼ਿੰਦਗੀ ਇਕ ਸੰਘਰਸ਼ ਹੈ ਤੇ ਉਦਮ, ਸੰਘਰਸ਼ ਤੇ ਬਿਨਾ ਸਚਾਈ ਤੋਂ ਅਗਾਂਹ ਨਹੀਂ ਵਧਿਆ ਜਾ ਸਕਦਾ। ਉਨ੍ਹਾਂ ਦੇ ਸੰਘਰਸ਼ ਕਰਕੇ ਹੀ ਅਸੀਂ ਇਕੱਠੇ ਹੋਏ ਹਾਂ। ਉਨ੍ਹਾਂ 'ਪੰਜਾਬ ਟਾਈਮਜ਼' ਦੇ ਸਾਰੇ ਸਮਰਥਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਵਿਚਾਰ-ਚਰਚਾ ਤੇ ਖੋਜ ਕਰਨ 'ਤੇ ਜ਼ੋਰ ਦਿੱਤਾ।

'ਚੰਨ ਪਰਦੇਸੀ' ਰੇਡੀਓ ਦੇ ਸੰਚਾਲਕ ਸ. ਸਰਵਣ ਸਿੰਘ ਟਿਵਾਣਾ ਨੇ ਦੱਸਿਆ ਕਿ ਸ. ਜੰਮੂ ਨੂੰ 'ਜਿਊਂਦੇ ਸ਼ਹੀਦ ਦਾ ਦਰਜਾ ਦਿੱਤਾ ਗਿਆ ਸੀ ਤੇ ਉਨ੍ਹਾਂ ਦੇ ਹੌਸਲੇ ਹਮੇਸ਼ਾ ਬੁਲੰਦ ਹੁੰਦੇ ਸਨ। ਉਨ੍ਹਾਂ ਮੀਡੀਆ ਦੀ ਗੱਲ ਕਰਦਿਆਂ ਕਿਹਾ ਕਿ ਮੀਡੀਆ ਤੋਂ ਬਿਨਾ ਕਿਸੇ ਵੀ ਕੌਮ ਦਾ ਗੁਜ਼ਾਰਾ ਨਹੀਂ ਹੁੰਦਾ। ਉਨ੍ਹਾਂ ਪੰਜਾਬ ਟਾਈਮਜ਼ ਨੂੰ ਅਮਰੀਕਾ ਦਾ ਸਭ ਤੋਂ ਵਧੀਆ ਅਖਬਾਰ ਗਰਦਾਨਿਆ। ਉਨ੍ਹਾਂ ਸ. ਜੰਮੂ ਦੀ ਅਸੂਲਾਂ 'ਤੇ ਆਧਾਰਤ ਪੱਤਰਕਾਰੀ ਸੀ ਸ਼ਲਾਘਾ ਕੀਤੀ।

ਹੈਪੀ ਹੀਰ ਨੇ ਕੁਝ ਗਿਲੇ-ਸ਼ਿਕਵਿਆਂ ਦਾ ਜ਼ਿਕਰ ਕਰਕੇ ਆਪਣਾ ਗੁਭ-ਗੁਬਾਰ ਕੱਢ ਲਿਆ, ਪਰ ਕਿਹਾ ਕਿ ਉਹ ਅੱਜ ਵੀ 'ਪੰਜਾਬ ਟਾਈਮਜ਼' ਦੇ ਨਾਲ ਖੜ੍ਹੇ ਹਨ ਤੇ ਅੱਗੇ ਤੋਂ ਵੀ ਨਾਲ ਹੀ ਰਹਿਣਗੇ। ਉਨ੍ਹਾਂ ਹਾਸਾ ਠੱਠਾ ਕਰਦਿਆਂ ਕਿਹਾ, 'ਇਥੇ ਆਏ ਆਏ ਤਿੰਨ ਦਰਸ਼ਨ ਸਿੰਘ ਅਮੀਰ ਨੇ, ਤੇ ਮੈਂ ਵੀ ਆਪਣਾ ਨਾਂ ਬਦਲ ਕੇ ਦਰਸ਼ਨ ਸਿੰਘ ਹੀ ਰੱਖ ਲੈਣਾ ਹੈ, ਫੇਰ ਸ਼ਾਇਦ ਮੇਰੇ ਕੋਲ ਵੀ ਪੈਸੇ ਆ ਜਾਣ'।'

ਗੁਰਬਖਸ਼ ਸਿੰਘ ਰਾਹੀ ਨੇ 'ਪੰਜਾਬ ਟਾਈਮਜ਼ ਤੇ ਪੰਜਾਬੀਅਤ ਜ਼ਿੰਦਾਬਾਦ' ਦਾ ਨਾਅਰਾ ਲਾਇਆ ਤੇ ਸ਼ੇਅਰੋ-ਸ਼ਾਇਰੀ ਰਾਹੀਂ ਮਹਿਫਲ ਨੂੰ ਰੰਗੀਨ ਬਣਾਇਆ। ਓਹਾਇਓ ਤੋਂ 'ਪੰਜਾਬ ਟਾਈਮਜ਼' ਦੇ ਸ਼ੁਭਚਿੰਤਕ ਅਵਤਾਰ ਸਿੰਘ, ਰਛਪਾਲ ਸਿੰਘ ਸਹੋਤਾ ਅਤੇ ਜਗਪਾਲ ਸਿੰਘ ਗਰੇਵਾਲ ਨੇ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿਵਾਇਆ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ (ਲੁਧਿਆਣਾ) ਦੇ ਓਵਰਸੀਜ਼ ਡਾਇਰੈਕਟਰ ਸ. ਇੰਦਰਪਾਲ ਸਿੰਘ ਚੱਢਾ ਨੇ ਵਿਸ਼ੇਸ਼ ਤੌਰ 'ਤੇ ਪੰਜਾਬ ਟਾਈਮਜ਼ ਨਾਈਟ ਵਿਚ ਸ਼ਿਰਕਤ ਕੀਤੀ ਅਤੇ ਇਸ ਬਿਹਤਰੀਨ ਪ੍ਰੋਗਰਾਮ ਲਈ ਅਦਾਰੇ ਨੂੰ ਵਧਾਈ ਦਿੱਤੀ। ਸਾਬਕਾ ਸੰਸਦ ਮੈਂਬਰ ਅਤੇ ਨੈਸ਼ਨਲ ਮਾਇਨਾਰਿਟੀ ਕਮਿਸ਼ਨ ਭਾਰਤ ਸਰਕਾਰ ਦੇ ਚੇਅਰਮੈਨ ਸ. ਤਰਲੋਚਨ ਸਿੰਘ ਨੇ ਵੀ ਸ. ਚੱਢਾ ਰਾਹੀਂ ਪੰਜਾਬ ਟਾਈਮਜ਼ ਨੂੰ ਵਧਾਈ ਸੰਦੇਸ਼ ਭੇਜਿਆ ਸੀ।

ਪ੍ਰੋਗਰਾਮ ਨੂੰ ਵੱਖਰਾ ਰੰਗ ਦੇਣ ਤੇ ਮਾਹੌਲ ਨੂੰ ਖੁਸ਼ਗਵਾਰ ਬਣਾਉਣ ਲਈ ਕੁਝ ਖਾਸ ਪੇਸ਼ਕਾਰੀਆਂ ਵੀ ਸਨ, ਜਿਨ੍ਹਾਂ ਨੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ ਤੇ ਸਭ ਨੇ ਇਨ੍ਹਾਂ ਕਲਾਕਾਰਾਂ ਦੀ ਤਾਰੀਫ ਦੇ ਪੁਲ ਵੀ ਬੰਨ੍ਹੇ।



























(ਬਾਕੀ ਅਗਲੇ ਸਫੇ 'ਤੇ)

*(ਪਿਛਲੇ ਸਫੇ ਦਾ ਬਾਕੀ)*

ਜਸਮੀਤ ਸਿੰਘ ਤੇ ਚਰਨਦੀਪ ਸਿੰਘ (ਬਿੱਲਾ ਚਾਹ ਵਾਲਾ) ਨੇ ਪੰਜਾਬ ਟਾਈਮਜ਼ ਨਾਈਟ ਵਿਚ ਪੁੱਜੀਆਂ ਵੱਖ-ਵੱਖ ਸ਼ਖਸੀਅਤਾਂ ਦੀਆਂ ਨਕਲਾਂ ਲਾ ਕੇ ਤੇ ਨਿੱਕੇ-ਨਿੱਕੇ ਟੋਟਕਿਆਂ ਨਾਲ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ। ਉਨ੍ਹਾਂ ਸੰਤੋਖ ਸਿੰਘ ਡੀ ਸੀ, ਅਮਰੀਕ ਸਿੰਘ ਅਮਰ ਕਾਰਪੇਟ, ਡਾ. ਖਹਿਰਾ, ਸ. ਦਰਸ਼ਨ ਸਿੰਘ ਧਾਲੀਵਾਲ, ਸ. ਦਰਸ਼ਨ ਸਿੰਘ ਗਰੇਵਾਲ, ਗੁਲਜ਼ਾਰ ਸਿੰਘ ਮੁਲਤਾਨੀ, ਜੈਦੇਵ ਸਿੰਘ ਭੱਠਲ, ਸ. ਰਜਿੰਦਰਬੀਰ ਸਿੰਘ ਮਾਗੋ, ਹੈਪੀ ਹੀਰ, ਡਾ. ਆਤਮਜੀਤ, ਇੰਦਰਮੋਹਨ ਛਾਬੜਾ, ਗੁਰਮੁਖ ਸਿੰਘ ਭੁੱਲਰ 'ਤੇ ਨਿੱਕੇ-ਨਿੱਕੇ ਤਨਜ ਕੱਸੇ ਤੇ ਮਾਹੌਲ ਨੂੰ ਖੁਸ਼ਨੁਮਾ ਬਣਾ ਦਿੱਤਾ।

ਬਲਜੀਤ ਕੌਰ ਤੇ ਰਾਜਵਿੰਦਰ ਕੌਰ ਨੇ ਪੰਜਾਬੀ ਲੋਕਗੀਤ 'ਵੇ ਮੰਨ ਜਾ ਬਾਲਮਾਂ, ਕਿਉਂ ਗੁੱਸਾ ਚੜ੍ਹਿਆ ਈ ਓਏ' 'ਤੇ ਸ਼ਾਨਦਾਰ ਕਾਮੇਡੀ ਐਕਟ ਪੇਸ਼ ਕਰ ਕੇ ਦਰਸ਼ਕਾਂ ਦੀਆਂ ਖੂਬ ਤਾੜੀਆਂ ਬਟੋਰੀਆਂ। ਦੋਹਾਂ ਦੀ ਇਸ ਪੇਸ਼ਕਾਰੀ ਦੀ ਪ੍ਰੋਗਰਾਮ ਗੀਤ ਜਸਪ੍ਰੀਤ ਦੀ ਸਿਫਾਰਸ਼ 'ਤੇ ਗੀਤ 'ਤੇਰੇ ਮੇਰੇ ਪਿਆਰ ਨੂੰ ਨਜ਼ਰ ਲੱਗ ਜਾਵੇ ਨਾ' ਗਾਇਆ ਤੇ ਮਗਰੋਂ ਗੀਤ 'ਜੇ ਰਾਵੀ ਵਿਚ ਪਾਣੀ ਕੋਈ ਨਈਂ' ਗਾ ਕੇ ਸਾਰਿਆਂ ਨੂੰ ਝੂਮਣ ਲਾ ਦਿੱਤਾ। ਉਸਨੇ ਆਪਣੀ ਬੁਲੰਦ ਆਵਾਜ਼ ਵਿਚ ਜਦੋਂ 'ਜੱਗਾ' ਗਾਇਆ ਤਾਂ ਦਰਸ਼ਕ ਅਸ਼-ਅਸ਼ ਕਰ ਉਠੇ। 'ਚੱਲ ਮੇਲੇ ਨੂੰ ਚੱਲੀਏ' ਗਾਇਆ ਤਾਂ ਆਪ ਮੁਹਾਰੇ ਦਰਸ਼ਕ ਕੁਰਸੀਆਂ ਛੱਡ ਕੇ ਨੱਚਣ ਲਈ ਮਜਬੂਰ ਹੋ ਗਏ। ਮਗਰੋਂ ਬੀਬੀਆਂ ਨੇ ਵੀ ਰੱਜ ਕੇ ਗਿੱਧਾ ਪਾਇਆ ਤੇ ਅਖੀਰ ਤੱਕ ਪਿੜ ਮੱਲੀ ਰੱਖਿਆ।

ਪ੍ਰੋਗਰਾਮ ਵਿਚ ਇੰਡੀਆਨਾ ਤੋਂ ਗੁਰਬਖਸ਼ ਸਿੰਘ ਰੰਧਾਵਾ, ਕਮਲ ਬੈਂਸ ਅਤੇ ਉਨ੍ਹਾਂ ਦਾ ਪਰਿਵਾਰ ਹੁੰਮ-ਹੁੰਮਾ ਕੇ ਪਹੁੰਚੇ ਹੋਏ ਸਨ। ਬਲਦੇਵ ਸਿੰਘ ਥਿੰਦ, ਗੁਰਪ੍ਰੀਤ ਮੱਲ੍ਹੀ, ਹਰਮਨ ਅਤੇ ਪਰਮਜੀਤ ਜ਼ਰੂਰੀ ਰੁਝੇਵਿਆਂ ਕਰਕੇ ਪਹੁੰਚ ਨਹੀਂ ਸਕੇ, ਪਰ ਉਨ੍ਹਾਂ 'ਪੰਜਾਬ ਟਾਈਮਜ਼' ਲਈ ਆਪਣੀਆਂ ਸ਼ੁਭਇਛਾਵਾਂ ਭੇਜੀਆਂ। ਮਿਲਵਾਕੀ ਤੋਂ ਖਾਸ ਤੌਰ 'ਤੇ ਦਲਜੀਤ ਸਿੰਘ ਕਲੇਰ, ਕਰਮਜੀਤ ਸਿੰਘ ਕਲੇਰ ਤੇ ਜਸਪਿੰਦਰ ਸਿੰਘ ਚੀਮਾ ਪਹੁੰਚੇ ਹੋਏ ਸਨ। ਇਨ੍ਹਾਂ ਸਾਰਿਆਂ ਦਾ ਸਾਥ ਮਿਲਣਾ 'ਪੰਜਾਬ ਟਾਈਮਜ਼' ਹਰਦਿਆਲ ਸਿੰਘ ਦਿਓਲ, ਸੁਖਮੇਲ ਸਿੰਘ ਅਟਵਾਲ, ਮਨਦੀਪ ਸਿੰਘ ਭੂਰਾ, ਪਰਮਵੀਰ ਸਿੰਘ ਬੈਂਸ, ਅਮਰੀਕ ਸਿੰਘ, ਪਰਮਿੰਦਰ ਸਿੰਘ ਵਾਲੀਆ, ਗੁਰਦੇਵ ਸਿੰਘ ਜੌੜਾ, ਅਮੋਲਕ ਸਿੰਘ ਗਾਖਲ, ਜੱਸੀ ਗਿੱਲ ਅਤੇ ਡਾ. ਤੇਜਿੰਦਰ ਸਿੰਘ ਮੰਡੇਰ ਜ਼ਰੂਰੀ ਰੁਝੇਵਿਆਂ ਕਾਰਨ ਪਹੁੰਚ ਨਹੀਂ ਸਕੇ। 'ਪੰਜਾਬ ਟਾਈਮਜ਼' ਦੀ ਸਮੇਂ-ਸਮੇਂ 'ਤੇ ਮਦਦ ਕਰਦੇ ਰਹਿੰਦੇ ਠਾਕਰ ਸਿੰਘ ਬਸਾਤੀ ਅਤੇ ਸੁਰਿੰਦਰ ਸਿੰਘ ਭਾਟੀਆ ਦਾ ਵੀ ਖਾਸ ਤੌਰ 'ਤੇ ਧੰਨਵਾਦ ਕੀਤਾ ਗਿਆ।

ਇਸ ਸ਼ਾਮ ਮੁਅਜ਼ਜ ਸ਼ਖ਼ਸੀਅਤਾਂ ਵਿਚ ਸਿੱਖ ਰਿਲੀਜੀਅਸ ਸੁਸਾਇਟੀ ਦੇ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ, ਡਾ. ਸਰਬਜੀਤ ਸਿੰਘ ਭੰਡਾਲ, ਮੱਖਣ ਸਿੰਘ ਕਲੇਰ, ਲਖਬੀਰ ਸਿੰਘ ਸੰਧੂ, ਜਗਦੀਸ਼ ਸਿੰਘ ਸੰਧੂ, ਪੰਜਾਬੀ ਸਕੂਲ ਦੀ ਪ੍ਰਿੰਸੀਪਲ ਸਲਵਿੰਦਰ ਕੌਰ, ਜਸਵੀਰ ਸਿੰਘ ਅਤੇ ਕੁਲਵੀਰ ਸਿੰਘ, ਸਿੱਖ ਰਿਲੀਜੀਅਸ ਸੁਸਾਇਟੀ ਦੇ ਸਾਬਕਾ ਪ੍ਰਧਾਨ ਪ੍ਰਦੀਪ ਸਿੰਘ ਗਿੱਲ, ਸਵਰਨ ਸਿੰਘ ਸੇਖੋਂ, ਅਮਰੀਕ ਪਾਲ ਸਿੰਘ, ਇੰਦਰਮੋਹਨ ਛਾਬੜਾ, ਸੰਤ ਬਲਬੀਰ ਸਿੰਘ, 'ਪੰਜਾਬ ਟਾਈਮਜ਼' ਦੀ 26ਵੀਂ ਵਰ੍ਹੇਗੰਢ 'ਤੇ ਆਪਣੀਆਂ ਸ਼ੁਭ ਇਛਾਵਾਂ ਭੇਜੀਆਂ।

ਇਸ ਤੋਂ ਇਲਾਵਾ ਸਮਾਗਮ ਵਿਚ ਵੱਖ-ਵੱਖ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਖੇਡ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਇਨ੍ਹਾਂ ਸੰਸਥਾਵਾਂ ਵਿਚ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ; ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ, ਸ਼ਿਕਾਗੋ; ਫਾਈਵ ਰਿਵਰ ਐਂਟਰਟੇਨਮੈਂਟ, ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ, ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ (ਮਿੱਡਵੈਸਟ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ (ਮਿੱਡਵੈਸਟ) ਅਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ; ਪੰਜਾਬੀ ਅਮੈਰਿਕਨ ਯੂਥ ਕਲੱਬ ਇੰਡੀਆਨਾ, ਸਵੇਰਾ ਇੰਕ ਅਤੇ ਢੋਲ ਰੇਡੀਓ ਸ਼ਾਮਲ ਸਨ।

ਇਸ ਮੌਕੇ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ), ਸ਼ਿਕਾਗੋ ਦੇ ਪ੍ਰਧਾਨ ਜੈ ਰਾਮ ਸਿੰਘ ਕਾਹਲੋਂ ਦੁਖਦਾਈ ਘਟਨਾ ਵਾਪਰ ਜਾਣ ਕਰਕੇ ਪਹੁੰਚ ਨਹੀਂ ਸਕੇ,















ਲਈ ਖੁਸ਼ੀ ਵਾਲੀ ਗੱਲ ਹੈ।

ਪੰਜਾਬ ਸਪੋਰਟਸ ਕਲੱਬ ਦੇ ਸਾਬਕਾ ਪ੍ਰਧਾਨ ਸ. ਅਜਮੇਰ ਸਿੰਘ ਪੰਨੂ ਸਿਹਤ ਨਾਸਾਜ਼ ਹੋਣ ਕਰਕੇ ਪਹੁੰਚ ਨਹੀਂ ਸਕੇ, ਪਰ 'ਪੰਜਾਬ ਟਾਈਮਜ਼' ਪ੍ਰਤੀ ਉਨ੍ਹਾਂ ਵਲੋਂ ਪਾਏ ਯੋਗਦਾਨ ਲਈ ਉਨ੍ਹਾਂ ਦੀ ਪਤਨੀ ਹਰਜਿੰਦਰ ਕੌਰ ਪਨੂੰ ਦਾ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ।

ਜਗਵਿੰਦਰ ਭੱਠਲ, ਦਰਸ਼ਨ ਬੈਨੀਪਾਲ, ਸੁਖਰਾਜ ਸਿੰਘ, ਸੁਖਵਿੰਦਰ ਹੁੰਜਨ ਅਤੇ ਜਨਜੀਤ ਢਿਲੋਂ; ਇੰਡੀਆਨਾ ਤੋਂ ਸੰਨੀ, ਜੈਸੀ, ਗੁਰਬੀਰ ਸਿੰਘ ਤੇ ਜਿੰਮੀ ਚੀਮਾ, ਗੁਰੀਨ ਕੌਰ ਅਤੇ ਉਂਕਾਰ ਸੰਘਾ, ਕਸ਼ਿਸ਼ ਹੁਸ਼ਿਆਰਪੁਰੀ, ਰਾਜ ਲਾਲੀ ਬਟਾਲਾ, ਇਬਾਲ ਸਿੰਘ ਚੋਪੜਾ ਅਤੇ ਕੈਨੇਡਾ ਤੋਂ ਮਨਪ੍ਰੀਤ ਕੌਰ ਬਾਜਵਾ ਪ੍ਰੋਗਰਾਮ ਦੀ ਰੌਣਕ ਵਧਾਉਣ ਲਈ ਪਹੁੰਚੇ ਹੋਏ ਸਨ।

ਮੱਖਣ ਸਿੰਘ ਕਲੇਰ ਤੋਂ ਇਲਾਵਾ ਕਾਰ ਸੇਵਾ ਜਥੇ ਦੇ ਸਤਨਾਮ ਸਿੰਘ ਔਲਖ, ਪਾਲ ਧਾਲੀਵਾਲ ਤੇ ਸਾਥੀ ਪਹੁੰਚੇ।

ਫਾਈਵ ਰਿਵਰਜ਼ ਐਂਟਰਟੇਨਮੈਂਟ ਦੇ-ਡਾ. ਵਿਕਰਮ ਗਿੱਲ, ਗੁਰਪ੍ਰੀਤ ਸਿੰਘ, ਅੰਮ੍ਰਿਤਪਾਲ ਮਾਂਗਟ, ਜਸਰੂਪ ਸਿੰਘ; ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ ਵਲੋਂ ਪ੍ਰਧਾਨ ਨਵਤੇਜ ਸਿੰਘ ਸੋਹੀ, ਗੁਰਪ੍ਰੀਤ ਸਿੱਧੂ, ਰਾਜਿੰਦਰ ਸਿੰਘ











ਤੋਂ ਬਾਅਦ ਵੀ ਚਰਚਾ ਹੁੰਦੀ ਰਹੀ। ਗੁਲਜ਼ਾਰ ਸਿੰਘ ਮੁਲਤਾਨੀ ਤੇ ਗੁਰਬਖਸ਼ ਸਿੰਘ ਰਾਹੀ ਦੇ ਭੰਗੜੇ ਨੇ ਤਾਂ ਹੋਰਨਾਂ ਨੂੰ ਵੀ ਆਪਣੇ ਨਾਲ ਭੰਗੜਾ ਪਾਉਣ ਲਈ ਮਜਬੂਰ ਕਰ ਦਿੱਤਾ ਤੇ ਵੇਖਦਿਆਂ ਹੀ ਵੇਖਦਿਆਂ ਹੀ ਡਾਂਸ ਫਲੋਰ 'ਤੇ ਸਾਰਿਆਂ ਨੇ ਭੰਗੜੇ ਦੇ ਜੌਹਰ ਦਿਖਾਏ।

ਸ਼ਿਕਾਗੋ ਦੀ ਉੱਘੀ ਗਾਇਕਾ ਮਨਮੀਤ ਕੌਰ ਨੇ ਨੂਰ ਜਹਾਂ ਦਾ ਗੀਤ 'ਮੈਂ ਤੇ ਮੇਰਾ ਦਿਲਬਰ ਜਾਨੀ' ਗਾ ਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ। ਗੁਰਜੋਤ ਸਿੰਘ ਮੁਲਤਾਨੀ ਨੇ 'ਪੰਜਾਬਣ' ਗੀਤ ਗਾਇਆ।

ਸ਼ਿਕਾਗੋ ਦੇ ਉਘੇ ਗਾਇਕ ਮੈਡੀ ਸਿੰਘ ਨੇ ਪਹਿਲਾ

ਸਮਾਗਮ ਵਿਚ 'ਪੰਜਾਬ ਟਾਈਮਜ਼' ਦੇ ਸਲਾਹਕਾਰ ਬੋਰਡ ਦੇ ਮੈਂਬਰ ਦਰਸ਼ਨ ਸਿੰਘ ਗਰੇਵਾਲ, ਦਰਸ਼ਨ ਸਿੰਘ ਦਰੜ, ਅਵਤਾਰ ਸਿੰਘ ਸਪਰਿੰਗਫੀਲਡ, ਡਾ. ਹਰਗੁਰਮੁਖਪਾਲ ਸਿੰਘ, ਗੁਰਦਿਆਲ ਸਿੰਘ ਬਸਰਾਨ, ਜੈਦੇਵ ਸਿੰਘ ਭੱਠਲ, ਗੁਲਜ਼ਾਰ ਸਿੰਘ ਮੁਲਤਾਨੀ, ਭੁਪਿੰਦਰ ਸਿੰਘ ਧਾਲੀਵਾਲ, ਹਰਜੀਤ ਸਿੰਘ ਸਾਹੀ, ਜਗਦੀਸ਼ਰ ਸਿੰਘ ਕਲੇਰ, ਡਾ. ਗੁਰਚਰਨ ਸਿੰਘ ਗਰੇਵਾਲ, ਹਰਵਿੰਦਰਪਾਲ ਸਿੰਘ ਲੈਲ, ਨਵਦੀਪ ਕੌਰ ਸੰਧੂ, ਇਨਕਲਾਬੀ ਥਾਂਦੀ, ਜਸਬੀਰ ਕੌਰ ਢਿਲੋਂ, ਨਿੱਕੀ ਸੇਖੋਂ, ਸਰਵਣ ਸਿੰਘ ਟਿਵਾਣਾ, ਅੰਮ੍ਰਿਤਪਾਲ ਸਿੰਘ ਸੰਘਾ, ਜਸਕਰਨ ਸਿੰਘ ਧਾਲੀਵਾਲ, ਹੈਪੀ ਹੀਰ ਅਤੇ ਆਗਿਆਪਾਲ ਸਿੰਘ ਬਾਠ ਆਪਣੇ ਸਾਥੀਆਂ ਨਾਲ ਪਹੁੰਚੇ ਹੋਏ ਸਨ। ਰਘਬੀਰ ਸਿੰਘ ਘੁੰਨ, ਰਾਘਵਿੰਦਰ ਸਿੰਘ ਮਾਹਲ, ਰਛਪਾਲ ਸਿੰਘ ਬਾਜਵਾ, ਅੱਛਰ ਸਿੰਘ, ਹਰਜੀਤ ਸਿੰਘ ਗਿੱਲ, ਗੁਰਮੀਤ ਸਿੰਘ ਬੈਂਸ, ਇੰਡੀਅਨਐਪੋਲਿਸ ਤੋਂ ਬਲਦੇਵ ਥਿੰਦ, ਗੁਰਪ੍ਰੀਤ ਮੱਲ੍ਹੀ; ਹਰਮਨ, ਪਰਮਜੀਤ; ਮਿਸ਼ੀਗਨ ਤੋਂ ਰਾਜਵੀਰ ਬੋਪਾਰਾਏ, ਕੁਲਦੀਪ ਸਿੰਘ, ਮੁਖਤਿਆਰ ਸਿੰਘ ਖਹਿਰਾ, ਅਜੇ ਗਰੋਵਰ, ਰੂਬਲ, ਰਾਜ ਗਰੇਵਾਲ; ਟੈਕਸਸ ਤੋਂ ਪ੍ਰੀਤਮ ਸਿੰਘ ਤੂਰ, ਸੁਖਦੇਵ ਸਿੰਘ, ਸਰਘੀ ਸ਼ਰਮਾ ਕੈਲੀਫੋਰਨੀਆ ਤੋਂ ਦਲਵੀਰ ਸਿੰਘ ਪਨੂੰ, ਮੱਖਣ ਸਿੰਘ ਬੈਂਸ, ਜੱਸੀ ਗਿੱਲ, ਅਮੋਲਕ ਸਿੰਘ ਗਾਖਲ, ਗੁਰਚਰਨ ਸਿੰਘ ਮਾਨ, ਗੁਰਮੀਤ ਸਿੰਘ ਖਾਲਸਾ; ਅਰਕਨਸਾਂਸ ਤੋਂ ਹਰਮਨ ਥਿੰਦ, ਹਰਜਿੰਦਰ ਸਿੰਘ ਸੰਧੂ ਭਾਵੇਂ ਆਪਣੇ ਰੁਝੇਵਿਆਂ ਕਰਕੇ ਪਹੁੰਚ ਨਹੀਂ ਸਨ ਸਕੇ ਪਰ ਉਨ੍ਹਾਂ ਮਾਗੋ, ਵਿੱਕ ਸਿੰਘ, ਪਰਵਿੰਦਰ ਸਿੰਘ ਨੰਨੂਆ, ਗੁਰਲਾਲ ਸਿੰਘ ਭੱਠਲ, ਜਸਬੀਰ ਸਿੰਘ ਪਲੀਆ, ਸੁਰਿੰਦਰ ਪਲੀਆ ਤੇ ਵਿਕਰਮ ਸੋਹੀ; ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਵਲੋਂ ਸੰਤੋਖ ਸਿੰਘ ਘੁੰਮਣ, ਡਾ. ਹਰਜਿੰਦਰ ਖਹਿਰਾ, ਹੈਪੀ ਹੀਰ, ਅਜੈਬ ਸਿੰਘ ਲੱਖਣ, ਜਸਕਰਨ ਸਿੰਘ ਧਾਲੀਵਾਲ; ਸ਼ੇਰੇ ਪੰਜਾਬ ਸਪੋਰਟਸ ਕਲੱਬ ਵਲੋਂ ਕਮਲਜੀਤ ਘੁਮਾਣ, ਬਲਜੀਤ ਟਿਵਾਣਾ, ਦੀਪਿੰਦਰ ਸਿੰਘ, ਹਰਪ੍ਰੀਤ ਗਿੱਲ, ਜੱਸੀ ਗਿੱਲ, ਜਿੰਦੀ ਖੰਗੂੜਾ, ਪਿੰਦੀ ਛੀਨਾ, ਓਂਕਾਰ ਸਹੋਤਾ, ਹਨੀ ਖੰਗੂੜਾ, ਗੋਲਡੀ, ਪਿੰਦਾ ਹਾਜ਼ਰ ਸਨ। 'ਸਵੇਰਾ ਇੰਕ' ਤੋਂ ਬੀਬੀ ਜਸਬੀਰ ਕੌਰ ਮਾਨ ਅਤੇ ਸ. ਪਰਸ਼ਨ ਸਿੰਘ ਮਾਨ ਪੁੱਜੇ ਹੋਏ ਸਨ। ਰਮੇਸ਼ ਨੇ ਸਾਰੇ ਪ੍ਰੋਗਰਾਮ ਨੂੰ ਕੈਮਰੇ ਵਿਚ ਕੈਦ ਕੀਤਾ।

## ‘ਪੰਜਾਬ ਟਾਈਮਜ਼ ਨਾਈਟ-2025’ ਦੀਆਂ ਕੁਝ ਹੋਰ ਯਾਦਗਾਰੀ ਤਸਵੀਰਾਂ



















# ਆਮ ਲੋਕਾਂ ਅਤੇ ਵਿਰੋਧੀ ਦਲਾਂ ਦੇ ਸਵਾਲਾਂ ਦਾ ਜਵਾਬ ਕਿਉਂ ਨਹੀਂ ਦਿੰਦੀ ਭਾਜਪਾ?

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ: 97816-46008

ਇਹ ਹਕੀਕਤ ਹੈ ਕਿ ਸਾਲ 2014 ਤੋਂ ਪਹਿਲਾਂ ਵੀ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਭਾਜਪਾ ਨੇ ਆਪਣੀਆਂ ਭਾਈਵਾਲ ਪਾਰਟੀਆਂ ਨਾਲ ਰਲ ਕੇ ਕੇਂਦਰ ਵਿਚ ਸਰਕਾਰ ਬਣਾਈ ਸੀ ਤੇ ਚਲਾਈ ਸੀ, ਪਰ ਉਸ ਸਰਕਾਰ ਤੋਂ ਇਲਾਵਾ ਕਿਸੇ ਵੀ ਹੋਰ ਪਾਰਟੀ ਦੀ ਕੇਂਦਰ ਵਿਚ ਸਰਕਾਰ ਹੁੰਦਿਆਂ ਹੋਇਆਂ ਵੀ ਆਮ ਲੋਕਾਂ ਜਾਂ ਵਿਰੋਧੀ ਧਿਰ ਦੀਆਂ ਪਾਰਟੀਆਂ ਅੰਦਰ ਕੇਂਦਰ ਦੀ ਸਰਕਾਰ ਵਲੋਂ ਦਿੱਤੇ ਜਾਂਦੇ ਬਿਆਨਾਂ ’ਤੇ ਬੇਇਤਬਾਰੀ ਅਤੇ ਸ਼ੰਕੇ ਪ੍ਰਗਟ ਨਹੀਂ ਕੀਤੇ ਜਾਂਦੇ ਸਨ ਜਿੰਨੇ ਕਿ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਚਲਾਈ ਜਾ ਰਹੀ ਕੇਂਦਰ ਸਰਕਾਰ ਦੇ ਪਿਛਲੇ ਤੇ ਵਰਤਮਾਨ ਕਾਰਜਕਾਲ ਵਿਚ ਪ੍ਰਗਟ ਕੀਤੇ ਜਾ ਰਹੇ ਹਨ।

ਗੱਲ ਚਾਹੇ ਮੋਦੀ ਸਰਕਾਰ ਦੇ ਪਿਛਲੇ ਕਾਰਜਕਾਲ ਦੌਰਾਨ ਵਾਪਰੇ ‘ਪੁਲਵਾਮਾ ਕਾਂਡ’ ਜਾਂ ਪਾਕਿਸਤਾਨ ਖ਼ਿਲਾਫ਼ ਕੀਤੇ ਗਏ ‘ਸਰਜੀਕਲ ਸਟਰਾਈਕ’ ਦੀ ਹੋਵੇ, ਵਿਰੋਧੀ ਦਲਾਂ ਨੇ ਕਈ ਗੰਭੀਰ ਪ੍ਰਸ਼ਨ ਉਠਾਏ ਸਨ ਜਿਨ੍ਹਾਂ ਦੇ ਤਸੱਲੀਬਖ਼ਸ਼ ਜਵਾਬ ਅੱਜ ਤੱਕ ਨਹੀਂ ਦਿੱਤੇ ਗਏ, ਸਗੋਂ ਉਲਟੀ ਬਿਆਨਬਾਜ਼ੀ ਕਰਦਿਆਂ ਸੁਆਲਕਰਤਾਵਾਂ ਨੂੰ ਹੀ ‘ਦੇਸ਼ ਧ੍ਰੋਹੀ’ ਗਰਦਾਨ ਦਿੱਤਾ ਗਿਆ ਸੀ। ਕੀ ਦੇਸ਼ ਨੂੰ ਅਤੇ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਨੂੰ ਇਹ ਜਾਨਣ ਦਾ ਹੱਕ ਨਹੀਂ ਹੈ ਕਿ ‘ਪੁਲਵਾਮਾ ਕਾਂਡ’ ਵਿਚ ਭਾਰਤ ਦੇ ਬਹਾਦਰ ਸੈਨਿਕਾਂ ਦੀਆਂ ਜਾਨਾਂ ਲੈਣ ਵਾਲਾ ਉਹ ਭਾਰੀ ਮਾਤਰਾ ਵਾਲਾ ਆਰ.ਡੀ.ਐਕਸ. ਆਖ਼ਿਰ ਆਇਆ ਕਿੱਥੋਂ ਸੀ? ਕਸ਼ਮੀਰ ਵਰਗੇ ਅਸ਼ਾਂਤ ਅਤੇ ਅਤਿਵਾਦ ਪ੍ਰਭਾਵਿਤ ਖਿੱਤੇ ਵਿਚ ਭਾਰਤੀ ਫ਼ੌਜ ’ਤੇ ਇੰਨਾ ਵੱਡਾ ਹਮਲਾ ਹੋ ਜਾਣ ਪਿੱਛੇ ਇੰਟੈਲੀਜੈਂਸ ਏਜੰਸੀਆਂ ਦੀ ਨਾਕਾਮੀ ’ਤੇ ਕੀ ਸਵਾਲ ਖੜ੍ਹੇ ਨਹੀਂ ਹੁੰਦੇ? ਇਸ ਸੰਗੀਨ ਮਾਮਲੇ ਦੀ ਜਾਂਚ ਦੇ ਠੋਸ ਸਬੂਤ ਅਤੇ ਨਤੀਜੇ ਅਜੇ ਤੱਕ ਸਾਹਮਣੇ ਕਿਉਂ ਨਹੀਂ ਆਏ?

ਤਾਜ਼ਾ ਮਾਮਲਾ ਸਰਬੱਤ ਜਗਤ ਦੀ ਸ਼ਰਧਾ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ’ਤੇ ਪਾਕਿਸਤਾਨੀ ਫ਼ੌਜ ਵੱਲੋਂ ਹਮਲਾ ਕਰਨ ਸਬੰਧੀ ਭਾਰਤੀ ਫ਼ੌਜ ਦੇ ਇੱਕ ਬੁਲਾਰੇ ਰਾਹੀਂ ਸਰਕਾਰ ਵੱਲੋਂ ਦੁਆਏ ਗਏ ਇੱਕ ਵਿਵਾਦਮਈ ਬਿਆਨ ਦਾ ਹੈ, ਜਿਸਨੂੰ ਗੁਮਰਾਹਕੁਨ ਅਤੇ ਬੇਬੁਨਿਆਦ ਦੱਸਦਿਆਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਗਠਨਾਂ ਵੱਲੋਂ ਕਰੜੀ ਆਲੋਚਨਾ ਕੀਤੀ ਜਾ ਰਹੀ ਹੈ। ਕੋਈ ਵੀ ਸਿੱਖ ਸੰਗਠਨ ਇਹ ਮੰਨਣ ਨੂੰ ਤਿਆਰ ਨਹੀਂ ਹੈ ਕਿ ਪਾਕਿਸਤਾਨ ਦੀ ਫ਼ੌਜ ਜਾਂ ਕੋਈ ਪਾਕਿਸਤਾਨੀ ਬਾਸ਼ਿੰਦਾ ਅਜਿਹਾ ਕਰਨ ਬਾਰੇ ਸੋਚ ਵੀ ਸਕਦਾ ਹੈ। ਇਸਦੇ ਉਲਟ ਸਗੋਂ ਸਿੱਖ ਆਗੂਆਂ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਦੇਸ਼ ਵਿਚ ‘ਹਿੰਦੂ-ਮੁਸਲਿਮ’ ਏਕਤਾ ਨੂੰ ਤਾਰ-ਤਾਰ ਕਰਨ ਦੇ ਯਤਨ ਕਰਨ ਵਾਲੀ ਭਾਜਪਾ ਹੁਣ ਪੰਜਾਬ ਵਿਚ ‘ਸਿੱਖ-ਮੁਸਲਿਮ’ ਪ੍ਰੇਮ-ਪਿਆਰ ਵਿਚ ਪਾੜਾ ਪਾਉਣਾ ਚਾਹੁੰਦੀ ਹੈ ਤੇ ਇਸ ਕੋਝੇ ਕਾਰਜ ਲਈ ਮਨਘੜਤ ਬਿਆਨ ਦੁਆ ਕੇ ਭਾਰਤੀ ਫ਼ੌਜ ਦਾ ਇਸਤੇਮਾਲ ਕਰਨਾ ਤਾਂ ‘ਅਤਿ ਨਿੰਦਣਯੋਗ ਕਾਰਾ’ ਆਖਿਆ ਜਾ ਰਿਹਾ ਹੈ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਖ-ਵੱਖ ਬੁਲਾਰਿਆਂ ਨੇ ਇਸ ਸਬੰਧੀ ਜੋ ਸੁਆਲ ਉਠਾਏ ਹਨ, ਉਹ ਕਾਫ਼ੀ ਗੰਭੀਰ ਅਤੇ ਧਿਆਨ ਦੇਣ ਯੋਗ ਹਨ। ਸਿੱਖ ਵਿਦਵਾਨਾਂ ਅਤੇ ਫ਼ੌਜੀ ਕਾਰਵਾਈਆਂ ਸਬੰਧੀ ਜਾਣਕਾਰਾਂ ਵੱਲੋਂ ਪੁੱਛਿਆ ਜਾ ਰਿਹਾ ਹੈ-ਕੀ ਸ੍ਰੀ ਹਰਿਮੰਦਰ ਸਾਹਿਬ ਤੋਂ ਥੋੜ੍ਹੀ ਵਿੱਥ ’ਤੇ ਤਾਇਨਾਤ ਇਕ ਪ੍ਰਸਿੱਧ ਹਿੰਦੂ ਤੀਰਥ ਅਸਥਾਨ ਅਤੇ ਕੁਝ ਹੋਰ ਤੀਰਥ ਅਸਥਾਨ ਪਾਕਿਸਤਾਨ ਦੇ ਨਿਸ਼ਾਨੇ ’ਤੇ ਨਹੀਂ ਸਨ? ਜੇਕਰ ਸਨ ਤਾਂ ਭਾਰਤੀ ਫ਼ੌਜ ਦੇ ਸਬੰਧਿਤ ਅਫ਼ਸਰ ਨੇ ਬਾਕੀਆਂ ਬਾਰੇ ਗੱਲ ਕਿਉਂ ਨਹੀਂ ਕੀਤੀ? ਤੇ ਕੇਵਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਹੀ ਜ਼ਿਕਰ ਕਿਉਂ ਕੀਤਾ ਸੀ? ਫ਼ੌਜੀ ਮਾਹਿਰਾਂ ਅਨੁਸਾਰ ਜੰਗੀ ਹਾਲਾਤ ਦੌਰਾਨ ਮਹੱਤਵਪੂਰਨ ਪੁਲ, ਡੈਮ, ਸੜਕਾਂ, ਹਵਾਈ ਅੱਡੇ, ਫ਼ੌਜੀ ਟਿਕਾਣੇ ਅਤੇ ਪ੍ਰਮਾਣੂ ਹਥਿਆਰ ਰੱਖਣ ਦੇ ਸਥਾਨ ਆਦਿ ਦੁਸ਼ਮਣ ਦੇ ਨਿਸ਼ਾਨੇ ’ਤੇ ਹੁੰਦੇ ਹਨ ਪਰ ਭਾਰਤੀ ਫ਼ੌਜ ਦੇ ਸਬੰਧਿਤ ਬੁਲਾਰੇ ਨੇ ਪੰਜਾਬ ਦੇ ਕਿਸੇ ਵੀ ਅਜਿਹੇ ਹੋਰ ਸਥਾਨ ਦੇ ਖ਼ਤਰੇ ਵਿਚ ਹੋਣ ਦਾ ਖੁਲਾਸਾ ਕਿਉਂ ਨਹੀਂ ਕੀਤਾ? ਜਦੋਂ ਫ਼ੌਜ ਅਤੇ ਸਰਕਾਰ ਖ਼ੁਦ ਆਖ ਰਹੇ ਹਨ ਕਿ ‘ਆਪ੍ਰੇਸ਼ਨ ਸਿੰਧੂਰ’ ਅਜੇ ਖ਼ਤਮ ਨਹੀਂ ਹੋਇਆ ਹੈ ਤਾਂ ਫਿਰ ਭਾਰਤੀ ਫ਼ੌਜ ਐਨੀ ‘ਸੰਵੇਦਨਸ਼ੀਲ ਖ਼ੁਫ਼ੀਆ ਜਾਣਕਾਰੀ’ ਨੂੰ ਜਨਤਕ ਕਿਵੇਂ ਕਰ ਸਕਦੀ ਹੈ? ਸ੍ਰੀ ਹਰਿਮੰਦਰ ਸਾਹਿਬ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਲਈ ਜ਼ਿੰਮੇਵਾਰ ਅਧਿਕਾਰੀਆਂ ਨੇ ਇਹ ਦਾਅਵਾ ਕੀਤਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਮਿਜ਼ਾਈਲ ਹਮਲੇ ਜਾਂ ਡ੍ਰੋਨ ਹਮਲੇ ਤੋਂ ਬਚਾਉਣ ਸਬੰਧੀ ਮਸ਼ੀਨਰੀ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਜਾਂ ਆਸਪਾਸ ਤਾਇਨਾਤ ਕਰਨ ਸਬੰਧੀ ਫ਼ੌਜ ਜਾਂ ਸਰਕਾਰ ਵੱਲੋਂ ਕੋਈ ਵੀ ਅਗਾਊਂ ਜਾਣਕਾਰੀ ਨਹੀਂ ਦਿੱਤੀ ਗਈ ਸੀ ਤੇ ਨਾ




ਹੀ ਅਜਿਹੀ ਮਸ਼ੀਨਰੀ ਦੀਆਂ ਗਤੀਵਿਧੀਆਂ ਇਸ ਪਾਵਨ ਅਸਥਾਨ ਦੇ ਆਸ-ਪਾਸ ਵੇਖੀਆਂ ਗਈਆਂ ਸਨ। ਫਿਰ ਇਹ ਕਿਵੇਂ ਮੰਨ ਲਿਆ ਜਾਵੇ ਕਿ ਪਾਕਿਸਤਾਨ ਅਜਿਹੀ ਕੋਝੀ ਹਰਕਤ ਕਰ ਸਕਦਾ ਹੈ ਜਦੋਂ ਕਿ ਖ਼ੁਦ ਪਾਕਿਸਤਾਨ ਅੰਦਰ ਸਥਿਤ ਸ੍ਰੀ ਕਰਤਾਰਪੁਰ ਸਾਹਿਬ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਸਿੱਖ ਗੁਰਧਾਮਾਂ ਦੀ ਸਾਂਭ-ਸੰਭਾਲ ਅਤੇ ਰਾਖੀ ਲਈ ਪਾਕਿਸਤਾਨੀ ਸਰਕਾਰ ਪੂਰਾ ਸਹਿਯੋਗ ਕਰਦੀ ਹੈ? ਸਿੱਖ ਹਲਕਿਆਂ ਵਿਚ ਇਹ ਮੰਨਿਆ ਜਾ ਰਿਹਾ ਹੈ ਕਿ ਪਾਕਿਸਤਾਨੀ ਫ਼ੌਜ ਜਾਂ ਪਾਕਿਸਤਾਨੀ ਸਰਕਾਰ ਖ਼ਿਲਾਫ਼ ਪ੍ਰਾਪੇਗੰਡਾ ਕਰਨ ਲਈ ਮੋਦੀ ਸਰਕਾਰ ਨੂੰ ਅਜਿਹੇ ਘਟੀਆ ਤਰੀਕੇ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਸੀ ਤੇ ਭਾਰਤੀ ਫ਼ੌਜ ਦੇ ਮੋਢੇ ’ਤੇ ਰੱਖ ਕੇ ਇਹ ਨਫ਼ਰਤ ਅਤੇ ਸਰਕਾਰੀ ਪ੍ਰਾਪੇਗੰਡੇ ਦੀ ਬੰਦੂਕ ਨਹੀਂ ਸੀ ਚਲਾਉਣੀ ਚਾਹੀਦੀ?

ਕਾਂਗਰਸ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਵਿਦੇਸ਼ ਮੰਤਰੀ ਐਸ.ਜੈ ਸ਼ੰਕਰ ਤੇ ਪਾਕਿਸਤਾਨ ਨੂੰ ਭਾਰਤੀ ਫ਼ੌਜ ਦੀ ਕਾਰਵਾਈ ਸਬੰਧੀ ਜਾਂ ‘ਆਪ੍ਰੇਸ਼ਨ ਸਿੰਧੂਰ’ ਸਬੰਧੀ ਆਪਣੇ ਬਿਆਨਾਂ ਰਾਹੀਂ ਅਗਾਊਂ ਸੂਚਨਾ ਪ੍ਰਦਾਨ ਕਰਨ ਦੇ ਇਲਜ਼ਾਮਾਂ ਦੇ ਢੁਕਵੇਂ ਅਤੇ ਸਾਰਥਕ ਜਵਾਬ ਦੇਣ ਦੀ ਥਾਂ ਭਾਜਪਾ ਦੇ ਮੀਡੀਆ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ‘ਪੋਸਟਰ’ ਜੰਗ ਸ਼ੁਰੂ ਕਰ ਦਿੱਤੀ ਜਿਸਦਾ ਕਾਂਗਰਸ ਦੇ ਮੀਡੀਆ ਸੈੱਲ ਦੀ ਮੁਖੀ ਸੁਪ੍ਰਿਆ ਸ੍ਰੀਨੇਤ ਨੇ ਮਾਕੂਲ ਜਵਾਬ ਦੇ ਕੇ ਕੇਂਦਰ ਸਰਕਾਰ ਅਤੇ ਭਾਜਪਾ ਦੇ ਮੀਡੀਆ ਸੈੱਲ ਦੀ ਪੋਲ ਖੋਲ੍ਹ ਦਿੱਤੀ। ਤੇਜ਼-ਤਰਾਰ ਅਤੇ ਸੱਚ ਦੀ ਪਰਖ ਕਰਨ ਵਾਲੇ ਪੱਤਰਕਾਰਾਂ ਦੇ ਤਿੱਖੇ ਸਵਾਲਾਂ ਤੋਂ ਸਦਾ ਹੀ ਬਚੇ ਰਹਿਣ ਹਿਤ ਅੱਜ ਤੱਕ ਇਕ ਵੀ ਢੰਗ ਦੀ ਪੱਤਰਕਾਰ-ਵਾਰਤਾ ਕਰਨ ਦੀ ਥਾਂ ‘ਮਨ ਕੀ ਬਾਤ’ ਅਤੇ ਹੋਰ ਖੱਬੇ-ਸੱਜੇ ਪਲੇਟਫ਼ਾਰਮਾਂ ਰਾਹੀਂ ਇਕਪਾਸੜ ਬਿਆਨਬਾਜ਼ੀ ਕਰਨ ਵਾਲੇ ਨਰਿੰਦਰ ਮੋਦੀ ਸਾਹਿਬ ਤੇ ਕਿਸੇ ਵੀ ਭਾਜਪਾ ਨੇਤਾ ਨੇ ਅਜੇ ਤੱਕ ਇਨ੍ਹਾਂ ਸਵਾਲਾਂ ਦੇ ਜਵਾਬ ਨਹੀਂ ਦਿੱਤੇ ਹਨ ਕਿ ਜੇਕਰ ਭਾਰਤੀ ਫ਼ੌਜ ਨੇ ਪਾਕਿਸਤਾਨ ਅੰਦਰ ਮੌਜੂਦ ਅਤਿਵਾਦੀਆਂ ਦੇ 21 ਟਿਕਾਣੇ ਬਰਬਾਦ ਕਰਨੇ ਸਨ ਤਾਂ ਫਿਰ ਕੇਵਲ ਨੌਂ ਟਿਕਾਣੇ ਤਬਾਹ ਕਰ ਕੇ ‘ਜੰਗਬੰਦੀ’ ਕਿਉਂ ਕਰ ਦਿੱਤੀ ਗਈ? ਜੇਕਰ ਪਾਕਿਸਤਾਨ ਅਤੇ ਭਾਰਤ ਦਰਮਿਆਨ ਜੰਗਬੰਦੀ ਸਬੰਧੀ ਡੀ.ਜੀ.ਐਮ.ਓ. ਪੱਧਰ ’ਤੇ ਕੋਈ ਗੁਪਤ ਮੀਟਿੰਗ ਹੋ ਵੀ ਰਹੀ ਸੀ ਤਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਇਸ ‘ਅਤਿਅੰਤ ਗੁਪਤ ਮੀਟਿੰਗ’ ਅਤੇ ਜੰਗਬੰਦੀ ਹੋਣ ਦੀ ਖ਼ੁਫ਼ੀਆ ਜਾਣਕਾਰੀ ਕਿੱਥੋਂ ਮਿਲ ਗਈ?’ ਡੋਨਲਡ ਟਰੰਪ ਨੇ ਭਾਰਤੀ ਜਾਂ ਪਾਕਿਸਤਾਨੀ ਸਰਕਾਰ ਅਤੇ ਫ਼ੌਜ ਵੱਲੋਂ ਜੰਗਬੰਦੀ ਐਲਾਨੇ ਜਾਣ ਤੋਂ ਪਹਿਲਾਂ ਹੀ ਜੰਗਬੰਦੀ ਦਾ ਐਲਾਨ ਭਲਾ ਕਿਵੇਂ ਕਰ ਦਿੱਤਾ ਸੀ?’, ‘ਜੇਕਰ ਭਾਰਤ ਆਪਣੇ ਗੁਆਂਢੀ ਪਰ ਦੁਸ਼ਮਣ ਮੁਲਕਾਂ ਨਾਲ ਦੁਵੱਲੇ ਸਬੰਧਾਂ ਵਿਚ ਕਿਸੇ ਤੀਜੀ ਧਿਰ ਦੀ ਮੁਦਾਖ਼ਲਤ ਭਾਵ ਦਖ਼ਲਅੰਦਾਜ਼ੀ ਪ੍ਰਵਾਨ ਨਹੀਂ ਕਰਦਾ ਤਾਂ ਉਕਤ ਸਾਰੇ ਵਰਤਾਰੇ ਬਾਰੇ ਅਮਰੀਕਾ ਨੂੰ ਅਗਾਊਂ ਕਿਵੇਂ ਪਤਾ ਸੀ ਤੇ ਜੰਗਬੰਦੀ ਸਬੰਧੀ ਟਰੰਪ ਦਾ ਟਵੀਟ, ਪ੍ਰਧਾਨ ਮੰਤਰੀ ਮੋਦੀ ਦੇ ਟਵੀਟ ਤੋਂ ਪਹਿਲਾਂ ਕਿਵੇਂ ਆ ਗਿਆ ਸੀ? ਟਰੰਪ ਦੇ ਬਿਆਨ ਅਨੁਸਾਰ ‘ਘੋਰ ਰਾਸ਼ਟਰਵਾਦੀ’ ਹੋਣ ਦਾ ਦਾਅਵਾ ਕਰਨ ਵਾਲੀ ਮੋਦੀ ਸਰਕਾਰ ਕੀ ‘ਟਰੇਡ’ ਭਾਵ ਵਪਾਰਕ ਹਿੱਤਾਂ ਨੂੰ ਪਹਿਲ ਦਿੰਦਿਆਂ ਹੋਇਆਂ ਜੰਗਬੰਦੀ ਲਈ ਰਾਜ਼ੀ ਹੋ ਗਈ ਸੀ?

ਭਾਜਪਾ ਆਗੂ ਅਤੇ ਕੇਂਦਰੀ ਗ੍ਰਹਿ ਮੰਤਰੀ ਸਾਹਿਬ ਅਜੇ ਤੱਕ ਇਨ੍ਹਾਂ ਸਵਾਲਾਂ ਦੇ ਜਵਾਬ ਨਹੀਂ ਦੇ ਸਕੇ ਹਨ ਕਿ ਪਹਿਲਗਾਮ ਵਿਖੇ ਭਾਰੀ ਮਾਤਰਾ ਵਿਚ ਸੈਲਾਨੀ ਮੌਜੂਦ ਹੋਣ ਦੇ ਬਾਵਜੂਦ ਕਿਸੇ ਕਿਸਮ ਦੇ ਵੀ ਸੁਰੱਖਿਆ ਪ੍ਰਬੰਧ ਕਿਉਂ ਨਹੀਂ ਕੀਤੇ ਗਏ ਸਨ? 28 ਨਿਰਦੋਸ਼ ਸੈਲਾਨੀਆਂ ਦੀਆਂ ਜਾਨਾਂ ਚਲੇ ਜਾਣ ਦੇ ਬਾਵਜੂਦ ਉਕਤ ਹੱਤਿਆਕਾਂਡ ਲਈ ਹੋਈ ਸੁਰੱਖਿਆ ਉਕਾਈ ਦਾ ਜ਼ਿੰਮੇਵਾਰ ਕਿਸ ਨੂੰ ਠਹਿਰਾਇਆ ਗਿਆ ਤੇ ਉਸਦੇ ਖ਼ਿਲਾਫ਼ ਕੀ ਕਾਰਵਾਈ ਕੀਤੀ ਗਈ?, ‘ਆਪ੍ਰੇਸ਼ਨ ਸਿੰਧੂਰ’ ਦੌਰਾਨ ਭਾਰਤੀ ਫ਼ੌਜ ਨੂੰ ਸਰਹੱਦ ਦੇ ਉਸ ਪਾਰ ਸੌ-ਦੋ ਸੌ ਕਿਲੋਮੀਟਰ ਦੂਰ ਲੁਕੇ ਅਤਿਵਾਦੀ ਤਾਂ ਨਜ਼ਰ ਆ ਗਏ ਤੇ ਉਡਾ ਵੀ ਦਿੱਤੇ ਗਏ ਪਰ ਪਹਿਲਗਾਮ ਕਾਂਡ ਨੂੰ ਅੰਜਾਮ ਦੇਣ ਵਾਲੇ ਉਹ ਅਤਿਵਾਦੀ ਮਾਰੇ ਜਾਂ ਫੜੇ ਕਿਉਂ ਨਹੀਂ ਗਏ ਜੋ ਭਾਰਤੀ ਸਰਹੱਦ ਦੇ ਅੰਦਰ ਹੀ ਮੌਜੂਦ ਹੋ ਸਕਦੇ ਹਨ? ਭਾਰਤੀ ਫ਼ੌਜ ਦੀ ਜਾਂਬਾਜ਼ ਅਫ਼ਸਰ ਕਰਨਲ ਸੋਫ਼ੀਆ ਕੁਰੈਸ਼ੀ ਸਬੰਧੀ ਅਪਮਾਨਜਨਕ ਟਿੱਪਣੀ ਕਰਨ ਵਾਲੇ ਭਾਜਪਾ ਆਗੂ ਵਿਜੇ ਸ਼ਾਹ ਖ਼ਿਲਾਫ਼ ਹਾਈਕੋਰਟ ਅਤੇ ਸੁਪਰੀਮ ਕੋਰਟ ਤਾਂ ਸਖ਼ਤ ਇਤਰਾਜ਼ ਉਠਾਉਂਦੇ ਹਨ ਪਰ ਭਾਜਪਾ ਆਪਣੇ ਇਸ ‘ਲਾਡਲੇ’ ਆਗੂ ਖ਼ਿਲਾਫ਼ ਕੋਈ ਵੀ ਅਨੁਸ਼ਾਸਨੀ ਕਾਰਵਾਈ ਕਿਉਂ ਨਹੀਂ ਕਰਦੀ? ਅਜਿਹੇ ਹੋਰ ਵੀ ਕਈ ਸਵਾਲ ਹਨ ਜਿਨ੍ਹਾਂ ਦੇ ਜਵਾਬ ਦੇਣ ਤੋਂ ਭਾਜਪਾ ਦੀ ਲੀਡਰਸ਼ਿਪ ਕੰਨੀ ਕਤਰਾਉਂਦੀ ਹੈ ਤੇ ਉਸਦੇ ਲਈ ਸਭ ਤੋਂ ਆਸਾਨ ਹੱਲ ਇਹੋ ਹੈ ਕਿ ਸਵਾਲ ਪੁੱਛਣ ਵਾਲੇ ਨੂੰ ‘ਦੇਸ਼ ਧ੍ਰੋਹੀ’ ਐਲਾਨ ਕੇ ਗ੍ਰਿਫ਼ਤਾਰ ਕਰ ਲਓ ਤੇ ਜੇਲ੍ਹ ਵਿਚ ਸੁੱਟ ਦਿਓ।

ਕਲਾ ਪਰਿਕਰਮਾ

# ਫ਼ਿਲਮਾਂ ਵਾਇਆ ਵੈਬ ਸੀਰੀਜ਼




ਨਿਰਮਾਤਾ ਨੀਰਜ ਪਾਂਡੇ ਵਲੋਂ ਨਿਰਦੇਸ਼ਿਤ ਹਿੰਦੀ ਅਤੇ ਬੰਗਾਲੀ ਭਾਸ਼ਾ ਵਿਚ ਇਕੱਠਿਆਂ ਬਣਾਈ ਜਾ ਰਹੀ ਵੈੱਬ ਸੀਰੀਜ਼ ਨੈਟ ਫ਼ਿਕਸ 'ਤੇ ਸਟੀਮ ਹੋਣ ਵਾਲੀ ਪਹਿਲੀ ਕ੍ਰਾਈਮ, ਥ੍ਰਿੱਲਰ 'ਖਾਕੀ : ਦ ਬੰਗਾਲ ਚੈਪਟਰ' (2025) ਵਿਚ ਨਜ਼ਰ ਆਉਣ ਵਾਲੀ ਅਦਾਕਾਰਾ ਚਿਤ੍ਰਾਂਗਦਾ ਸਿੰਘ ਹਰ ਕਿਸੇ ਨੂੰ ਹੈਰਾਨ ਕਰ ਦੇਣ ਵਾਲੀ ਆਪਣੀ ਖ਼ੂਬਸੂਰਤੀ, ਗਲੈਮਰ ਅਤੇ ਦਮਦਾਰ ਅਦਾਕਾਰੀ ਲਈ ਜਾਣੀ ਜਾਂਦੀ ਹੈ।

ਵੈੱਬ ਸੀਰੀਜ਼ 'ਖਾਕੀ : ਦ ਬੰਗਾਲ ਚੈਪਟਰ' ਵਿਚ ਉਸ ਨੇ ਇਕ ਰਾਜਸੀ ਆਗੂ ਪੂਜਾ ਚੋਪੜਾ ਦਾ ਅਹਿਮ ਕਿਰਦਾਰ ਨਿਭਾਇਆ ਹੈ ਜਿਸ ਨੂੰ ਕਾਫ਼ੀ ਸਰਾਹਿਆ ਜਾ ਰਿਹਾ ਹੈ। ਫ਼ੌਜ ਦੀ ਪਿੱਠਭੂਮੀ ਵਾਲਾ ਪਰਿਵਾਰ ਹੋਣ ਕਾਰਨ ਚਿਤਾਂਗਦਾ ਦਾ ਬਚਪਨ ਰਾਜਸਥਾਨ ਦੇ ਕੋਟਾ, ਉੱਤਰ ਪ੍ਰਦੇਸ਼ ਦੇ ਬਰੇਲੀ ਅਤੇ ਮਰੇਠ ਵਿਚ ਬੀਤਿਆ। ਚਿਤਾਂਗਦਾ ਨੇ ਦਿੱਲੀ ਵਿਚ ਰਹਿੰਦੇ ਹੋਏ ਇਸ਼ਤਿਹਾਰਾਂ ਅਤੇ ਬਾਂਡਸ ਲਈ ਮਾਡਲਿੰਗ ਕੀਤੀ। ਅਲਤਾਫ਼ ਰਾਜਾ ਦੇ ਸੁਪਰਹਿਟ ਗਾਣੇ 'ਤੁਮ ਤੋਂ ਠਹਿਰੇ ਪਰਦੇਸੀ' ਵਿਚ ਚਿਤ੍ਰਾਂਗਦਾ ਸਿੰਘ ਪਹਿਲੀ ਵਾਰ ਨਜ਼ਰ ਆਈ ਸੀ। ਮਸ਼ਹੂਰ ਗੀਤਕਾਰ ਗੁਲਜ਼ਾਰ ਦੇ ਸੰਗੀਤਕ ਵੀਡੀਓ 'ਸਨਸੈੱਟ ਪੁਆਇੰਟ' ਤੋਂ ਉਸ ਦੀ ਪਛਾਣ ਬਣੀ। ਇਸ ਵੀਡੀਓ ਨੂੰ ਦੇਖ ਕੇ ਫ਼ਿਲਮ ਨਿਰਦੇਸ਼ਕ ਸੁਧੀਰ ਮਿਸ਼ਰਾ ਨੇ ਉਸ ਨੂੰ ਫ਼ਿਲਮ 'ਹਜ਼ਾਰੋਂ' ਖ਼ੁਵਾਹਿਸ਼ੇਂ ਐਸੀ' ਲਈ ਕਾਸਟ ਕੀਤਾ ਜੋ ਕਿ ਉਸ ਦੀ ਡੈਬਿਊ ਫ਼ਿਲਮ ਬਣ ਗਈ।

ਇਸ ਫ਼ਿਲਮ ਵਿਚ ਗੀਤਾ ਰਾਓ ਦੇ ਕਿਰਦਾਰ ਵਿਚ ਉਹ ਬੇਹੱਦ ਪ੍ਰਭਾਵਸ਼ਾਲੀ ਨਜ਼ਰ ਆਈ। ਫ਼ਿਲਮ ਨੂੰ ਦਰਸ਼ਕਾਂ ਅਤੇ ਆਲੋਚਕਾਂ ਤੋਂ ਬਹੁਤ ਸਰਾਹਨਾ ਮਿਲੀ ਅਤੇ ਉਸ ਨੇ ਅਨੇਕ ਡਰਾਮਾ, ਰੋਮਾਂਸ, ਥ੍ਰਿਲਰ ਅਤੇ ਕਾਮੇਡੀ ਫ਼ਿਲਮਾਂ ਵਿਚ ਕੰਮ ਕੀਤਾ ਹੈ।

'ਦੇਸੀ ਬੁਆਇਜ਼' ਉਸ ਦੀ ਪਹਿਲੀ ਕਮਰਸ਼ੀਅਲ ਫ਼ਿਲਮ ਸੀ ਜਦ ਕਿ ਫ਼ਿਲਮ 'ਗੱਬਰ ਇਜ਼ ਬੇਕ' ਵਿਚ ਉਸ ਨੇ ਜੋ ਆਈਟਮ ਗੀਤ 'ਆਓ ਰਾਜਾ' ਕੀਤਾ ਉਹ ਕਾਫ਼ੀ ਹਰਮਨਪਿਆਰਾ ਹੋਇਆ ਸੀ। ਜੀਓ ਹਾਟਸਟਾਰ 'ਤੇ ਸਟੀਮ ਹੋਈ ਫ਼ਿਲਮ 'ਗੈਸਲਾਈਟ' ਵਿਚ ਸਾਰਾ ਅਲੀ ਖਾਨ ਦੀ ਸੋਤੇਲੀ ਮਾਂ ਰੁਕਮਣੀ ਦੇ ਕਿਰਦਾਰ ਵਿਚ ਉਸ ਦੇ ਕੰਮ ਨੂੰ ਕਾਫ਼ੀ ਪਸੰਦ ਕੀਤਾ ਗਿਆ ਸੀ।

ਚਿਤ੍ਰਾਂਗਦਾ ਨੇ 2018 ਦੀ ਖੇਡ, ਡਰਾਮਾ ਫ਼ਿਲਮ 'ਸੂਰਮਾ' ਤੋਂ ਫ਼ਿਲਮ ਪ੍ਰੋਡਕਸ਼ਨ ਦੀ ਸ਼ੁਰੂਆਤ ਕੀਤੀ ਜਿਸ ਵਿਚ ਦਿਲਜੀਤ ਦੋਸਾਂਝ ਅਤੇ ਤਾਪਸੀ ਪੰਨੂੰ ਮੁੱਖ ਭੂਮਿਕਾਵਾਂ ਵਿਚ ਸਨ। ਉਸ ਦੀ ਇਹ ਫ਼ਿਲਮ ਹਾਕੀ ਖਿਡਾਰੀ ਸੰਦੀਪ ਸਿੰਘ ਦੀ ਬਾਇਓਪਿਕ ਸੀ ਜਿਸ ਨੂੰ ਦਰਸ਼ਕਾਂ ਦਾ ਕਾਫ਼ੀ ਹੁੰਗਾਰਾ ਮਿਲਿਆ। ਚਿਤ੍ਰਾਂਗਦਾ ਆਪਣੀ ਬੋਲਡ ਅਤੇ ਗਲੈਮਰ 5 ਦਿੱਖ ਦੇ ਨਾਲ-ਨਾਲ ਸੰਜੀਦਾ ਅਭਿਨੈ ਲਈ ਵੀ ਜਾਣੀ ਏ. ਜਾਂਦੀ ਹੈ। 49 ਸਾਲ ਦੀ ਉਮਰ ਵਿਚ ਵੀ ਉਹ ਆਪਣੀ 1 ਫਿਟਨੈੱਸ ਅਤੇ ਸਟਾਈਲ ਨਾਲ ਨੌਜਵਾਨ ਅਭਿਨੇਤਰੀਆਂ ਨੂੰ ਟੱਕਰ ਦਿੰਦੀ ਹੈ।

ਚਿਤਾਂਗਦਾ ਸਿੰਘ ਅਕਸ਼ੈ ਕੁਮਾਰ ਦੀ ਆਉਣ ਵਾਲੀ ਫ਼ਿਲਮ 'ਹਾਊਸਫੁੱਲ-5' ਦਾ ਹਿੱਸਾ ਹੈ ਹਾਲਾਂਕਿ ਇਸ ਨੂੰ ਕਾਫ਼ੀ ਗੁਪਤ ਰੱਖਿਆ ਗਿਆ ਹੈ ਕਿ ਤਰੁਣ ਮਨਸੁਖਾਨੀ ਦੇ ਨਿਰੇਦਸ਼ਨ ਵਿਚ ਬਣ ਰਹੀ ਇਸ ਫ਼ਿਲਮ ਵਿਚ ਉਸ ਦੀ ਜੋੜੀ ਕਿਸ ਨਾਲ ਹੋਵੇਗੀ ਪਰ ਜਿਸ ਤਰ੍ਹਾਂ 'ਦੇਸੀ ਬੁਆਏਜ਼' ਵਿਚ ਅਕਸ਼ੈ ਕੁਮਾਰ ਨਾਲ ਉਸ ਦੀ ਜ਼ਬਰਦਸਤ ਕੈਮਿਸਟਰੀ ਨਜ਼ਰ ਆਈ ਸੀ, ਇਸ ਤੋਂ ਲਗਦਾ ਹੈ ਕਿ ਉਸ ਨੂੰ ਅਕਸ਼ੈ ਕੁਮਾਰ ਨਾਲ ਹੀ ਪੇਸ਼ ਕੀਤਾ ਜਾਣ ਵਾਲਾ ਹੈ। ਇਹ ਫ਼ਿਲਮ 6 ਜੂਨ ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋਵੇਗੀ।

# ਖ਼ੁਸ਼ੀ ਮੁਖਰਜੀ ਵੱਡੇ ਮੌਕੇ ਦੀ ਤਲਾਸ਼ ਵਿਚ



ਫਿਲਮ ਅਤੇ ਵੈੱਬ ਸੀਰੀਜ਼ ਦੀ ਖ਼ੂਬਸੂਰਤ ਅਦਾਕਾਰਾ ਖ਼ੁਸ਼ੀ ਮੁਖਰਜੀ ਐਮ ਟੀ.ਵੀ. ਦੇ ਮਸ਼ਹੂਰ ਸ਼ੋਅ 'ਸ ਫ਼ਿਟਸਵਿਲਾ ਸੀਜਨ 10 ਦੀ ਟੀ ਵੀ ਸੀਰੀਜ਼ 'ਨਵ ਸਕੂਲ-3' ਅਤੇ 'ਸੋਨੀ ਸਕ' ਦੀ ਸੀਰੀਜ਼ 'ਬਾਲਵੀਰ ਰਿਟਰਨਸ' ਲਈ ਪਛਾਣੀ ਜਾਂਦੀ ਹੈ। ਉਹ ਤਾਮਿਲ ਅਤੇ ਤੇਲਗੂ ਫਿਲਮਾਂ ਤੋਂ ਇਲਾਵਾ ਇਕ ਐਸਡਣ ਮੋਦੀ ਵੈੱਬ ਸੀਰੀਜ਼ ਵਿਚ ਵੀ ਨਜ਼ਰ ਆ ਚੁੱਕੀ ਹੈ।

ਮੁੰਬਈ ਦੇ ਬੰਗਾਲੀ ਹਿੰਦੂ ਪਰਿਵਾਰ ਵਿਚ ਜਨਮੀ ਖੁਸ਼ੀ ਨੇ ਆਪਣੀ ਸਿੱਖਿਆ ਮੁੰਬਈ ਦੇ ਠਾਕੁਰ ਕਾਲਜ ਆਫ਼ ਸਾਇੰਸ ਐਂਡ ਕਾਮਰਸ ਵਿਚ ਪੂਰੀ ਕੀਤੀ। 3 ਸਾਲ ਦੀ ਉਮਰ ਤੋਂ ਹੀ ਉਸ ਨੇ ਅਦਾਕਾਰਾ ਬਣਨ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਗ੍ਰੇਜੂਏਸ਼ਨ ਪੂਰੀ ਹੋਣ ਤੋਂ ਬਾਅਦ ਖੁਸ਼ੀ ਨੇ ਮਾਡਲਿੰਗ ਵੱਲ ਰੁੱਖ ਕੀਤਾ ਸੀ।

ਮਾਡਲਿੰਗ ਕਰਦੇ ਹੋਏ ਉਸ ਨੂੰ ਤਾਮਿਲ ਫਿਲਮ 'ਅੰਜਨਤੁਰਈ' ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਉਸ ਤੋਂ ਬਾਅਦ ਖੁਸ਼ੀ ਮੁਖਰਜੀ ਨੇ ਦੇ ਤੇਲਗੂ ਫਿਲਮ 'ਹਾਰਟ ਅਟੈਕ' ਅਤੇ 'ਡੇਗਾਪ੍ਰੇਮਾ' ਵਿਚ ਕੰਮ ਕੀਤਾ।

ਟੈਲੀਵਿਜ਼ਨ ਦੇ ਛੋਟੇ ਪਰਦੇ 'ਤੇ ਖੁਸ਼ੀ ਦਾ ਦਾਖਲਾ 'ਐਮ.ਟੀ.ਵੀ ਸ ਫ਼ਿਟਸਵਿਲਾ ਸੂਚਨ-20' ਦੇ ਨਾਲ ਹੋਇਆ ਜਿਥੇ ਉਸ ਨੇ ਆਪਣੀ ਆਕਰਸ਼ਕ ਅਤੇ ਬਿੰਦਾਸ ਦਿੱਖ ਨਾਲ ਦਰਸ਼ਕਾਂ ਦਾ ਧਿਆਨ ਖਿੱਚਿਆ।

ਇਸ ਤੋਂ ਬਾਅਦ ਉਹ 'ਐਮ.ਟੀ.ਵੀ. ਲਵ ਸਕੂਲ ਸੀਜ਼ਨ-3' ਵਿਚ ਵੀ ਦਿਖਾਈ ਦਿੱਤਾ ਖ਼ੁਸ਼ੀ ਨੂੰ ਸਭ ਤੋਂ ਜ਼ਿਆਦਾ ਹਰਮਨਪਿਆਰਤਾ 'ਬਾਲਵੀਰ ਰਿਟਰਨਸ' ਤੋਂ ਮਿਲੀ, ਜਿਸ ਵਿਚ ਨੇ 'ਜਵਾਲਾ ਪਰੀ' ਦਾ ਸ਼ਕਤੀਸ਼ਾਲੀ ਅਤੇ ਆਕਰਸ਼ਕ ਕਿਰਦਾਰ ਨਿਭਾਇਆ ਸੀ।

ਇਸ ਤੋਂ ਇਲਾਵਾ ਖ਼ੁਸ਼ੀ ਨੇ 'ਕਹਤ ਹਨੂਮਾਨ ਜੈ ਸ੍ਰੀ ਰਾਮ', 'ਜੈ ਬਜਰੰਗਬਲੀ' ਅਤੇ 'ਸਿੰਹਾਸਨ ਬੱਤੀਸੀ' ਵਰਗੇ ਟੀ.ਵੀ. ਸ਼ੋਅ ਵੀ ਕੀਤੇ।

ਖ਼ੁਸ਼ੀ ਸੋਸ਼ਲ ਮੀਡੀਆ 'ਤੇ ਵੀ ਕਾਫ਼ੀ ਸਰਗਰਮ ਰਹਿੰਦੀ ਹੈ ਅਤੇ ਅਕਸਰ ਆਪਣੀਆਂ ਗਲੈਮਰ ਤਸਵੀਰਾਂ ਸਾਂਝੀਆਂ ਕਰਦੀ ਰਹਿੰਦੀ ਹੈ, ਜੋ ਉਸ ਦੇ ਪ੍ਰਸੰਸਕਾਂ ਵਿਚਾਲੇ ਬਹੁਤ ਵਾਇਰਲ ਹੁੰਦੀਆਂ ਹਨ।

ਖ਼ੁਸ਼ੀ ਮੁਖਰਜੀ ਦੀ ਖ਼ੂਬਸੂਰਤੀ ਅਤੇ ਆਤਮ-ਵਿਸ਼ਵਾਸ ਨੇ ਉਸ ਨੂੰ ਮਨੋਰੰਜਨ ਜਗਤ ਵਿਚ ਇਕ ਉੱਭਰਦੀ ਹੋਈ ਪ੍ਰਤਿਭਾ ਦੇ ਰੂਪ ਵਿਚ ਸਥਾਪਿਤ ਕੀਤਾ ਹੈ। ਉਹ ਇਕ ਡਾਂਸਰ ਤੋਂ ਇਲਾਵਾ ਬੈਲੇ ਡਾਂਸਰ ਵੀ ਹੈ। ਖ਼ੁਦ ਨੂੰ ਫਿਟ ਰੱਖਣ ਲਈ ਉਹ ਲਗਾਤਾਰ ਵਰਕਆਊਟ ਕਰਦੀ ਹੈ।

ਹੁਣੇ ਹੁਣੇ ਖ਼ੁਸ਼ੀ ਨੇ ਇਕ ਫ਼ਿਲਮ ਸਾਈਨ ਕੀਤੀ ਹੈ, ਜਿਸ ਵਿਚ ਉਸ ਦਾ ਇਕ ਜ਼ੋਰਦਾਰ ਆਈਟਮ ਨੰਬਰ ਹੋਵੇਗਾ। ਇਸ ਤੋਂ ਇਲਾਵਾ ਖ਼ੁਸ਼ੀ ਹੁਣ ਵੱਡੇ ਟੀ.ਵੀ. ਸ਼ੋਅ ਅਤੇ ਬਾਲੀਵੁੱਡ ਵਿਚ ਮੁੱਖ ਕਿਰਦਾਰ ਨਿਭਾਉਣ ਦੇ ਮੌਕਿਆਂ ਦੀ ਭਾਲ ਵਿੱਚ ਹੈ।



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਜੂਨ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-693



*ਵਿਚ ਹਵਾ ਦੇ ਉੱਡਦਾ ਉੱਡਦਾ ਬੀਜ ਡਿੱਗ ਪਿਆ ਆ ਕੇ।*
*ਧਰਤੀ ਮਾਂ ਦੀ ਗੋਦ ਸੀ ਨਿੱਘੀ ਪੁੰਗਰਿਆ ਵਕਤ ਲਗਾ ਕੇ।*
*ਹੁੰਦਾ ਹੁੰਦਾ ਜਵਾਨ ਹੋ ਗਿਆ ਫੈਲਰਿਆ ਮਨ-ਚਿੱਤ ਲਾ ਕੇ।*
*ਵਿਚ ਬੁਢਾਪੇ ਭਾ.ਲੇ ਆਸਰਾ ਹਵਾਈ-ਦਾੜ੍ਹੀ ਲਮਕਾ ਕੇ।*

## ਕੈਪਸ਼ਨ ਮੁਕਾਬਲਾ-691



ਨਾ.ਲ ਪ੍ਰੀਤਾਂ ਕੁੱਪ ਬੰਨ੍ਹਦੇ ਸੀ,
ਰੱਸੀਆਂ-ਬੇੜਾਂ ਦੇ ਲਾਏ ਡੰਗੇ,
ਸਾਲ ਭਰ ਲਈ ਤੂੜੀ ਸਾਂਭੀ,
ਭੁੱਖੇ ਪਸ਼ੂ ਨਾ ਮਾਰਨ ਦੜੰਗੇ।
ਨਾ ਮੀਂਹ ਨ ਤੂਫ਼ਾਨ ਦਾ ਡਰ,
ਚਿੰਤਾਂਵਾਂ ਨੇ ਸਭ ਮੁਕਾਈਆਂ,
ਪੰਡਾਂ ਬੰਨ੍ਹ ਹੌ.ਲੇ ਹੌ.ਲੇ,ਕੱਢ ਕੇ,
ਗੁਫ਼ਾਵਾਂ ਅੰਦਰ ਬਣਾਈਆਂ।
***-ਸੇਵਾ ਸਿੰਘ "ਨੂਰਪੁਰੀ "***

---

ਗਾਹ ਕੇ ਕਣਕ ਨੂੰ,
ਵੱਖਰੇ ਕੀਤੇ, ਦਾਣੇ ਅਤੇ ਤੂੜੀ।
ਦਾਣੇ ਭੇਜੇ ਮੰਡੀ ਅੰਦਰ,
ਡੰਗਰਾਂ ਲਈ ਰੱਖ ਤੂੜੀ।
ਤੂੜੀ ਸਾਂਭਣ ਖ਼ਾਤਰ ਫੇਰ,
ਹੋਰ ਜੁਗਾੜ ਲੜਾਇਆ।
ਬਾਬੇ ਲਾ ਕੇ ਦੋ-ਤਿੰਨ ਮੁੰਡੇ,
ਉੱਚਾ ਕੁੱਪ ਬਣਾਇਆ।
ਤੂੜੀ ਰਲਿਆ ਹਰਾ ਵੇਖ,
ਡੰਗਰਾਂ ਚਾਈਂ ਖਾਇਆ।
ਜਿਨ੍ਹਾਂ ਖਾਤਰ ਬਾਬੇ ਨੇ,
ਸੰਨ੍ਹੀ ਦਾ ਰੋਗ਼ ਮਿਟਾਇਆ।
ਵੱਖ-ਵੱਖ ਰੂਪ ਕੁੱਪ ਦੇ ਹੁੰਦੇ,
ਪਿੰਡ ਦੀ ਸ਼ਾਨ ਸੀ ਹੁੰਦਾ।
ਗੁੰਦਣ ਵਾਲੇ ਦੀ ਦੱਸ ਪਾਉਂਦਾ,
ਕਲਾਕਾਰ ਜਿਉਂ ਹੁੰਦਾ।

ਬੱਦਲ ਵਰਸੇ 'ਨ੍ਹੇਰੀ ਆਵੇ,
ਫ਼ਿਕਰ ਨਾ ਕੋਈ ਫ਼ਾਕਾ।
ਭਲੇ ਦਿਵਸ 'ਨਾਕਾਮ' ਸੀ ਹੁੰਦੇ,
ਨਾ ਕੋਈ ਚੋਰੀ ਡਾਕਾ।
***-ਗੁਰਬਖਸ਼ ਸਿੰਘ 'ਨਾਕਾਮ'***
+1 864 318 5500

ਕਿਵੇਂ ਸਾਂਭੀਏ ਤੂੜੀ ਤੰਦ ਨੂੰ
ਜੱਟ ਨੇ ਫੇਰ ਦਿਮਾਗ ਲੜਾਇਆ।
ਲੋੜ ਕਾਢ ਦੀ ਮਾਂ ਹੈ ਹੁੰਦੀ
ਕਿਸੇ ਸਿਆਣੇ ਸੱਚ ਸੁਣਾਇਆ।
ਤਿੱਪ ਨਾ ਪਾਣੀ ਅੰਦਰ ਜਾਵੇ
ਨਾਂ ਏਸ ਦਾ ਕੁੱਪ ਧਰਾਇਆ।
ਸਦੀਆਂ ਪੁਰਾਣਾ ਢੰਗ ਵਿਗਿਆਨਕ
ਅੱਜ ਵੀ ਵਰਤੋਂ ਦੇ ਵਿਚ ਆਇਆ।
***-ਜਗਮੀਤ ਸਿੰਘ ਪੰਧੇਰ***
***ਫੋਨ : +91 98783-37222***

---


ਹੁਣ ਨਾ ਕੋਈ ਤੂੜੀ ਸਾਂਭੇ
ਨਾ ਕੋਈ ਕੁੱਪ ਬਣਾਵੇ।
ਜ਼ਿੰਦਗੀ ਜੱਟ ਦੀ ਅਜੇ ਵੀ ਔਖੀ
ਕੋਈ ਤਰਸ ਨਾ ਖਾਵੇ।
ਅਸਲ ਜ਼ਿੰਦਗੀ ਅਸੀਂ ਵੀ
ਨੇੜਿਉਂ ਹੋ ਕੇ ਤੱਕੀ
ਹਰ ਕਿਸਾਨ ਇਹੋ ਹੈ ਚਾਹੁੰਦਾ
ਮੇਰੀ ਔਲਾਦ ਨੂੰ
ਵਾਅ ਨਾ ਲੱਗੇ ਤੱਤੀ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਦਾਣਾ ਦੱਪਾ ਸਾਂਭ ਕੇ ਸਾਰਾ
ਤੂੜੀ ਸਾਂਭਣ ਦੀ ਵਾਰੀ ਆਈ।
ਕੁੱਪ ਬੰਨ੍ਹਣ ਲਈ ਧਰ ਲਿਆ ਥੱਲਾ
ਆਲੇ ਦੁਆਲੇ ਨਾੜ ਲਗਾਈ।
ਵੇਖ ਕੇ ਸੁਹਣਾ ਕੁੱਪ ਬੱਝਿਆ
ਰੂਹ ਜਾਵੇ ਨਸ਼ਿਆਈ।
ਸਿਆਣਿਆਂ ਕੋਲੋਂ ਸਿੱਖੀ ਜੁਗਤੀ
ਹੁਣ ਸਾਡੇ ਕੰਮ ਆਈ।
***-ਕੇਵਲ ਸਿੰਘ ਕਲਾਹੜ***

# ਮੱਛਰ ਦਾ ਕਹਿਰ


## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਭਾਰਤ ਵਾਸੀ ਅਨੰਤ ਕਾਲ ਤੋਂ ਹੀ ਮੱਛਰਾਂ ਦੇ ਕਹਿਰ ਤੋਂ ਪੀੜਤ ਰਹੇ ਹਨ। ਸਾਨੂੰ ਜਿੰਨਾ ਮਦੀਨ ਮੱਛਰ ਦੇ ਕੱਟਣ ਤੋਂ ਪੈਦਾ ਹੁੰਦੀਆਂ ਬੀਮਾਰੀਆਂ ਨੇ ਸਰੀਰਕ ਤੌਰ 'ਤੇ ਦਿੱਕ ਕੀਤਾ ਹੈ ਸ਼ਾਇਦ ਹੀ ਕਿਸੇ ਹੋਰ ਬੀਮਾਰੀ ਨੇ ਕੀਤਾ ਹੋਵੇ। ਕੋਈ ਹੀ ਹੋਵੇਗਾ ਜਿਸ ਨੇ ਮੱਛਰ ਤੋਂ ਪੈਦਾ ਹੁੰਦੀ ਕਾਂਬਾ ਛੇੜਨ ਵਾਲੀ ਬੀਮਾਰੀ ਮਲੇਰੀਏ ਨੂੰ ਜ਼ਿੰਦਗੀ ਵਿਚ ਘੱਟੋ-ਘੱਟ ਇੱਕ ਵਾਰ ਨਾ ਭੋਗਿਆ ਹੋਵੇ ਤੇ ਕੌੜੀ ਕੁਨੀਨ ਦੇ ਫੱਕੇ ਨਾ ਮਾਰੇ ਹੋਣ। ਮੱਛਰ ਗਰਮ ਅਤੇ ਸਿੱਲ੍ਹੇ ਵਾਤਾਵਰਣ ਵਿਚ ਪਲਰਨ ਵਾਲਾ ਉਡਣਾ ਕੀਟ ਹੈ। ਪਰਾਚੀਨ ਵਿਚ ਲੋਕ ਸਮਝਦੇ ਸਨ ਕਿ ਮਲੇਰੀਆ ਗੰਦੀ ਹਵਾ ਨਾਲ ਹੁੰਦਾ ਹੈ ਇਸ ਲਈ ਲਾਤੀਨ ਵਿਚ ਰਹਿੰਦੇ ਲੋਕਾਂ ਨੇ ਇਸ ਬੀਮਾਰੀ ਦਾ ਆਪਣੀ ਭਾਸ਼ਾ ਵਿਚ ਨਾਂ ਮਲੇਰੀਆ=ਮਅਲ (ਗੰਦਾ) +ਅਰਿਅ (ਹਵਾ) ਤੋਂ ਬਣਾਇਆ ਜੋ ਅੱਗੇ ਅੰਗਰੇਜ਼ੀ ਵਿਚ ਤੇ ਫਿਰ ਸਾਡੀਆਂ ਭਾਸ਼ਾਵਾਂ ਵਿਚ ਆ ਗਿਆ। ਭਾਸ਼ਾਵਾਂ ਵਿਚ ਅਕਸਰ ਕਿਸੇ ਸੰਕਲਪ ਦੀ ਨਵੀਨ ਬਦਲਵੀਂ ਵਿਆਖਿਆ ਹੋਣ ਉਪਰੰਤ ਵੀ ਉਸ ਲਈ ਹੋਰ ਢੁਕਦੇ ਸ਼ਬਦ ਬਦਲੇ ਨਹੀਂ ਜਾਂਦੇ। ਸਾਡਾ ਤੇਈਆ ਇਹੋ ਮਲੇਰੀਆ ਹੈ ਕਿਉਂਕਿ ਇਸ ਨਾਲ ਹੁੰਦਾ ਤਾਪ ਇੱਕ ਦਿਨ ਛੱਡ ਕੇ ਚੜ੍ਹਦਾ ਹੈ। ਮਲੇਰੀਏ ਦੇ ਕੀਟਾਣੂ ਹਰ ਦੋ ਦਿਨ ਬਾਅਦ ਮਰ ਜਾਂਦੇ ਹਨ ਤੇ ਫਿਰ ਖੂਨ ਵਿਚ ਹੋਰ ਪੈਦਾ ਹੁੰਦੇ ਹਨ ਜੋ ਨਵੇਂ ਸਿਰਿਓਂ ਤਾਪ ਚੜ੍ਹਾਉਂਦੇ ਹਨ। ਕਾਫੀ ਸਮੇਂ ਤੋਂ ਇਸ ਗੱਲ ਦੀ ਵੀ ਪਛਾਣ ਹੋ ਗਈ ਹੈ ਕਿ ਡੈਂਗੂ/ਡੈਂਗੀ ਵੀ ਇੱਕ ਕਿਸਮ ਦੇ ਮੱਛਰ ਦੇ ਕੱਟਣ ਤੋਂ ਹੀ ਪੈਦਾ ਹੁੰਦਾ ਹੈ। ਮੱਛਰ ਤੋਂ ਪੈਦਾ ਹੋਣ ਵਾਲੀਆਂ ਹੋਰ ਭਿਆਨਕ ਬੀਮਾਰੀਆਂ ਹਨ ਯੈਲੋ ਫੀਵਰ ਤੇ ਐਲੀਫੈਂਟਾਇਟਿਸ। ਬੀਮਾਰੀਆਂ ਲਾਉਣ ਤੋਂ ਬਿਨਾਂ ਮੱਛਰ ਦੀ ਭੀਂ-ਭੀਂ ਮਨੁੱਖ ਨੂੰ ਘੱਟ ਪਰੇਸ਼ਾਨ ਨਹੀਂ ਕਰਦੀ।

ਕਈ ਇਸਲਾਮੀ ਰਵਾਇਤਾਂ ਅਨੁਸਾਰ ਹਜ਼ਾਰਾਂ ਸਾਲ ਪਹਿਲਾਂ ਇੱਕ ਨਮਰੂਦ ਨਾਮੀਂ ਬਾਦਸ਼ਾਹ ਹੋਇਆ ਹੈ ਜਿਸ ਦਾ ਹਵਾਲਾ ਕੁਰਾਨ ਦੀ ਇੱਕ ਆਇਤ ਵਿਚ ਵੀ ਹੈ। ਉਹ ਹਰਨਾਖਸ਼ ਵਾਂਗ ਬਹੁਤ ਹੰਕਾਰੀ ਸੀ ਤੇ ਤੌਹੀਦ (ਇੱਕ ਰੱਬ) ਵਿਚ ਯਕੀਨ ਨਹੀਂ ਸੀ ਕਰਦਾ। ਇਬਰਾਹੀਮ ਪੈਗੰਬਰ ਨੇ ਉਸ ਨਾਲ ਕਈ ਵਾਰੀ ਦਲੀਲਬਾਜ਼ੀ ਕਰਦਿਆਂ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਅੱਲ੍ਹਾ ਹੀ ਜ਼ਿੰਦਗੀ ਤੇ ਮੌਤ ਬਖਸ਼ਦਾ ਹੈ। ਨਮਰੂਦ ਨੇ ਜਵਾਬ ਵਿਚ ਆਪਣੇ ਦੋ ਕੈਦੀ ਲਿਆਂਦੇ, ਇੱਕ ਨੂੰ ਮਾਰ ਦਿੱਤਾ ਤੇ ਦੂਜੇ ਨੂੰ ਜਿਉਂਦਾ ਛੱਡ ਦਿੱਤਾ ਇਹ ਦਰਸਾਉਣ ਲਈ ਕਿ ਜ਼ਿੰਦਗੀ ਮੌਤ ਤਾਂ ਕਿਸੇ ਅਖੌਤੀ ਰੱਬ ਦੇ ਨਹੀਂ ਬਲਕਿ ਨਮਰੂਦ ਦੇ ਆਪਣੇ ਹੱਥ ਹੈ। ਫਿਰ ਉਸ ਨੇ ਫੌਜ ਇਕੱਠੀ ਕਰ ਕੇ ਇਬਰਾਹੀਮ ਨੂੰ ਵੀ ਮਾਰਨ ਲਈ ਲਲਕਾਰ ਦਿੱਤਾ। ਅੱਲ੍ਹਾ ਨੇ ਨਮਰੂਦ ਅਤੇ ਉਸ ਦੀ ਫੌਜ ਨੂੰ ਸਜ਼ਾ ਦੇਣ ਲਈ ਮੱਛਰਾਂ ਦਾ ਵੱਡਾ ਸਾਰਾ ਝੁੰਡ ਭੇਜ ਦਿੱਤਾ ਜਿਸ ਨਾਲ ਸਾਰਾ ਅਸਮਾਨ ਹਨੇਰਾ ਹੋ ਗਿਆ। ਮੱਛਰਾਂ ਨੇ ਸਾਰੇ ਸਿਪਾਹੀਆਂ ਦਾ ਖੂਨ ਚੂਸ ਲਿਆ, ਬੱਸ ਉਨ੍ਹਾਂ ਦੀਆਂ ਹੱਡੀਆਂ ਹੀ ਬਚੀਆਂ ਰਹਿ ਗਈਆਂ। ਇੱਕ ਅੱਖੜ ਜਿਹਾ ਮੱਛਰ ਨਮਰੂਦ ਦੀਆਂ ਨਾਸਾਂ ਵਿਚ ਵੜ ਗਿਆ ਤੇ ਅੱਗੇ ਵਧਦਾ ਵਧਦਾ ਉਸ ਦੇ ਦਿਮਾਗ ਵਿਚ ਹੀ ਘੁਸ ਗਿਆ। ਨਮਰੂਦ ਉਸ ਤੋਂ ਬਚਣ ਲਈ ਜ਼ੋਰ ਦੀ ਥੱਲੇ ਸਿਰ ਮਾਰਦਾ ਜਾਂ ਦੂਜਿਆਂ ਤੋਂ ਹਥੌੜੇ ਮਰਵਾਉਂਦਾ। ਇਸ ਨਾਲ ਕੁਝ ਚਿਰ ਲਈ ਤਾਂ ਮੱਛਰ ਹਮਲਾ ਰੋਕ ਲੈਂਦਾ ਤੇ ਉਸ ਨੂੰ ਰਾਹਤ ਮਿਲਦੀ ਪਰ ਮੱਛਰ ਫਿਰ ਉਸ ਨੂੰ ਤੰਗ ਕਰਨ ਲੱਗ ਜਾਂਦਾ। ਨਮਰੂਦ ਸਾਲਾਂ ਬੱਧੀ ਸਿਰ ਮਾਰ ਮਾਰ ਕੇ ਹਫ਼ ਗਿਆ ਪਰ ਮੱਛਰ ਆਪਣੀ ਆਈ 'ਤੇ ਕਾਇਮ ਰਿਹਾ। ਆਖਿਰਕਾਰ ਡਾਢਾ ਦੁਖੀ ਹੋਇਆ ਨਮਰੂਦ ਨਿਢਾਲ ਹੋ ਕੇ ਮੌਤ ਦੇ ਮੂੰਹ ਪੈ ਗਿਆ। ਵਾਰਿਸ ਸ਼ਾਹ ਨੇ ਆਪਣੇ ਕਿੱਸੇ ਵਿਚ ਇਸ ਕਥਾ ਦਾ ਜ਼ਿਕਰ ਕੀਤਾ ਹੈ, 'ਸ਼ੱਦਾਦ ਬਹਿਸ਼ਤ ਥੀਂ ਰਿਹਾ ਬਾਹਰ, ਨਮਰੂਦ ਮੱਛਰ ਪਰੇਸ਼ਾਨ ਕੀਤਾ'। ਭਾਵੇਂ ਇਸ ਦੀ ਸਿੱਖਿਆ ਰੱਬ ਨੂੰ ਸਰਬ-ਸ਼ਕਤੀਮਾਨ ਦਰਸਾਉਣ ਦੀ ਹੈ ਜੋ ਇੱਕ ਛੋਟੇ ਜੀਵ ਤੋਂ ਵੀ ਕਿਸੇ ਦੀ ਹੱਤਿਆ ਕਰਵਾ ਸਕਦਾ ਹੈ ਪਰ ਆਪਾਂ ਇਸ ਵਿਚ ਮੱਛਰ ਦੇ ਮਨੁੱਖ ਪ੍ਰਤੀ ਕਹਿਰ ਵਰਤਾਉਣ ਦੀ ਹੱਦ ਦੇਖਦੇ ਹਾਂ।



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਕੀਪੀਡੀਆ ਅਨੁਸਾਰ, 'ਮੱਛਰ ਮਨੁੱਖਾਂ ਅਤੇ ਪਸ਼ੂਆਂ ਨੂੰ ਡੰਗ ਕੇ ਲਹੂ ਚੂਸਣ ਵਾਲਾ ਛੋਟੇ ਆਕਾਰ ਦਾ ਉਡਣਾ ਕੀੜਾ' ਹੈ। ਭਰਿੰਡ ਵਾਂਗ ਮੱਛਰ ਦੇ ਪਿੱਛੇ ਡੰਗ ਨਹੀਂ ਹੁੰਦਾ, ਬਲਕਿ ਉਸ ਦੇ ਮੂੰਹ ਵਿਚ ਸੂਈਨੁਮਾਂ ਦੰਦ ਹੁੰਦਾ ਹੈ ਜਿਸ ਨਾਲ ਉਹ ਮਨੁੱਖਾਂ ਜਾਂ ਪਸ਼ੂਆਂ ਨੂੰ ਕੱਟਦਾ ਹੈ। ਹਾਂ, ਅਸੀਂ ਇਸ ਤਰ੍ਹਾਂ ਕਿਸੇ ਜਾਨਵਰ ਦੇ ਕੱਟਣ ਨੂੰ ਵੀ ਡੰਗ ਮਾਰਨਾ ਜਾਂ ਡੱਸਣਾ ਕਹਿ ਦਿੰਦੇ ਹਾਂ। ਗੁਰੂ ਨਾਨਕ ਦੇਵ ਜੀ ਵੀ ਕੁਝ ਇਸ ਤਰ੍ਹਾਂ ਲਿਖਦੇ ਹਨ, 'ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖ ਪਾਈਐ'। ਦੁਨੀਆ ਮੱਛਰਾਂ ਦੇ ਹੱਲਿਆਂ ਤੋਂ ਬਚਣ ਲਈ ਅਨੇਕਾਂ ਓਹੜ-ਪੋਹੜ ਕਰਦੀ ਰਹਿੰਦੀ ਹੈ। ਇਨ੍ਹਾਂ ਨੂੰ ਭਜਾਉਣ ਲਈ ਇੱਕ ਪ੍ਰਕਾਰ ਦੇ ਚੌਰ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਜਿਸ ਨੂੰ ਸੰਸਕ੍ਰਿਤ ਵਿਚ ਮਸ਼ਕਕੁਟਿ ਆਖਦੇ ਹਨ। ਕਈ ਲੋਕ ਤਾਂ ਸਾਰੀ ਰਾਤ ਇਸ ਨੂੰ ਹੱਥਾਂ ਵਿਚ ਮਸਲ ਮਸਲ ਕੇ ਮਾਰਦਿਆਂ ਹੀ ਰਾਤ-ਕਟੀ ਕਰਦੇ ਹਨ। ਸਾਡੇ ਗੁਆਂਢੀ ਨੇੜਿਓਂ ਚਾਚਾ ਜੀ ਸਿਰਹਾਣੇ ਫਲਿੱਟ ਦੀ ਪਿਚਕਾਰੀ ਰੱਖਦੇ ਤੇ ਦੇਰ ਰਾਤ ਇਸ ਦੀ ਵਰਤੋਂ ਕਰਦੇ ਰਹਿੰਦੇ। ਪਿਛਲੀ ਸਦੀ ਦੇ ਸੱਤਰਵਿਆਂ ਵਿਚ ਭਾਰਤ ਸਰਕਾਰ ਮਲੇਰੀਆ-ਕਾਰਕ ਮੱਛਰਾਂ ਦੇ ਪਿੱਛੇ ਹੱਥ ਧੋ ਕੇ ਪੈ ਗਈ ਸੀ। ਥਾਂ-ਥਾਂ ਤੇ ਕੰਧਾਂ 'ਤੇ ਲਿਖਵਾਇਆ ਗਿਆ, 'ਮੱਛਰ ਰਹੇਗਾ ਮਲੇਰੀਆ ਨਹੀਂ ਰਹੇਗਾ', ਘਰਾਂ ਵਿਚ ਡੀ.ਡੀ.ਟੀ. ਦਾ ਛਿੜਕਾ ਹੋਣ ਲੱਗਾ।

ਪੰਜਾਬੀ ਦੇ ਇਕ ਗੀਤ ਦੇ ਬੋਲ ਹਨ 'ਮੱਛਰਦਾਨੀ ਲੈ ਦੇ ਵੇ, ਮੱਛਰ ਨੇ ਖਾ ਲਈ ਤੋੜ ਕੇ'। ਮੱਛਰਾਂ ਤੋਂ ਬਚਾਅ ਲਈ ਮੱਛਰਦਾਨੀਆਂ ਵੀ ਸਦੀਆਂ ਤੋਂ ਹੀ ਤਾਣੀਆਂ ਜਾਂਦੀਆਂ ਰਹੀਆਂ ਹਨ। ਮੱਛਰਦਾਨੀ ਸ਼ਬਦ ਮੱਛਰ+ ਫਾਰਸੀ ਪਿਛੇਤਰ ਦਾਨੀ ਤੋਂ ਬਣਿਆ ਹੈ। ਦਾਨ, ਜਾਂ ਦਾਨੀ ਪਿਛੇਤਰ ਵਿਚ ਅੰਦਰ ਰੱਖਣ ਦੇ ਭਾਵ ਹਨ ਜਿਵੇਂ ਮਸਾਲੇਦਾਨੀ ਉਹ ਬਰਤਨ ਹੈ ਜਿਸ ਵਿਚ ਮਸਾਲਾ ਰੱਖਿਆ ਜਾਂਦਾ ਹੈ, ਸੁਰਮੇਦਾਨੀ ਉਹ ਪਾਤਰ ਹੈ ਜਿਸ ਵਿਚ ਸੁਰਮਾ ਰੱਖਿਆ ਜਾਂਦਾ ਹੈ ਅਤੇ ਚਾਹਦਾਨੀ ਉਹ ਭਾਂਡਾ ਹੈ ਜਿਸ ਵਿਚ ਚਾਹ ਰੱਖੀ ਜਾਂਦੀ ਹੈ। ਪਰ ਸਿਤਮ ਦੇਖੋ ਮੱਛਰਦਾਨੀ ਉਹ ਜੁਗਾੜ ਹੈ, ਮੱਛਰ ਜਿਸ ਦੇ ਅੰਦਰ ਨਹੀਂ ਬਲਕਿ ਬਾਹਰ ਰੱਖਿਆ ਜਾਂਦਾ ਹੈ। ਮੱਛਰਦਾਨੀ ਲਈ ਪੰਜਾਬੀ, ਹਿੰਦੀ, ਭੋਜਪੁਰੀ ਬੰਗਾਲੀ ਵਿਚ ਇਕ ਹੋਰ ਸ਼ਬਦ ਵਰਤਿਆ ਜਾਂਦਾ ਹੈ ਮਸਿਹਰੀ। ਇਸ ਸ਼ਬਦ ਦਾ ਅਸਲੀ ਮੁਢਲਾ ਰੂਪ ਹੈ, ਮਸ਼ਕਹਰੀ। ਅੱਗੇ ਜਾ ਕੇ ਦੱਸਾਂਗੇ ਕਿ ਮੱਛਰ ਲਈ ਕਈ ਭਾਸ਼ਾਵਾਂ ਵਿਚ 'ਮਸ਼ਕ' ਸ਼ਬਦ ਹੈ। ਮਸ਼ਕ ਦੇ ਪਿੱਛੇ 'ਹਰ' ਤੋਂ ਬਣਿਆ 'ਹਰੀ' ਪਿਛੇਤਰ ਲੱਗ ਕੇ ਮਸ਼ਕਹਰੀ ਸ਼ਬਦ ਬਣਿਆ। 'ਹਰ' ਸ਼ਬਦ ਵਿਚ ਹਟਾਉਣ, ਪਰੇ ਕਰਨ ਦੇ ਭਾਵ ਹਨ। ਸੋ ਇਸ ਸ਼ਬਦ ਦਾ ਸ਼ਾਬਦਿਕ ਅਰਥ ਬਣਿਆ, ਮੱਛਰ ਦੂਰ ਭਜਾਉਣ ਵਾਲਾ (ਤੰਬੂਨੁਮਾ ਕੱਪੜਾ ਆਦਿ)। ਕਿਸੇ ਸਮੇਂ ਭਾਰਤ ਵਿਚ ਮੱਛਰਦਾਨੀ ਰੱਖਣਾ ਇੱਕ ਵੱਡੀ ਐਸ਼ ਹੁੰਦੀ ਸੀ। ਬੋਧੀ ਭਿਕਸ਼ੂ ਮੱਛਰਦਾਨੀ ਵਰਤ ਸਕਦੇ ਸਨ। ਮੱਛਰਾਂ ਨੂੰ ਭਜਾਉਣ ਲਈ ਮਲ੍ਹਮ, ਕਛੂਆ ਛਾਪ ਅਤੇ ਬਿਜਲਈ ਜੰਤਰਾਂ ਦੀ ਵਰਤੋਂ ਵੀ ਖੂਬ ਹੁੰਦੀ ਹੈ। ਗਰੀਕ ਇਤਿਹਾਸਕਾਰ ਹੀਰੋਡੋਟਸ ਅਨੁਸਾਰ ਪਰਾਚੀਨ ਮਿਸਰ ਵਿਚ ਦਲਦਲੀ ਸਥਾਨਾਂ ਵਿਚ ਮੱਛਰਾਂ ਤੋਂ ਬਚਣ ਲਈ ਉਚੇ ਬੁਰਜਾਂ 'ਤੇ ਸੁੱਤਾ ਜਾਂਦਾ ਸੀ ਜਾਂ ਅਜਿਹੀਆਂ ਮੱਛਰਦਾਨੀਆਂ ਤਾਣੀਆਂ ਜਾਂਦੀਆਂ ਸਨ ਜਿਨ੍ਹਾਂ ਵਿਚ ਮੱਛੀ ਦੀ ਦੁਰਗੰਧ ਚਿਪਕਾਈ ਹੁੰਦੀ ਸੀ। ਭਾਵੇਂ ਮੱਛਰ ਦੀਆਂ ਤਿੰਨ ਹਜ਼ਾਰ ਤੋਂ ਵੀ ਵੱਧ ਕਿਸਮਾਂ ਹਨ ਪਰ ਪੁਰਾਣੀਆਂ ਭਾਰਤੀ ਲਿਖਤਾਂ ਵਿਚ ਪੰਜ ਪ੍ਰਕਾਰ ਦੇ ਮੱਛਰਾਂ ਦਾ ਜ਼ਿਕਰ ਆਉਂਦਾ ਹੈ ਯਾਨੀ, ਸਮੁੰਦਰ (ਸਮੁੰਦਰੀ), ਪਰਿਮੰਡਲ (ਵਾਤਾਵਰਣੀ), ਹਸਤੀ (ਹਾਥੀਆਂ ਤੇ ਮੰਡਲਾਉਣ ਵਾਲੇ), ਕ੍ਰਿਸ਼ਨ (ਕਾਲੇ) ਅਤੇ ਪਰਵਤੀਯ (ਪਹਾੜੀ)। ਹੁਣ ਤਾਂ ਕਪਾਹ ਨੂੰ ਨੁਕਸਾਨ ਪਹੁੰਚਾਉਣ ਵਾਲੇ ਇਕ ਉਡਣੇ ਕੀਟ ਨੂੰ ਚਿੱਟਾ ਮੱਛਰ ਕਿਹਾ ਜਾਣ ਲੱਗਾ ਹੈ।

ਮੱਛਰ ਸੰਸਕ੍ਰਿਤ ਸ਼ਬਦ ਮਤਸਰ ਤੋਂ ਵਿਉਤਪਤ ਹੋਇਆ ਹੈ। ਜਿਸ ਦਾ ਅਰਥ ਵੀ ਮੱਛਰ ਹੀ ਹੈ। 'ਮਹਾਨ ਕੋਸ਼' ਨੇ ਵੀ ਇਸੇ ਤਰ੍ਹਾਂ ਵਿਆਖਿਆ ਕੀਤੀ ਹੈ। ਪ੍ਰਾਕ੍ਰਿਤ ਵਿਚ ਇਸ ਦਾ ਰੂਪ ਮੱਛਰ ਹੋ ਗਿਆ। ਕੁਝ ਹਿੰਦ-ਆਰਿਆਈ ਭਾਸ਼ਾਵਾਂ ਵਿਚ ਮੱਛਰ ਜਿਹੇ ਸ਼ਬਦ ਹੀ ਮਿਲਦੇ ਹਨ। ਜਿਵੇਂ ਸਿੰਧੀ ਵਿਚ ਮੱਛਰੁ, ਲਹਿੰਦਾ ਵਿਚ ਮਛੂਰ ਤੇ ਗੁਜਰਾਤੀ ਵਿਚ ਮਯਛਰ ਹੈ। ਇਸ ਦਾ ਇੱਕ ਅਰਥ ਜ਼ਹਿਰੀਲੀ ਮੱਖੀ ਵੀ ਹੈ। ਸਬੱਬ ਹੈ ਕਿ ਸੰਸਕ੍ਰਿਤ ਵਿਚ ਮਤਸਰ ਦਾ ਇੱਕ ਅਰਥ ਈਰਖਾ ਵੀ ਹੈ ਤੇ ਇਸ ਅਰਥ ਵਿਚ ਇਹ ਗੁਰਬਾਣੀ ਵਿਚ ਵੀ ਆਇਆ ਹੈ, 'ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ,'- ਗੁਰੂ ਅਰਜਨ। ਪਰ ਏਥੇ ਮਤਸਰ ਸ਼ਬਦ ਨੂੰ ਮਦ ਨਾਲ ਜੋੜਿਆ ਜਾਂਦਾ ਹੈ ਜਿਸ ਵਿਚ ਨਸ਼ੇ ਦਾ ਭਾਵ ਹੈ। ਸੰਸਕ੍ਰਿਤ ਵਿਚ ਇਸ ਦੇ ਅਰਥ ਇਸ ਪ੍ਰਕਾਰ ਹਨ: ਨਸ਼ਿਆਇਆ, ਮਦਮਸਤ; ਖੁਸ਼, ਖੇੜੇ ਵਿਚ; ਖੁਦਗਰਜ਼; ਲਾਲਚੀ; ਈਰਖਾਲੂ; ਦੋਖੀ। ਪੰਜਾਬੀ ਮੱਛਰਨਾ ਸੰਭਵ ਤੌਰ 'ਤੇ ਇਸੇ ਤੋਂ ਵਿਉਤਪਤ ਹੋਇਆ।

ਦਿਲਚਸਪ ਗੱਲ ਹੈ ਕਿ ਸੰਸਕ੍ਰਿਤ ਵਿਚ ਮੱਛਰ ਲਈ ਹੋਰ ਸ਼ਬਦ ਮਸ਼ ਤੇ ਮਸ਼ਕ ਵੀ ਹਨ ਤੇ ਦੋਵਾਂ ਦਾ ਅਰਥ ਕੋਈ ਵੀ ਐਸਾ ਕੀਟ ਹੈ ਜੋ ਡੰਗਦਾ ਜਾਂ ਕੱਟਦਾ ਹੋਵੇ। ਗੁਰੂ ਅਰਜਨ ਦੇਵ ਨੇ ਇਹ ਸ਼ਬਦ ਸਲੋਕ ਸਹਸਕ੍ਰਿਤੀ ਵਿਚ ਵਰਤਿਆ ਹੈ, 'ਮਸਕੰ ਭਗਨੰਤ, ਸੈਲੰ ਕਰਦਮੰ ਤਰੰਤ ਪਪੀਲਕਹ' ਅਰਥਾਤ ਮੱਛਰ ਪੱਥਰਾਂ ਨੂੰ ਤੋੜ ਦਿੰਦਾ ਹੈ, ਕੀੜੀ ਦਲਦਲ ਪਾਰ ਕਰ ਲੈਂਦੀ ਹੈ। ਪਾਲੀ, ਬੰਗਾਲੀ, ਅਸਾਮੀ, ਉੜੀਆ ਏਥੋਂ ਤੱਕ ਕਿ ਕੁਝ ਦਰਾਵੜੀ ਭਾਸ਼ਾਵਾਂ ਜਿਵੇਂ ਕੰਨੜ, ਮਲਿਆਲਮ, ਤਾਮਿਲ ਵਿਚ ਵੀ ਮੱਛਰ ਦੇ ਅਰਥਾਂ ਵਿਚ ਮਸ਼ਕ/ਮਚਕ/ਮਸਕਮ ਸ਼ਬਦ ਚਲੇ ਗਿਆ ਹੈ। ਉੜੀਆ ਵਿਚ ਮੱਛਰ ਲਈ ਮਸ਼ ਤੋਂ ਹੀ ਵਿਗੜਿਆ ਮਹ ਸ਼ਬਦ ਵੀ ਹੈ। ਇਨ੍ਹਾਂ ਸਾਰਿਆਂ ਦੀ ਜੜ੍ਹ ਵਿਚ ਮਸ਼ ਹੀ ਹੈ ਜਿਸ ਵਿਚ ਮੂਲ ਭਾਵ ਭਿੰਨਭਿਨਾਉਣ, ਭੀਂ ਭੀਂ ਕਰਨ ਦਾ ਹੈ ਜੋ ਧੁਨੀ-ਅਨੁਕਰਮਣਕ ਹੈ। ਸੰਸਕ੍ਰਿਤ ਵਿਚ ਮਸ਼ਤਿ ਸ਼ਬਦ ਦਾ ਅਰਥ ਭੀਂ ਭੀਂ ਕਰਨਾ ਹੈ। ਮਸ਼ ਦੇ ਪਿੱਛੇ ਕਰਨ ਦੇ ਅਰਥਾਂ ਵਾਲਾ 'ਕ' ਪਿਛੇਤਰ ਲੱਗ ਕੇ ਮਸ਼ਕ ਬਣ ਗਿਆ ਅਰਥਾਤ ਮਸ਼-ਮਸ਼ ਦੀ ਧੁਨੀ ਉਤਪੰਨ ਕਰਨ ਵਾਲਾ। ਇਸ ਕਰਕੇ ਇਸ ਸ਼ਬਦ ਵਿਚ ਮੱਛਰ ਤੋਂ ਬਿਨਾਂ ਹਰ ਉਹ ਕੀਟ ਪਤੰਗਾ ਹੈ ਜੋ ਉਡਦਾ ਹੈ, ਖਾਸ ਤੌਰ 'ਤੇ ਡੰਗ ਮਾਰਨ, ਲੜਨ ਜਾਂ ਕੱਟਣ ਵਾਲਾ। ਅਸੀਂ ਪੰਜਾਬੀ ਵਿਚ ਕਹਿੰਦੇ ਹਾਂ ਮੱਖ ਲੜਦੀ ਹੈ। ਪਸ਼ੂਆਂ ਨੂੰ ਲੜਨ ਵਾਲੀ ਮੱਖ ਇਸ ਵਿਚ ਸ਼ਾਮਿਲ ਹੈ। ਅਸਲ ਵਿਚ ਤਾਂ ਦੂਰ ਜਾ ਕੇ ਮੱਖੀ ਸ਼ਬਦ ਦਾ ਨਿਕਾਸ ਵੀ ਇਸੇ ਤੋਂ ਹੋਇਆ ਲਗਦਾ ਹੈ। ਇਸ ਬਾਰੇ ਹੋਰ ਚਰਚਾ ਮੱਖੀ ਸ਼ਬਦ 'ਤੇ ਲਿਖ ਕੇ ਕੀਤੀ ਜਾਵੇਗੀ।

ਵਾਸਤਵ ਵਿਚ ਤਾਂ ਕਈ ਧੁਨੀ-ਅਨੁਕਰਮਣਕ ਸ਼ਬਦ ਕਈ ਸਾਂਝੇ ਪਰਿਵਾਰ ਜਾਂ ਗੈਰ-ਸਾਂਝੇ ਪਰਿਵਾਰ ਵਾਲੀਆਂ ਭਾਸ਼ਾਵਾਂ ਵਿਚ ਅਕਸਰ ਮਿਲਦੇ-ਜੁਲਦੇ ਹੁੰਦੇ ਹਨ। ਚਰਚਿਤ ਸ਼ਬਦ ਦੇ ਸਜਾਤੀ ਸ਼ਬਦ ਹੋਰ ਭਾਰੋਪੀ ਭਾਸ਼ਾਵਾਂ ਵਿਚ ਵੀ ਮੌਜੂਦ ਹਨ ਕਿਉਂਕਿ ਉਨ੍ਹਾਂ ਭਾਸ਼ਾਵਾਂ ਦੇ ਬੋਲਣਹਾਰਿਆਂ ਨੂੰ ਵੀ ਉਡਣੇ ਕੀਟਾਂ ਦੇ ਉਡਣ ਨਾਲ ਪੈਦਾ ਹੁੰਦੀ ਤੀਬਰ ਕੰਨਪਾੜਵੀਂ ਭੀਂ-ਭੀਂ ਜਿਹੀ ਆਵਾਜ਼ ਸੁਣਾਈ ਦਿੰਦੀ ਹੈ। ਭਾਸ਼ਾ-ਵਿਗਿਆਨੀਆਂ ਨੇ ਇਸ ਧੁਨੀ ਤੋਂ ਭਾਰੋਪੀ ਮੂਲ *ਮੂ ਦੀ ਕਲਪਨਾ ਕੀਤੀ ਹੈ। ਇਸ ਤਰ੍ਹਾਂ ਹੈਰਾਨੀ ਵਾਲੀ ਗੱਲ ਨਹੀਂ ਕਿ ਮੱਛਰ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ mosquito ਵੀ ਇਸ ਕੜੀ ਵਿਚ ਆ ਜਾਂਦਾ ਹੈ। ਠੰਡੇ ਦੇਸ਼ ਬਰਤਾਨੀਆ ਦੇ ਲੋਕਾਂ ਨੂੰ ਮੱਛਰ ਦਾ ਬਹੁਤਾ ਅਨੁਭਵ ਨਹੀਂ ਸੀ ਸੋ ਅੰਗਰੇਜ਼ੀ ਵਿਚ ਇਹ ਸ਼ਬਦ ਸਪੈਨਿਸ਼ ਭਾਸ਼ਾ ਤੋਂ ਉਧਾਰਾ ਲਿਆ ਗਿਆ ਹੈ ਜੋ ਅੱਗੋਂ ਲਾਤੀਨੀ ਦੇ ਮੱਖੀ ਦੇ ਅਰਥਾਂ ਵਾਲੇ musca ਤੋਂ ਬਣਿਆ। ਗਰੀਕ myia, ਪੁਰਾਣੀ ਅੰਗਰੇਜ਼ੀ mycg, ਆਧੁਨਿਕ ਅੰਗਰੇਜ਼ੀ midge ਇਸੇ ਭੀਂ ਭੀਂ ਨਾਲ ਜਾ ਜੁੜਦੇ ਹਨ ਤੇ ਜਿਨ੍ਹਾਂ ਵਿਚ ਮੱਛਰ ਜਿਹੇ ਕੀਟ ਦੇ ਅਰਥ ਹਨ। ਹੋਰ ਜਰਮੈਨਿਕ ਭਾਸ਼ਾਵਾਂ ਜਿਵੇਂ ਪੁਰਾਣੀ ਸੈਕਸਨ, ਡੱਚ, ਜਰਮਨ ਤੇ ਸਵੀਡਿਸ਼ ਆਦਿ ਵਿਚ ਰਲਦੇ ਮਿਲਦੇ ਸ਼ਬਦ ਮਿਲਦੇ ਹਨ ਜਿਨ੍ਹਾਂ ਵਿਚ ਉਡਣੇ ਕੀਟ ਦੇ ਭਾਵ ਹਨ। ਪੰਜਾਬੀ ਭ੍ਰਿੰਡ, ਬੀਂਡਾ ਤੇ ਸ਼ਾਇਦ ਮਢਿਆਲੀ ਵਿਚ ਵੀ ਇਹੋ ਭੀਂ ਭੀਂ ਜਾਂ ਭਿਣਕ ਸੁਣਾਈ ਦਿੰਦੀ ਹੈ।

# ਗੜਗੱਜ ਦੀ ਗੂੰਜ ਪਿੱਛੇ ਖਦਸ਼ੇ, ਅੰਦੇਸੇ ਅਤੇ ਭਰੋਸੇ !

ਸਿਆਸਤ, ਜੋ ਕਿ ਸਾਡੇ ਧਰਮ ਅਸਥਾਨਾਂ ਖਾਸ ਕਰਕੇ ਪੰਥਕ ਕੇਂਦਰ ਉੱਤੇ ਪੀਲ਼ੀ ਵੇਲ ਵਾਂਗ ਛਾਈ ਹੋਈ ਹੈ, ਬਾਰੇ ਦੁਸ਼ਿਅੰਤ ਕੁਮਾਰ ਦਾ ਇਕ ਸ਼ਿਅਰ ਹੈ-

'ਮਸਹਲਤ ਆਮੇਜ਼ ਹੂਆ ਕਰਤੇ ਹੈਂ ਸਿਯਾਸਤ ਕੇ ਕਦਮ
ਤੂ ਕਯਾ ਸਮਝੇ ਗਾ ਸਿਯਾਸਤ
ਤੂ ਤੋ ਇਨਸਾਨ ਹੈ!'



ਤਰਲੋਚਨ ਸਿੰਘ 'ਦੁਪਾਲਪੁਰ'
ਫੋਨ: 78146-92724

'ਭਰਦਾਨ' ਜੁੰਡਲੀ ਦੀਆਂ ਸਿਆਸੀ ਮਸਹਲਤਾਂ ਨੂੰ ਮੁੱਖ ਰੱਖ ਕੇ ਅੱਧੀ ਰਾਤ ਨੂੰ ਥਾਪੇ (ਜਾਂ ਥੋਪੇ) ਹੋਏ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਗੜਗੱਜ ਨੇ ਬੀਤੇ ਦਿਨੀਂ, ਪਹਿਲੋਂ ਹੀ ਪੰਥ ਵਿਚ ਮਾਣ ਸਨਮਾਨ ਰੱਖਣ ਵਾਲੇ ਭਾਈ ਸਾਹਿਬ ਨੂੰ ਸਨਮਾਨਿਤ, ਕਿਸੇ ਨੂੰ ਦੋਸ਼-ਮੁਕਤ ਅਤੇ ਕਿਸੇ ਨੂੰ ਪੇਸ਼ ਹੋਣ ਦੇ ਜੋ ਆਦੇਸ਼ ਦਿੱਤੇ ਹਨ ਉਨ੍ਹਾਂ ਬਾਰੇ ਇਕ ਬਜ਼ੁਰਗ ਅਕਾਲੀ ਦਾ ਕਹਿਣਾ ਹੈ ਕਿ ਇਹ ਸਾਰਾ ਕੁੱਝ-

'ਗਾਨੀ ਵਾਲ਼ੇ ਤੋਤੇ ਉਹ ਦੁਹਰਾਈ ਜਾਵਣ,
ਜੋ ਕੁੱਝ ਬੋਲਣ ਰਾਜ ਭਵਨ ਦੇ ਸੀਲ ਕਬੂਤਰ।'

ਵਾਲੇ ਸ਼ਿਅਰ ਵਾਂਗ ਉੱਤੋਂ ਹੀ ਜਾਰੀ ਗਿਣੇ-ਮਿੱਥੇ ਏਜੰਡੇ ਅਨੁਸਾਰ ਹੋਇਆ ਹੈ!

ਬਜ਼ੁਰਗ ਕਹਿੰਦੇ ਅਸਲ ਵਿਚ ਇਹ 'ਸਹੇ ਦੀ ਨਹੀਂ ਮੈਨੂੰ ਪਹੇ ਦੀ ਚਿੰਤਾ' ਵਾਲ਼ੀ ਕਹਾਣੀ ਦੀ ਨਿਆਈਂ, ਭਾਈ ਗੜਗੱਜ ਪਾਸੋਂ ਪੰਥਕ ਪਿੜ ਵਿਚ 'ਸਹਿਆ' ਭਜਾਇਆ ਗਿਆ ਹੈ, ਇਹ ਸੋਚ ਕੇ ਕਿ 'ਗੜਗੱਜ ਦੀ ਗੂੰਜ' ਵਿਚ ਅਵੇਸਲ਼ਾ ਹੋਇਆ ਪੰਥ, ਭੱਜੇ ਹੋਏ ਸਹੇ ਦੀ ਪੈੜ ਨੂੰ ਅਣਗੌਲ਼ਿਆ ਕਰ ਦੇਵੇ ਗਾ! ਫਿਰ ਮਗਰੋਂ ਬਣੇ ਹੋਏ 'ਪਹੇ' ਉੱਤੋਂ ਮਾਲਕ ਵਲੋਂ ਮਨਮਰਜ਼ੀ ਦੇ 'ਆਦੇਸ਼ਾਂ ਅਤੇ ਸੰਦੇਸ਼ਾਂ' ਦਾ ਰਾਹ ਖੁੱਲ੍ਹ ਜਾਵੇ ਗਾ!

ਬਸ ਫਿਰ ਮੌਕਾ ਤਾੜ ਕੇ ਹੁਣ ਸਾਰੇ ਪੰਜਾਬ ਵਿਚ ਭਰਪੂਰ ਹਮਾਇਤ ਪ੍ਰਾਪਤ ਕਰ ਰਹੀ ਪੰਜ ਮੈਂਬਰੀ ਭਰਤੀ ਕਮੇਟੀ ਦੇ ਜੋਸ਼ੋ-ਖਰੋਸ਼ ਉੱਤੇ ਪਾਣੀ ਫੇਰਨ ਲਈ ਹੁਕਮਨਾਮਾ ਜਾਰੀ ਕਰਵਾਇਆ ਜਾਵੇ ਗਾ! ਕਿ ਤਖਤ ਸਾਹਿਬ ਤੋਂ ਇਸ ਭਰਤੀ ਨੂੰ ਕੋਈ ਮਾਨਤਾ ਨਹੀਂ!!

ਅਖੇ ਡੁੱਬਦੇ ਨੂੰ ਤਿਨਕੇ ਦਾ ਸਹਾਰਾ! ਗੜਗੱਜ ਜੀ ਨੇ ਇਕ ਤਾਂ ਦੋ ਦਸੰਬਰ ਦੇ ਹੁਕਮਨਾਮਿਆਂ ਵਿਰੁੱਧ ਬੋਲ ਕੇ ਭਰਦਾਨ ਜੀ ਦੀਆਂ 'ਖੁਸ਼ੀਆਂ' ਪ੍ਰਾਪਤ ਕਰਨ ਵਾਲ਼ੇ 'ਗੌਹਰ' ਦਾ ਮੁੱਲ ਮੋੜਦਿਆਂ ਉਹਨੂੰ ਜਥੇਦਾਰੀ ਦੇ ਰਾਹੇ ਪਾ ਦਿਤਾ। ਭਾਵੇਂ ਇਸਦੀ ਵਜ੍ਹਾ ਇਤਿਹਾਸ ਵਿਚ ਪਹਿਲੀ ਵਾਰ ਦੋ ਤਖਤਾਂ ਵਿਚ ਟਕਰਾਅ ਦੀ ਸਥਿਤੀ ਬਣ ਗਈ ਹੈ। ਦੂਜਾ ਬਾਬੇ ਧੁੰਮੇ ਦੀ ਜਗ੍ਹਾ ਪ੍ਰਚਾਰ ਤੇਜ਼ ਕਰਨ ਦੇ ਨਾਂ 'ਤੇ ਇਕ 'ਹੋਰ ਬਾਬਾ' ਪਤਿਆ ਲਿਆ ਐ!!



ਗੜਗੱਜ ਜੀ ਤੋਂ ਪਹਿਲੇ ਜਥੇਦਾਰ ਤਾਂ ਸੌਦੇ ਸਾਧ ਦੇ ਮਾਫੀ-ਕਾਂਡ ਵਾਲ਼ੇ ਭਾਈ ਗੁਰਮੁਖ ਸਿੰਘ ਤੇ ਗੁਰਬਚਨ ਸਿੰਘ ਵਲੋਂ ਆਏ ਸਪੱਸ਼ਟੀਕਰਨਾਂ ਤੋਂ ਸੰਤੁਸ਼ਟ ਨਹੀਂ ਸਨ ਅਤੇ ਉਨ੍ਹਾਂ ਨੇ ਦੋਹਾਂ ਨੂੰ ਕੌਮ ਦੇ ਗੁਨਾਹਗਾਰ ਮੰਨਿਆ ਸੀ। ਪਰ ਸਮੁੱਚੇ ਪੰਥ ਵਲੋਂ ਹਾਲੇ ਅਪ੍ਰਵਾਣਿਤ ਜਥੇਦਾਰ ਗੜਗੱਜ ਨੇ ਗਿਆਨੀ ਗੁਰਮੁਖ ਸਿੰਘ ਨੂੰ 'ਤਨਖਾਹ ਦੀ ਸੇਵਾ' ਲਾ ਕੇ 'ਗੁਰਬਚਨ ਸਿੰਘ' ਲਈ ਵੀ ਦੋਸ਼-ਮੁਕਤ ਹੋਣ ਦਾ ਰਾਹ ਖੋਲ੍ਹ ਦਿੱਤਾ ਸਮਝੋ!

ਇੱਥੇ ਟੌਹੜਾ ਸਾਹਿਬ ਦੀ ਇਕ ਗੱਲ ਚੇਤੇ ਕਰਨੀ ਵੀ ਕੁਥਾਂਹ ਨਹੀਂ ਹੋਵੇ ਗੀ। ਪੱਤਰਕਾਰ ਹਮੀਰ ਸਿੰਘ ਕਹਿੰਦੇ ਇਕ ਵਾਰ ਟੌਹੜਾ ਸਾਹਬ 'ਤੇ ਕਿਸੇ ਪੱਤਰਕਾਰ ਨੇ ਗਿਲਾ ਕਰਦਿਆਂ ਕਿਹਾ ਕਿ ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਦਾ 'ਕਮਜ਼ੋਰ' ਜਥੇਦਾਰ ਕਿਉਂ ਲਾ ਦਿੰਦੇ ਹੋ? ਟੌਹੜਾ ਸਾਹਬ ਗੰਭੀਰ ਸੁਰ ਵਿਚ ਬੋਲੇ-'ਤਖਤ ਸਾਹਿਬ ਦੇ ਜਥੇਦਾਰ ਦੀ ਪਦ-ਪਦਵੀ ਦਾ ਅਉਰਾ ਏਡਾ ਭਾਰਾ-ਗੌਰਾ ਹੈ ਕਿ ਦੇਖਣ ਨੂੰ 'ਕਮਜ਼ੋਰ ਜਾਪਦਾ' ਕੋਈ ਜਥੇਦਾਰ ਜਦ ਇਸ ਅਸਥਾਨ ਦੀ ਇਤਿਹਾਸਿਕ ਪ੍ਰਭੂਤਾ ਨਾ਼ਲ ਅੰਦਰੋਂ ਜੁੜ ਜਾਵੇ ਤਾਂ ਉਹ 'ਵੱਡਿਆਂ ਜਾਂ ਤਕੜਿਆਂ' ਦੇ ਵੀ ਵ਼ਲ-ਵਿੰਗ ਕੱਢ ਕੇ ਤੱਕਲ਼ੇ ਵਾਂਗ ਸਿੱਧੇ ਕਰ ਦਿੰਦਾ ਹੈ!

ਕਹਿਣ ਦਾ ਮਤਲਬ ਫਿਲਹਾਲ ਤਾਂ ਗਿਆਨੀ ਕੁਲਦੀਪ ਸਿੰਘ ਜੀ ਦੀ 'ਗੜਗੱਜ' ਭਰਦਾਨ ਵਲੋਂ 'ਤਜਵੀਜ਼-ਸ਼ੁਦਾ ਖੇਤਰ' ਤੱਕ ਗੂੰਜੀ ਜਾਂਦੀ ਹੈ ਪਰ ਜਿਸ ਦਿਨ ਇਸ ਜਥੇਦਾਰ ਉੱਤੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਨੇ ਬਖਸ਼ਿਸ਼ ਕਰ ਦਿੱਤੀ ਤਾਂ ਇਹ ਵੀ ਗਿਆਨੀ ਰਘਬੀਰ ਸਿੰਘ ਜਾਂ ਗਿਆਨੀ ਹਰਪ੍ਰੀਤ ਸਿੰਘ ਵਾਂਗ ਤਖਤ ਸਾਹਿਬ ਦੀ ਫਸੀਲ 'ਤੇ ਗਰਜ ਪੈਣਗੇ! ਗੁਰੂ ਪਾਤਸ਼ਾਹ ਦੇ ਨਜ਼ਰੇ-ਕਰਮ ਉੱਤੇ ਭਰੋਸਾ ਰੱਖੀਏ ਅਤੇ ਮਹਾਰਾਜ ਅੱਗੇ ਅਰਦਾਸ ਵੀ ਕਰੀਏ !!

# ਜੂਨ 1984 ਵਿਚ ਦਰਬਾਰ ਸਾਹਿਬ ’ਤੇ ਫ਼ੌਜੀ ਹਮਲੇ ਦੇ ਕੁਝ ਅਣਜਾਣੇ ਤੱਥ








***ਸਾਕਾ ਨੀਲਾ ਤਾਰਾ ਪੰਜਾਬੀ ਲੋਕ-ਇਤਿਹਾਸ ਦੀ ਅਤਿ ਦੁਖਦਾਈ ਘਟਨਾ ਹੈ। ਪੰਜਾਬੀ ਦੇ ਉਘੇ ਲਿਖਾਰੀ ਡਾ. ਹਰਭਜਨ ਸਿੰਘ ਨੇ ਇਸ ਨੂੰ ‘ਜੜ੍ਹਾਂ ਵਾਲਾ ਫੋੜਾ’ ਆਖਿਆ ਸੀ। ਉਨ੍ਹਾਂ ਲਿਖਿਆ ਸੀ ਕਿ ਇਹ ਅਜਿਹਾ ਲਾਇਲਾਜ ਨਾਸੂਰ ਹੈ ਜਿਹੜਾ ਲਗਾਤਾਰ ਵਗੀ ਜਾ ਰਿਹਾ ਹੈ। ਇਸ ਘਟਨਾ ਨੂੰ ਭੁੱਲਣਾ ਵਾਕਈ ਨਾਮੁਮਕਿਨ ਹੈ ਪਰ ਇਸ ਦੇ ਕਾਰਨਾਂ ਦੀ ਪੁਣਛਾਣ ਕਰ ਕੇ ਇਸ ਤੋਂ ਸਬਕ ਜ਼ਰੂਰ ਲਿਆ ਜਾ ਸਕਦਾ ਹੈ। ਇਸ ਦੀ ਵਰ੍ਹੇਗੰਢ ’ਤੇ ਅਸੀਂ ਸਿੱਖ ਇਤਿਹਸ ਦੇ ਬਾਬਾ ਬੋਹੜ ਡਾਕਟਰ ਹਰਜਿੰਦਰ ਸਿੰਘ ਦਿਲਗੀਰ ਦਾ ਲਿਖਿਆ ਬਹੁਤ ਕੀਮਤੀ ਜਾਣਕਾਰੀ ਭਰਪੂਰ ਲੇਖ ਛਾਪਣ ਦਾ ਮਾਣ ਹਾਸਿਲ ਕਰ ਰਹੇ ਹਾਂ। ਲੇਖ ਵੱਡਾ ਹੈ ਇਸ ਕਰ ਕੇ ਇਸ ਦੀ ਪਹਿਲੀ ਕਿਸ਼ਤ ਪਾਠਕਾਂ ਦੀ ਨਜ਼ਰ ਹੈ।***

ਨਹਿਰੂ ਦੀ ਮੌਤ ਮਗਰੋਂ ਉਸ ਦੀ ਧੀ ਇੰਦਰਾ ਗਾਂਧੀ ਨੇ ਭਾਵੇਂ ਸਿੱਖਾਂ ਦੇ ਮਸਲੇ ‘ਤੇ ਇਹੀ ਪਾਲਸੀ ਜਾਰੀ ਰੱਖੀ ਪਰ 1965 ਦੀ ਜੰਗ ਕਾਰਨ ਜਦੋਂ ਪੰਜਾਬੀ ਸੂਬਾ ਬਣਾਉਣਾ ਪੈ ਗਿਆ ਤਾਂ ਇਸ ਵਿਚ ਵੀ ਉਸ ਨੇ ਐਂਟੀ-ਸਿੱਖ ਪਾਲਸੀ ਵਰਤ ਕੇ ਉਤਰ ਦੇ ਹਿੰਦੂ ਵੋਟਰ ਨੂੰ ਹੱਥ ਵਿਚ ਰੱਖਣ ਦੀ ਕੋਸ਼ਿਸ਼ ਕੀਤੀ (ਇਹ ਗੱਲ ਉਸ ਨੇ ਆਪਣੀ ਕਿਤਾਬ ‘ਮਾਈ ਸਟੋਰੀ’ ਵਿਚ ਵੀ ਮੰਨੀ ਹੈ)। ਬੇਸ਼ਕ ਮਗਰੋਂ 1967 ਤੋਂ 1980 ਤਕ ਉਸ ਨੇ ਗ਼ਰੀਬੀ ਹਟਾਓ ਅਤੇ ਹੋਰ ਆਰਥਕ ਨਾਅਰਿਆਂ ਨਾਲ ਵੋਟ ਬੈਂਕ ‘ਤੇ ਕਬਜ਼ਾ ਕਰਨ ਵਿਚ ਕਾਮਯਾਬੀ ਹਾਸਿਲ ਕੀਤੀ, ਪਰ ਉਸ ਨੇ ਮਹਿਸੂਸ ਕੀਤਾ ਕਿ ਹੁਣ ਇਹ ਨਾਅਰਾ ਅਗਲੀ ਵਾਰ ਕਾਮਯਾਬ ਨਹੀਂ ਹੋ ਸਕਣਾ, ਕਿਉਂ ਕਿ 1977 ਵਿਚ ਬਣੀ ਜਨਤਾ ਪਾਰਟੀ ਦੀ ਸੋਚ ਵਿਚੋਂ



**ਡਾ. ਹਰਜਿੰਦਰ ਸਿੰਘ ਦਿਲਗੀਰ**
**ਰਚੇਤਾ: ‘ਨਵਾਂ ਤੇ ਵਡਾ ਮਹਾਨ ਕੋਸ਼’**

ਨਵੀਆਂ ਧਿਰਾਂ ਦੇ ਉਠ ਪੈਣ ਅਤੇ ਤਾਕਤ ਵਿਚ ਆਉਣ ਦੇ ਆਸਾਰ ਕਾਇਮ ਰਹਿਣੇ ਸਨ, ਇਸ ਕਰ ਕੇ ਉਸ ਨੇ ਨਵਾਂ ਵੋਟ ਬੈਂਕ ਕਾਇਮ ਕਰਨ ਦੀ ਪਲਾਨਿੰਗ ਕੀਤੀ। ਉਸ ਕੋਲ ਦੋ ਵੋਟ ਜ਼ੋਨ ਸਨ: ਮੁਸਲਿਮ, ਸਿੱਖ ਤੇ ਦਰਾਵਿੜ ਇਕ ਪਾਸੇ ਅਤੇ ਬੰਗਾਲੀ, ਮਰਹੱਟਾ ਤੇ ਪਹਾੜੀ ਲੋਕ ਦੂਜੇ ਪਾਸੇ। ਵਿਚਕਾਰਲਾ ਹਿੰਦੀ ਜ਼ੋਨ ਦਾ ਹਿੰਦੂ ਵੋਟ (ਯੂ.ਪੀ., ਐਮ.ਪੀ., ਬਿਹਾਰ ਤੇ ਕੁਝ ਕੂ ਗੁਜਰਾਤ ਤੇ ਰਾਜਸਥਾਨ)। ਇਨ੍ਹਾਂ ਸਾਰਿਆਂ ਨੂੰ ਉਹ ਇਕੱਠਿਆਂ ਵੋਟ ਬੈਂਕ ਵਜੋਂ ਨਹੀਂ ਵਰਤ ਸਕਦੀ ਸੀ। ਉਸ ਨੇ ਸਭ ਤੋਂ ਵੱਡੇ ਵੋਟ ਬੈਂਕ, ਯਾਨਿ ਹਿੰਦੂਸਤਾਨੀ ਵੋਟ ਬੈਂਕ, ਨੂੰ ਹਾਸਿਲ ਕਰਨ ਵਾਸਤੇ ਉਨ੍ਹਾਂ ਨੂੰ ਜਜ਼ਬਾਤੀ ਕਰ ਕੇ ਹੀ ਵੋਟ ਹਾਸਿਲ ਕੀਤੀ ਜਾ ਸਕਦੀ ਸੀ। ਇਸ ਵੋਟ ਨੂੰ ਹਾਸਿਲ ਕਰਨ ਵਾਸਤੇ ਉਸ ਕੋਲ ਦੋ ਹਥਿਆਰ ਸਨ: ਸਿੱਖ ਅਤੇ ਦਰਾਵਿੜ। ਇਨ੍ਹਾਂ ਦੇ ਨਾਂ ‘ਤੇ ਹੀ ਉਹ ਹਿੰਦੂਸਤਾਨੀਆਂ ਦੀਆਂ ਵੋਟਾਂ ਹਾਸਿਲ ਕਰ ਸਕਦੀ ਸੀ। ਇਸ ਸੋਚ ਨਾਲ ਉਸ ਨੇ ਪਹਿਲਾਂ ਦਰਾਵੜ ਵੋਟ ਬੈਂਕ ਵਰਤਣ ਦੀ ਸਕੀਮ ਬਣਾਈ। ਇਸ ਮਕਸਦ ਵਾਸਤੇ ਉਸ ਨੇ ਸ੍ਰੀਲੰਕਾ ਵਿਚ ਤਾਮਿਲਾਂ ਨੂੰ ਖੜ੍ਹਾ ਕੀਤਾ। ਉਸ ਨਿੱਕੇ ਜਿਹੇ ਮੁਲਕ ਵਿਚ ਤਾਮਿਲਾਂ ਦੀ ਅਜ਼ਾਦੀ ਦੇ ਨਾਂ ‘ਤੇ ਹਥਿਆਰਬੰਦ ਜੰਗ ਸ਼ੁਰੂ ਕਰਵਾਈ। ਇਸ ਪਿੱਛੇ ਉਸ ਦੇ ਦੋ ਨਿਸ਼ਾਨੇ ਸਨ: ਇਕ ਇਹ ਕਿ ਦਰਾਵਿੜ ਲੋਕ ਉਸ ਦੇ ਵਫ਼ਾਦਾਰ ਰਹਿਣਗੇ (ਅਤੇ ਵਖਰੇ ਦਰਾਵਿੜਸਤਾਨ ਦੀ ਸੋਚ ਛੱਡ ਦੇਣਗੇ) ਅਤੇ ਦੂਜਾ ਉਹ ਸ੍ਰੀ ਲੰਕਾ ਵਿਚੋਂ ਤਾਮਿਲ-ਈਲਾਮ ਆਜ਼ਾਦ ਕਰਵਾ ਕੇ ਆਪਣੇ ਆਪ ਨੂੰ 1971 ਵਿਚ ਬੰਗਲਾ ਦੇਸ਼ ਕਾਇਮ ਕਰਨ ਵਰਗਾ ਨਾਅਰਾ ਲਾ ਕੇ ਹਿੰਦੂਸਤਾਨੀ ਵੋਟਰਾਂ ਵਾਸਤੇ ਫਿਰ ਦੇਵੀ ਬਣ ਜਾਵੇਗੀ। ਪਰ ਉਸ ਨੂੰ ਇਹ ਮੋਰਚਾ ਛੱਡਣਾ ਪਿਆ ਤੇ ਇਸ ਨਾਲ ਹਿੰਦੂਸਤਾਨੀ ਵੋਟਰ ਉਸ ਦੇ ਨਾਲ ਨਾ ਜੁੜਿਆ।

ਇਸ ਮਗਰੋਂ ਉਸ ਨੇ ਸਿੱਖ ਪੱਤਾ ਵਰਤਣ ਦੀ ਸਕੀਮ ਘੜੀ। ਉਸ ਨੇ ਖ਼ੁਫ਼ੀਆ ‘ਥਰਡ ਏਜੰਸੀ’ ਕਾਇਮ ਕਰ ਕੇ ਇਸ ਰਾਹੀਂ ਪੰਜਾਬ ਵਿਚ ਗੜਬੜ ਕਰਵਾ ਕੇ ਹਿੰਦੂਆਂ ਵਿਚ ਡਰ ਅਤੇ ਨਫ਼ਰਤ ਦਾ ਅਹਿਸਾਸ ਪੈਦਾ ਕਰ ਕੇ ਅਤੇ ਸਿੱਖਾਂ ਦੇ ਖ਼ਿਲਾਫ਼ ਨਫ਼ਰਤ ਦਾ ਮਾਹੌਲ ਪੈਦਾ ਕੀਤਾ। ਪਰ ਉਸ ਦੀ ਇਸ ਪਾਲਸੀ ਨੂੰ ਉਲਟਾ ਭਾਰਤੀ ਜਨਤਾ ਪਾਰਟੀ ਅਤੇ ਇਸ ਦੀਆਂ ਸਾਥੀ ਪਾਰਟੀਆਂ ਸ਼ਿਵ ਸੈਨਾ, ਵਿਸ਼ਵ ਹਿੰਦੂ ਪ੍ਰੀਸ਼ਦ ਵਗ਼ੈਰਾ ਨੇ ਸਗੋਂ ਵਧੇਰੇ ਕੈਸ਼ ਕਰਨਾ ਸ਼ੁਰੂ ਕਰ ਦਿੱਤਾ ਅਤੇ ਇੰਦਰਾ ਗਾਂਧੀ ਵਾਸਤੇ ਇਹ ਹਥਿਆਰ ਸਗੋਂ ਘਾਤਕ ਸਾਬਿਤ ਹੋਣ ਲਗ ਪਿਆ। ਪਰ ਉਹ 1984 ਦੀਆਂ ਚੋਣਾਂ ਹਰ ਹਾਲਤ ਵਿਚ ਜਿੱਤਣਾ ਚਾਹੁੰਦੀ ਸੀ ਤੇ ਉਸ ਕੋਲ ਕੋਈ ਹੋਰ ਨਾਅਰਾ ਜਾਂ ਹਥਿਆਰ ਨਹੀਂ ਸੀ। ਇਸ ਕਰ ਕੇ ਉਸ ਨੇ ਭਾਜਪਾ ‘ਤੋਂ ਅੱਗੇ ਨਿਕਲਣ ਦੀ ਸਕੀਮ ਬਣਾਈ। ਇਹ ਸੀ: ਦਰਬਾਰ ਸਾਹਿਬ ‘ਤੇ ਹਮਲਾ ਕਰ ਕੇ ‘ਹਿੰਦੂ ਰਾਸ਼ਟਰ ਦੀ ਦੇਵੀ’ ਬਣ ਕੇ ਹਿੰਦੂਸਤਾਨੀ ਵੋਟ ਹਾਸਿਲ ਕਰਨਾ।

### *ਦਰਬਾਰ ਸਾਹਿਬ ‘ਤੇ ਹਮਲਾ ਕਰਨ ਦਾ ਹੁਕਮ*

1984 ਦੀਆਂ ਚੋਣਾਂ ਤੋਂ ਡੇਢ ਸਾਲ ਪਹਿਲਾਂ ਉਸ ਨੇ ਇਹ ਫੈਸਲਾ ਕਰ ਲਿਆ ਸੀ ਕਿ ਉਹ ਸਿੱਖ ਪੱਤਾ ਵਰਤ ਕੇ ਹੀ ਕਾਮਯਾਬ ਹੋ ਸਕੇਗੀ। ਇਸ ਸਕੀਮ ਨਾਲ ਉਸ ਨੇ 1983 ਦੀਆਂ ਗਰਮੀਆਂ ਵਿਚ ਭਾਰਤੀ ਫ਼ੌਜ ਦੇ ਮੁਖੀ ਜਨਰਲ ਐਸ. ਕੇ. ਸਿਨਹਾ ਕੋਲ ਆਪਣੀ ਖ਼ਾਹਿਸ਼ ਜ਼ਾਹਿਰ ਕੀਤੀ। ਪਰ ਜਨਰਲ ਸਿਨਹਾ ਨੇ ਇੰਦਰਾ ਗਾਂਧੀ ਨੂੰ ਇਹ ਹਰਕਤ ਕਰਨ ਤੋਂ ਰੋਕਿਆ। (ਸਿਨਹਾ ਨੇ ਇਹ ਗੱਲ 26 ਜੂਨ 2011 ਦੇ ਦਿਨ ‘ਡੇਅ ਐਂਡ ਨਾਈਟ’ ਟੀਵੀ ‘ਤੋਂ ਸ਼ਰੇਆਮ ਕਹੀ ਸੀ)। ਇੰਦਰਾ ਗਾਂਧੀ ਨੇ ਜਦ ਜਨਰਲ ਸਿਨਹਾ ‘ਤੇ ਜ਼ੋਰ ਪਾਇਆ ਤਾਂ ਉਸ ਨੇ ਅਗਾਊਂ ਰਿਟਾਇਰਮੈਂਟ ਹਾਸਿਲ ਕਰ ਲਈ। ਉਸ ਮਗਰੋਂ ਇੰਦਰਾ ਗਾਂਧੀ ਨੇ ਅਰੁਣ ਸ਼੍ਰੀਧਰ ਵੈਦਯਾ ਨੂੰ ਫ਼ੌਜ ਦੀ ਕਮਾਨ ਦੇ ਦਿੱਤੀ। ਸਤੰਬਰ 1983 ਵਿਚ ਇੰਦਰਾ ਨੇ ਜਨਰਲ ਵੈਦਯਾ ਨੂੰ ਦਰਬਾਰ ਸਾਹਿਬ ‘ਤੇ ਹਮਲਾ ਕਰਨ ਵਾਤੇ ਤਿਆਰੀ ਕਰਨ ਵਾਸਤੇ ਹਦਾਇਤਾਂ ਦਿੱਤੀਆਂ। ਉਸ ਦੇ ਨਾਲ ਹੀ ਵੈਸਟਰਨ ਕਮਾਂਡ ਦੇ ਜੀ.ਓ.ਸੀ. ਕ੍ਰਿਸ਼ਨ ਸਵਾਮੀ ਸੁੰਦਰਜੀ ਨੂੰ ਵੀ ਡਿਪਟੀ ਵਜੋਂ ਤਾਇਨਾਤ ਕੀਤਾ। ਇਹ ਦੋਵੇਂ ਇੰਦਰਾ ਗਾਂਧੀ ਦੇ ਵਫ਼ਾਦਾਰਾਂ ਵਾਂਙ ਉਸ ਦੇ ਹੁਕਮ ਮੰਨ ਕੇ ਦਰਬਾਰ ਸਾਹਿਬ ‘ਤੇ ਹਮਲੇ ਵਾਸਤੇ ਤਿਆਰੀ ਕਰਨ ਲਗ ਪਏ। ਇਸ ਮਕਸਦ ਵਾਸਤੇ ਸਭ ਤੋਂ ਪਹਿਲਾਂ ‘ਪੁਜ਼ੀਸਨ ਪੇਪਰ’ ਤਿਆਰ ਕੀਤਾ ਗਿਆ ਜਿਸ ਵਿਚ ਸਾਰੀ ਐਕਸ਼ਨ ਪਲਾਨ ਸੀ। ਦਸੰਬਰ 1983 ਵਿਚ ਇਸ ਪਲਾਨ ਨੂੰ ਇੰਦਰਾ ਗਾਂਧੀ ਕੋਲ ਪੇਸ਼ ਕੀਤਾ ਗਿਆ। ਉਸ ਨੇ 15 ਜਨਵਰੀ 1984 ਦੇ ਦਿਨ ਵੈਦਯ ਤੇ ਸੁੰਦਰਜੀ ਨੂੰ ਦਰਬਾਰ ਸਾਹਿਬ ‘ਤੇ ਹਮਲਾ ਕਰਨ ਵਾਸਤੇ ਤਿਆਰ ਰਹਿਣ ਦਾ ਹੁਕਮ ਦੇ ਦਿੱਤਾ। ਇਹ ਹਮਲਾ ਕਿਸੇ ਵੇਲੇ ਵੀ ਕੀਤਾ ਜਾ ਸਕਦਾ ਸੀ।

ਜਨਰਲ ਵੈਦਯਾ ਨੇ ਫ਼ੌਜ ਦੇ ਸਾਰੇ ਹਿੱਸਿਆਂ ਵਿਚ ਸਭ ਤੋਂ ਵਧੀਆ 600 ਕਮਾਂਡੋ ਚੁਣ ਕੇ ਇਕ ਫ਼ੋਰਸ ਤਿਆਰ ਕੀਤੀ ਅਤੇ ਦਿੱਲੀ ‘ਤੋਂ 296 ਕਿਲੋਮੀਟਰ ਦੂਰ, ਉਤਰਾਖੰਡ ਵਿਚ, ਚਕਰਾਤਾ ਦੀਆਂ ਪਹਾੜੀਆਂ ਵਿਚ, ਭਾਰਤੀ ਫ਼ੌਜ ਦੇ ਸਭ ਤੋਂ ਅਹਿਮ ਅੱਡੇ ਚਕਰਾਤਾ ਦੀਆਂ ਪਹਾੜੀਆਂ ਵਿਚ ਦਰਬਾਰ ਸਾਹਿਬ ਦਾ ਇਕ ਪੂਰੇ ਸਾਈਜ਼ ਦਾ ਜ਼ਿੰਦਾ ਮਾਡਲ ਤਿਆਰ ਕੀਤਾ ਗਿਆ ਅਤੇ ਦਰਬਾਰ ਸਾਹਿਬ ‘ਤੇ ਕਬਜ਼ਾ ਕਰਨ ਵਾਸਤੇ ਲਗਾਤਾਰ ਰੀਹਰਸਲ ਸ਼ੁਰੂ ਕਰ ਦਿੱਤੀ ਗਈ। ਕੁਝ ਹੀ ਹਫ਼ਤਿਆਂ ਵਿਚ ਫ਼ੌਜ ਨੇ ਐਲਾਨ ਕਰ ਦਿੱਤਾ ਕਿ ਉਨ੍ਹਾਂ ਦੀ ਪਲਾਨਿੰਗ ਕਾਮਯਾਬ ਹੋਣ ਵਿਚ ਕੋਈ ਕਸਰ ਨਹੀਂ ਹੈ ਅਤੇ ਉਹ ਹਮਲਾ ਕਰਨ ਦੇ 36 ਘੰਟਿਆਂ ਵਿਚ ਹੀ ਦਰਬਾਰ ਸਾਹਿਬ ‘ਤੇ ਕਬਜ਼ਾ ਕਰ ਲੈਣਗੇ।

ਫ਼ਰਵਰੀ 1984 ਵਿਚ ਜਨਰਲ ਵੈਦਯਾ ਤੇ ਸੁੰਦਰਜੀ ਨੇ ਇੰਦਰਾ ਗਾਂਧੀ ਨੂੰ ਕਹਿ ਦਿੱਤਾ ਸੀ ਕਿ ਉਹ ਹਮਲੇ ਵਾਸਤੇ ਪੂਰੀ ਤਰ੍ਹਾਂ ਤਿਆਰ ਹਨ। ਇੰਦਰਾ ਗਾਂਧੀ ਨੇ ਇਹ ਸਾਰਾ ਕੁਝ ਆਪਣੇ ਨਜ਼ਦੀਕੀਆਂ (ਅਰੁਣ ਨਹਿਰੂ, ਅਰੁਣ ਸਿੰਹ ਤੇ ਰਾਜੀਵ ਗਾਂਧੀ ਵਗ਼ੈਰਾ) ਨਾਲ ਵਿਚਾਰਿਆ।

ਇਸ ਦੌਰਾਨ ਇੰਦਰਾ ਗਾਂਧੀ ਨੇ ਆਪਣੀ ਖ਼ੁਫ਼ੀਆ ‘ਥਰਡ ਏਜੰਸੀ’ ਦੇ ਰਾਹੀਂ ਪੰਜਾਬ ਵਿਚ ਗੜਬੜ ਕਰਾਉਣੀ ਸ਼ੁਰੂ ਕਰ ਦਿੱਤੀ; ਇਸ ਵਿਚ ਕਈ ਕਤਲ ਅਤੇ 36 ਸਟੇਸ਼ਨ ਸਾੜਨਾ ਵੀ ਸੀ। ਇਹ ਸਾਰਾ ਕੁਝ ਅਪ੍ਰੈਲ-ਮਈ ਵਿਚ ਕੁਝ ਹੀ ਦਿਨਾਂ ਵਿਚ ਕੀਤਾ ਗਿਆ ਤਾਂ ਜੋ ਸਾਰੇ ਪਾਸੇ ਦਹਿਸ਼ਤ ਦਾ ਮਾਹੌਲ ਬਣਾ ਕੇ ਦਰਬਾਰ ਸਾਹਿਬ ‘ਤੇ ਹਮਲੇ ਨੂੰ ਜਾਇਜ਼ ਠਹਿਰਾਇਆ ਜਾ ਸਕੇ। ਇਨ੍ਹਾਂ ਕਤਲਾਂ ਅਤੇ ਸਾੜ ਫੂਕ ਨੂੰ ਨਿਸ਼ਾਨਾ ਬਣਾ ਕੇ ਵਿਸ਼ਵ ਹਿੰਦੂ ਪ੍ਰੀਸ਼ਦ, ਸ਼ਿਵ ਸੈਨਾ ਅਤੇ ਭਾਰਤੀ ਜਨਤਾ ਪਾਰਟੀ ਨੇ ਪੰਜਾਬ ਵਿਚ ਫ਼ੌਜ ਭੇਜਣ ਦੀ ਮੰਗ ਕੀਤੀ ਅਤੇ ਇਸ ਵਾਸਤੇ ਦਿੱਲੀ ਵਿਚ ਇਕ ਜਲੂਸ ਵੀ ਕੱਢਿਆ, ਜਿਸ ਦੀ ਅਗਵਾਈ ਲਾਲ ਕਿਸ਼ਨ ਅਡਵਾਨੀ ਅਤੇ ਸਾਬਕਾ ਪ੍ਰਾਈਮ ਮਨਿਸਟਰ ਚੌਧਰੀ ਚਰਨ ਸਿੰਹੁ ਨੇ ਕੀਤੀ ਸੀ। ਇਸ ਜਲੂਸ ਦਾ ਜ਼ਿਕਰ ਅਡਵਾਨੀ ਨੇ ਆਪਣੀ ਕਿਤਾਬ ‘ਮਾਈ ਕੰਟਰੀ ਮਾਈ ਨੇਸ਼ਨ’ ਵਿਚ ਵੀ ਕੀਤਾ ਹੈ।

### *ਰੂਸ, ਇੰਗਲੈਂਡ ਅਤੇ ਇਜ਼ਰਾਈਲ ਤੋਂ ਮਦਦ*

ਇੰਦਰਾ ਗਾਂਧੀ ਨੇ 15 ਜਨਵਰੀ 1984 ਦੇ ਦਿਨ ਜਨਰਲ ਵੈਦਯਾ ਨੂੰ ਹੁਕਮ ਦੇਣ ਮਗਰੋਂ ਰੂਸ, ਇੰਗਲੈਂਡ ਅਤੇ ਇਜ਼ਰਾਈਲ ਨਾਲ ਰਾਬਤਾ ਕਾਇਮ ਕੀਤਾ। ਇੰਦਰਾ ਨੇ ਇਸ ਮਦਦ ਬਦਲੇ ਇਨ੍ਹਾਂ ਤਿੰਨਾਂ ਹੀ ਸਰਕਾਰਾਂ ਨੂੰ ਉਨ੍ਹਾਂ ਕੋਲੋਂ ਹਥਿਆਰ ਖ਼ਰੀਦਣ ਵਾਸਤੇ ਵੱਡੇ ਆਰਡਰ ਦੇਣ ਦੀ ਪੇਸ਼ਕਸ਼ ਕੀਤੀ। ਰੂਸ ਤਾਂ ਪਹਿਲਾਂ ਹੀ ਇੰਦਰਾ ਦੀ ਮਦਦ ਕਰ ਰਿਹਾ ਸੀ, ਇਸ ਕਰ ਕੇ ਉਹ ਤਾਂ ਇਕ ਦਮ ਮੰਨ ਗਿਆ। ਇਸ ਮਗਰੋਂ ਇੰਦਰਾ ਗਾਂਧੀ ਨੇ ਰਾਅ ਦੇ ਦੋ ਅਫ਼ਸਰ ਮਾਸਕੋ ਭੇਜੇ ਜਿੱਥੇ ਉਨ੍ਹਾਂ ਨੇ ਰੂਸ ਦੀ ਖ਼ੁਫ਼ੀਆ ਏਜੰਸੀ ਕੇ.ਜੀ.ਬੀ. ਅਤੇ ਰੂਸੀ ਫ਼ੌਜ ਦੇ ਸੀਨੀਅਰ ਜਰਨੈਲਾਂ ਨਾਲ ਬਹੁਤ ਸਾਰੀਆਂ ਮੁਲਾਕਾਤਾਂ ਕੀਤੀਆਂ ਤੇ ਸਿਖਲਾਈ ਹਾਸਿਲ ਕੀਤੀ। ਮਗਰੋਂ ਇਹ ਰੂਸੀ ਅਫ਼ਸਰ ਦਿੱਲੀ ਵੀ ਜਾਂਦੇ ਰਹੇ ਤੇ ਦਰਬਾਰ ਸਾਹਿਬ ‘ਤੇ ਹਮਲੇ ਦੀ ਪਲਾਨ ਬਣਾਉਣ ਵਿਚ ਅਗਵਾਈ ਦੇਂਦੇ ਰਹੇ। ਇੰਞ ਹੀ ਰਾਅ ਦੇ ਇਹ ਦੋ ਅਫ਼ਸਰ ਜੇਰੂਸਲੇਮ ਵੀ ਗਏ ਤੇ ਇਸਰਾਈਲ ਦੀ ਖ਼ੁਫ਼ੀਆ ਏਜੰਸੀ ‘ਮੌਸਾਦ’ ਤੋਂ ਵੀ ਸਲਾਹ ਲਈ।

### *ਬ੍ਰਿਟਿਸ਼ ਪ੍ਰਾਈਮ ਮਨਿਸਟਰ ਮਾਰਗਰੇਟ ਥੈਚਰ ਦਾ ਰੋਲ*

ਦਰਬਾਰ ਸਾਹਿਬ ‘ਤੇ ਇਸ ਹਮਲੇ ਦੀ ਪਲਾਨ ਵਿਚ ਸਭ ਤੋਂ ਵੱਡਾ ਹੈਰਾਨਕੁੰਨ ਐਕਸ਼ਨ ਇੰਗਲੈਂਡ ਦੀ ਪ੍ਰਾਈਮ ਮਨਿਸਟਰ ਮਰਗਰੇਟ ਥੈਚਰ ਦਾ ਸੀ। ਹਾਲਾਂ ਕਿ ਇੰਦਰਾ ਗਾਂਧੀ ਦਾ ਇਹ ਐਕਸ਼ਨ ਇਕ ਵਿਰੋਧੀ ਸਿਆਸੀ ਪਾਰਟੀ ਦੇ ਖ਼ਿਲਾਫ਼ ਸੀ ਤੇ ਉਸ ਦੇ ਆਪਣੇ ਮੁਲਕ ਦਾ ਅੰਦਰੂਨੀ ਮਸਲਾ ਸੀ; ਪਰ, ਮਾਰਗਰੇਟ ਥੈਚਰ ਨੇ, ਭਾਰਤ ਤੋਂ ਹਥਿਆਰਾਂ ਦਾ ਵੱਡਾ ਆਰਡਰ ਹਾਸਿਲ ਕਰਨ ਵਾਸਤੇ, ਇਕ ਮੁਲਕ ਦੇ ਅੰਦਰੂਨੀ ਮਸਲੇ ਵਿਚ ਆਪਣੀ ਫ਼ੌਜ ਦਾ ਦਖ਼ਲ ਦੇਣ ਦਾ ਫ਼ੈਸਲਾ ਕਰ ਲਿਆ। ਇਹ ਨਾ ਤਾਂ ਕੌਮਾਂਤਰੀ ਅਸੂਲਾਂ ਮੁਤਾਬਿਕ ਸਹੀ ਸੀ ਤੇ ਨਾ ਹੀ ਇਨਸਾਨੀਅਤ ਦੇ ਪੱਖ ਤੋਂ। ਪਰ ਥੈਚਰ, ਜੋ ਆਪਣੇ ਆਪ ਨੂੰ ‘ਆਇਰਨ ਲੇਡੀ’ ਅਖਵਾਉਂਦੀ ਸੀ, ਉਹ ਇਕ ਬੇਅਸੂਲੀ ਤੇ ਜ਼ਾਲਮ ਔਰਤ ਨਾਲ ਮਿਲ ਕੇ, ਸਾਰੇ ਕੌਮਾਂਤਰੀ ਅਸੂਲਾਂ ਨੂੰ ਛਿੱਕੇ ਟੰਗ ਕੇ, ਹਜ਼ਾਰਾਂ ਲੋਕਾਂ ਦਾ ਕਤਲੇਆਮ ਕਰਵਉਣ ਵਾਸਤੇ ਤਿਆਰ ਹੋ ਗਈ।

ਫਿਰ ਮਾਰਗਰੇਟ ਥੈਚਰ ਨੇ ਦੇਰ ਵੀ ਨਹੀਂ ਲਾਈ ਅਤੇ ਇੰਦਰਾ ਗਾਂਧੀ ਦੀ ਸਾਜ਼ਿਸ਼ ਵਿਚ ਇਕ ਦਮ ਹੀ ਸ਼ਾਮਿਲ ਹੋ ਗਈ। ਚਾਹੀਦਾ ਤਾਂ ਇਹ ਸੀ ਕਿ ਉਹ ਖ਼ੁਫ਼ੀਆ ਤੌਰ ‘ਤੇ ਪਤਾ ਕਰਦੀ ਕਿ ਇੰਦਰਾ ਗਾਂਧੀ ਦਾ ਅਸਲ ਮਨਸ਼ਾ ਕੀ ਹੈ? ਕੀ ਇਹ ਹਰਕਤ ਕੌਮਾਂਤਰੀ ਅਸੂਲਾਂ ਦੇ ਉਲਟ ਤਾਂ ਨਹੀਂ? ਕੀ ਇਸ ਦੇ ਪਿਛੋਕੜ ਵਿਚ ਕਈ ਹੋਰ ਸਾਜ਼ਿਸ਼ ਤਾਂ ਨਹੀਂ? ਪਰ, ਇਸ ਦੀ ਬਜਾਇ ਮਾਰਗਰੇਟ ਥੈਚਰ ਨੇ ਬਿਨਾ ਕਿਸੇ ਖੋਜ ਪੜਤਾਲ ਤੋਂ, ਦੋ-ਚਾਰ ਦਿਨਾਂ ਦੇ ਅੰਦਰ ਅੰਦਰ, ਆਪਣੇ ਦੋ ਸੀਨੀਅਰ ਐਸ.ਏ.ਐਸ. ਅਫ਼ਸਰ, ਖ਼ੁਫ਼ੀਆ ਤੌਰ ‘ਤੇ, ਦਿੱਲੀ ਅਤੇ ਅੰਮ੍ਰਿਤਸਰ ਭੇਜ ਦਿੱਤੇ। ਇਹ ਅਫ਼ਸਰ 17 ਫ਼ਰਵਰੀ 1984 ਦੇ ਦਿਨ ਦਰਬਾਰ ਸਾਹਿਬ ਇਕ ਯਾਤਰੂ ਦੇ ਤੌਰ ‘ਤੇ ਗਏ ਅਤੇ ਸਾਰਾ ਮੌਕਾ ਦੇਖਿਆ। ਉਸ ਦਿਨ ਰੀਹਰਸਲ ਵਜੋਂ ਦਰਬਾਰ ਸਾਹਿਬ ‘ਤੇ ਬੇਵਜਹ ਗੋਲੀਆਂ ਦਾ ਮੀਂਹ ਵਰ੍ਹਾਇਆ ਗਿਆ। ਇਸ ਨਾਲ ਅੱਧੀ ਦਰਜਨ ਯਾਤਰੂ ਮਾਰੇ ਗਏ; ਪਰ ਖਾੜਕੂਆਂ ਨੇ ਇਕ ਵੀ ਗੋਲੀ ਨਾ ਚਲਾਈ। ਦਰਅਸਲ ਉਹ ਆਪਣਾ ਅਸਲਾ ਜ਼ਾਇਆ ਨਹੀਂ ਕਰਨਾ ਚਾਹੁੰਦੇ ਸਨ। ਅਜਿਹਾ ਜਾਪਦਾ ਹੈ ਕਿ ਇਹ ਐਕਸ਼ਨ ਬ੍ਰਿਟਿਸ਼ ਅਫ਼ਸਰ ਦੀਆਂ ਹਦਾਇਤਾਂ ਮੁਤਾਬਿਕ ਕੀਤਾ ਗਿਆ ਸੀ ਜੋ ਇਸ ਦਾ ਜਵਾਬੇ-ਅਮਲ (ਰੀਐਕਸ਼ਨ) ਦੇਖਣਾ ਚਾਹੁੰਦਾ ਸੀ। ਇਸ ਤੋਂ ਬਾਅਦ ਉਸ ਅਫ਼ਸਰ ਨੇ ਇਕ ਪਲਾਨ ਤਿਆਰ ਕੀਤੀ ਸੀ ਜਿਸ ਨੂੰ ਇੰਦਰਾ ਗਾਂਧੀ ਨੇ ਮਨਜ਼ੂਰੀ ਦਿੱਤੀ ਸੀ। ਯਾਨਿ ਇਸ ਪਲਾਨ ਵਿਚ ਮਰਗਰੇਟ ਥੈਚਰ ਪੂਰੀ ਤਰ੍ਹਾਂ ਸ਼ਾਮਿਲ ਸੀ।

ਮਾਰਗਰੇਟ ਥੈਚਰ ਦੀ ਇਸ ਕਾਰਵਾਈ ਦਾ ਰਾਜ਼ ਖੋਲ੍ਹਦੀਆਂ ਇਹ ਖ਼ੁਫ਼ੀਆ ਚਿੱਠੀਆਂ 6 ਫ਼ਰਵਰੀ 1984 ਅਤੇ 23 ਫ਼ਰਵਰੀ 1984 ਦੀਆਂ ਹਨ। 6 ਫ਼ਰਵਰੀ ਦੀ ਚਿੱਠੀ ਬਰਾਇਨ ਹਾਲ (ਪ੍ਰਾਈਵੇਟ ਸੈਕਟਰੀ ਟੂ ਫ਼ਾਰਨ ਮਨਿਸਟਰ ਜੈਫ਼ਰੀ ਹੌਵੇ) ਦੀ 3 ਫ਼ਰਵਰੀ ਦੀ ਚਿੱਠੀ ਦੇ ਜਵਾਬ ਵਿਚ ਹੈ। ਇਹ ਚਿੱਠੀ ਐਫ਼.ਈ.ਆਰ. ਬਟਲਰ (ਪ੍ਰਿੰਸੀਪਲ ਪ੍ਰਾਈਵੇਟ ਸੈਕਟਰੀ ਟੂ ਮਾਰਗਰੇਟ ਥੈਚਰ) ਵੱਲੋਂ ਲਿਖੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ ‘ਸਾਨੂੰ ਦਿੱਲੀ ਤੋਂ ਅਰਜ਼ ਆਈ ਹੈ ਕਿ ਇੰਦਰਾ ਗਾਂਧੀ ਨਾਲ ‘ਮਤਭੇਦ ਰੱਖਣ ਵਾਲੇ’ ਸਿੱਖਾਂ ਨੂੰ ਦਰਬਾਰ ਵਿਚੋਂ ਕੱਢਣ ਵਾਸਤੇ ਸਲਾਹ ਦਿੱਤੀ ਜਾਵੇ’ {ਨੋਟ: ਇਸ ਵਿਚ ਉਨ੍ਹਾਂ ਨੂੰ ਦਹਿਸ਼ਤਗਰਦ ਜਾਂ ਵੱਖਵਾਦੀ ਵੀ ਨਹੀਂ ਕਿਹਾ ਗਿਆ ਤੇ ਸਿਰਫ਼ ਸਰਕਾਰ ਨਾਲ ‘ਮਤਭੇਦ ਰੱਖਣ ਵਾਲੇ’, ਯਾਨਿ ਸਰਕਾਰ/ਇੰਦਰਾ ਗਾਂਧੀ ਦੇ ਵਿਰੋਧੀ, ਕਿਹਾ ਗਿਆ ਹੈ}। ਇਸ ਚਿੱਠੀ ਮੁਤਾਬਿਕ ਥੈਚਰ ਨੇ ਫ਼ਾਰਨ ਸੈਕਟਰੀ (ਵਜ਼ੀਰ) ਨੂੰ ਉਸ ਵੱਲੋਂ ਭਾਰਤ ਸਰਕਾਰ ਦੀ ਮਦਦ ਵਾਸਤੇ ਬਣਾਈ ਪਲਾਨ ਨੂੰ ਕਬੂਲ ਕਰ ਲਿਆ ਹੈ ਅਤੇ ਆਪਣੇ ਫ਼ੌਜੀ ਐਡਵਾਈਜ਼ਰ (ਅਫ਼ਸਰ) ਦਿੱਲੀ ਭੇਜਣ ਵਾਸਤੇ ਕਿਹਾ ਸੀ। (ਇਸ ਚਿੱਠੀ ਦੀ ਇਕ-ਇਕ ਕਾਪੀ ਡਿਫ਼ੈਂਸ ਮਨਿਸਟਰੀ ਦੇ ਰਿਚਰਡ ਮੋਟਰਾਮ ਅਤੇ ਕੈਬਨਿਟ ਦਫ਼ਤਰ ਦੇ ਰਿਚਰਡ ਹੈਟਫ਼ੀਲਡ ਨੂੰ ਵੀ ਭੇਜੀ ਗਈ ਸੀ।

ਦੂਜੀ ਚਿੱਠੀ, 23 ਫ਼ਰਵਰੀ 1984 ਦੀ ਹੈ ਜੋ ਬੀ.ਜੇ.ਪੀ ਫ਼ਾਲ (ਪ੍ਰਾਈਵੇਟ ਸੈਕਟਰੀ ਟੂ ਫ਼ਾਰਨ ਮਨਿਸਟਰ ਜੈਫ਼ਰੀ ਹੌਵੇ) ਵੱਲੋਂ ਹਿਊ ਟੇਲਰ (ਪ੍ਰਾਈਵੇਟ ਸੈਕਟਰੀ ਟੂ ਹੋਮ ਸੈਕਟਰੀ ਲਿਓਨ ਬ੍ਰਿਟਨ) ਨੂੰ ਲਿਖੀ ਗਈ ਹੈ। ਇਸ ਦਾ ਹੈਡਿੰਗ ਹੀ ‘ਸਿੱਖ ਕਮਿਊਨਿਟੀ’ ਹੈ। ਇਸ ’ਚ ਦੱਸਿਆ ਗਿਆ ਹੈ ਕਿ ਦਰਬਾਰ ਸਾਹਿਬ ‘ਤੇ ਐਕਸ਼ਨ ਕਰਨ ਦੀ ਪਲਾਨ ਸਬੰਧੀ, ਇੰਗਲੈਂਡ ਦੀ ਸਰਕਾਰ ਦਾ ਇਕ ਐਸ.ਏ.ਐਸ. ਅਫ਼ਸਰ, ਇੰਗਲੈਂਡ ਦੀ ਪ੍ਰਾਈਮ ਮਨਿਸਟਰ ਥੈਚਰ ਦੀ ਮਨਜ਼ੂਰੀ ਨਾਲ, ਭਾਰਤ ਗਿਆ ਸੀ ਅਤੇ ਉਸ ਨੇ ਇਕ ਪਲਾਨ ਤਿਆਰ ਕੀਤੀ ਸੀ ਜਿਸ ਨੂੰ ਇੰਦਰਾ ਗਾਂਧੀ ਨੇ ਮਨਜ਼ੂਰੀ ਦਿੱਤੀ ਸੀ। (ਯਾਨਿ ਇਸ ਚਿੱਠੀ ਤੋਂ ਸਪਸ਼ਟ ਹੈ ਕਿ ਇਹ ਪਲਾਨ ਇੰਗਲੈਂਡ ਦੇ ਫ਼ੌਜੀ ਅਫ਼ਸਰਾਂ ਨੇ ਹੀ ਬਣਾਈ ਸੀ)।

ਇਸੇ ਚਿੱਠੀ ਵਿਚ ਫ਼ਾਰਨ ਸੈਕਟਰੀ ਹੋਰ ਲਿਖਦਾ ਹੈ ਕਿ ਭਾਰਤ ਸਰਕਾਰ ਉਸ ਬਰਤਾਨਵੀ ਅਫ਼ਸਰ ਦੀ ਪਲਾਨ ‘ਤੇ ਜਲਦੀ ਹੀ ਐਕਸ਼ਨ ਕਰੇਗੀ। ਚਿੱਠੀ ਵਿਚ ਕਿਹਾ ਗਿਆ ਹੈ ਕਿ ਇਸ ਐਕਸ਼ਨ (ਯਾਨਿ ਦਰਬਾਰ ਸਾਹਿਬ ‘ਤੇ ਹਮਲੇ) ਦਾ ਨਤੀਜਾ ਪੰਜਾਬ ਵਿਚ ਫ਼ਿਰਕੂ ਫ਼ਸਾਦ ਭੜਕੇਗਾ ਅਤੇ ਇਸ ਦਾ ਅਸਰ ਇੰਗਲੈਂਡ ਵਿਚ ਰਹਿੰਦੇ ਭਾਰਤੀ ਭਾਈਚਾਰੇ ‘ਤੇ ਵੀ ਪਵੇਗਾ; ਖ਼ਾਸ ਕਰ ਕੇ ਜੇ ਇਹ ਰਾਜ਼ ਖੁਲ੍ਹ ਗਿਆ ਕਿ ਇੰਗਲੈਂਡ ਦਾ ਐਸ.ਏ.ਐਸ. ਅਫ਼ਸਰ ਇਸ (ਯਾਨਿ ਦਰਬਾਰ ਸਾਹਿਬ ‘ਤੇ ਹਮਲੇ) ਵਿਚ ਸ਼ਾਮਿਲ ਸੀ। {ਇਸ ਚਿੱਠੀ ਦੀ ਇਕ-ਇਕ ਕਾਪੀ ਡਿਫ਼ੈਂਸ ਮਨਿਸਟਰੀ ਦੇ ਰੌਬਿਨ ਬਟਲਰ (ਨੰਬਰ 10, ਯਾਨਿ ਪ੍ਰਾਈਮ ਮਨਿਸਟਰ ਦਫ਼ਤਰ), ਰਿਚਰਡ ਮੋਟਰਾਮ (ਮਨਿਸਟਰੀ ਆਫ਼ ਡਿਫ਼ੈਂਸ ਅਤੇ ਕੈਬਨਿਟ ਦਫ਼ਤਰ ਦੇ ਰਿਚਰਡ ਹੈਟਫ਼ੀਲਡ (ਕੈਬਨਟ ਆਫ਼ਿਸ) ਨੂੰ ਵੀ ਭੇਜੀ ਗਈ ਸੀ)।

(13 ਅਤੇ 14 ਜਨਵਰੀ 2014 ਦੇ ਦਿਨ ਇਹ ਦੋ ਚਿੱਠੀਆਂ ਇੰਟਰਨੈਟ ਰਾਹੀਂ ਸਾਰੇ ਪਾਸੇ ਫੈਲ ਗਈਆਂ ਅਤੇ ਦੁਨੀਆਂ ਭਰ ਵਿਚ ਸਾਰੇ ਪਾਸੇ ਜ਼ਬਰਦਸਤ ਤੂਫ਼ਾਨ ਉਠ ਖੜਾ ਹੋਇਆ। (ਮਗਰੋਂ 4 ਫ਼ਰਵਰੀ 2014 ਦੇ ਦਿਨ ਬਰਤਾਨੀਆ ਦੇ ਫ਼ਾਰਨ ਸੈਕਟਰੀ ਵਿਲੀਅਮ ਹੇਗ ਨੇ ਬਰਤਾਨਵੀ ਪਾਰਲੀਮੈਂਟ ਵਿਚ ਮੰਨਿਆ ਕਿ ਬਰਤਾਨੀਆ ਨੇ ਸਿਰਫ਼ ਸਲਾਹ ਦਿੱਤੀ ਸੀ ਤੇ ਫ਼ੌਜੀ ਮਦਦ ਨਹੀਂ ਦਿੱਤੀ ਸੀ)।

17 ਫ਼ਰਵਰੀ 1984 ਤੋਂ ਮਗਰੋਂ ਵੀ ਭਾਰਤ ਸਰਕਾਰ ਦੇ ਖ਼ੁਫ਼ੀਆ ਮਹਿਕਮੇ ਦੇ ਦੋ ਸੀਨੀਅਰ ਅਫ਼ਸਰ ਗੈਰੀ ਸਕਸੈਨਾ ਤੇ ਆਰ.ਐਨ.ਰਾਓ ਕਈ ਵਾਰ ਲੰਡਨ ਆਏ ਅਤੇ ਇੰਗਲੈਂਡ ਦੀਆਂ ਖ਼ੁਫ਼ੀਆ ਏਜੰਸੀਆਂ ਅਤੇ ਫ਼ੌਜ ਤੋਂ ਸਲਾਹ ਅਤੇ ਅਗਵਾਈ ਲੈਂਦੇ ਰਹੇ।

ਫ਼ਰਵਰੀ ਦੇ ਅਖ਼ੀਰ ਅਤੇ ਅਪ੍ਰੈਲ ਵਿਚ ਦੋ ਵਾਰ ਦਰਬਾਰ ਸਾਹਿਬ ‘ਤੇ ਹਮਲਾ ਕਰਨ ਦਾ ਪ੍ਰੋਗਰਾਮ ਬਣਿਆ ਪਰ, ਦੋਵੇਂ ਵਾਰ, ਐਨ ਮੌਕੇ ‘ਤੇ ਇਸ ਨੂੰ ਮੁਲਤਵੀ ਕਰ ਦਿੱਤਾ ਜਾਂਦਾ ਰਿਹਾ। ਅਖ਼ੀਰ 31 ਮਈ 1984 ਦੀ ਰਾਤ ਨੂੰ ਇੰਦਰਾ ਗਾਂਧੀ ਨੇ ਜਨਰਲ ਵੈਦਯਾ ਨੂੰ ਹਮਲਾ ਕਰਨ ਦੇ ਹੁਕਮ ਜਾਰੀ ਕੀਤੇ ਅਤੇ ਪਹਿਲੀ ਜੂਨ ਨੂੰ ਤਕਰੀਬਨ ਇਕ ਲੱਖ ਫ਼ੌਜਾਂ ਅੰਮ੍ਰਿਤਸਰ ਵੱਲ ਚੱਲ ਪਈਆਂ। ***(ਚੱਲਦਾ)***

# ਨੀਤੀ ਆਯੋਗ ਦੀ ਮੀਟਿੰਗ ਦੇ ਸਬਕ

ਵਿਸ਼ਵ ਪੱਧਰ 'ਤੇ, ਪੂਰੀ ਦੁਨੀਆ ਦੀ ਰਾਜਨੀਤੀ ਵਿਚ ਅਸੀਂ ਦੇਖਦੇ ਰਹਿੰਦੇ ਹਾਂ ਕਿ ਸੱਤਾਧਾਰੀ ਧਿਰ ਅਤੇ ਦੂਜੀ ਧਿਰ ਵਿਚਕਾਰ ਬਹੁਤ ਟਕਰਾਅ ਹੁੰਦਾ ਹੈ, ਯਾਨੀ ਹਰ ਮੁੱਦੇ ਅਤੇ ਕੰਮ 'ਤੇ ਆਲੋਚਨਾ, ਬਹਿਸ, ਰੁਕਾਵਟ ਹੁੰਦੀ ਹੈ, ਜੋ ਕਿ ਸੱਤਾਧਾਰੀ ਧਿਰ ਅਤੇ ਦੂਜੀ ਧਿਰ ਦੋਵਾਂ ਦੀਆਂ ਨੀਤੀਆਂ ਵਿਚ ਵੀ ਜਾਇਜ਼ ਹੈ। ਆਪਣੇ 40 ਸਾਲਾਂ ਦੇ ਲਿਖਣ ਦੇ ਸਮੇਂ ਵਿਚ, ਮੈਂ ਸ਼ਾਇਦ ਹੀ ਕਦੇ ਦੇਖਿਆ ਹੋਵੇ ਕਿ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਇਕੱਠੇ ਰਾਜਨੀਤੀ ਤੋਂ ਉੱਪਰ ਉੱਠ ਕੇ ਦੇਸ਼ ਲਈ ਆਪਣੀ ਆਵਾਜ਼ ਬੁਲੰਦ ਕਰਦੇ ਹੋਣ। ਪਰ

ਕਿਸ਼ਨ ਸੰਮੁਖਦਾਸ ਭਵਨਾਨੀ

ਇਸ ਸਮੇਂ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ, ਇਸਦੀ ਇੱਕ ਸੰਪੂਰਨ ਉਦਾਹਰਣ ਇਹ ਹੈ ਕਿ ਲਗਭਗ 59 ਸੰਸਦ ਮੈਂਬਰ, ਪੂਰੀ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਸਮੇਤ 7 ਟੀਮਾਂ ਦੇ ਮਾਹਿਰ ਦੁਨੀਆ ਭਰ ਵਿਚ ਅਤਿਵਾਦ 'ਤੇ ਭਾਰਤ ਦਾ ਦ੍ਰਿਸ਼ਟੀਕੋਣ ਪੇਸ਼ ਕਰ ਰਹੇ ਹਨ, ਜੋ ਕਿ ਉਜਾਗਰ ਕਰਨ ਯੋਗ ਮਾਮਲਾ ਹੈ। ਦੂਜੇ ਪਾਸੇ, ਸ਼ਨਿਚਰਵਾਰ, 24 ਮਈ 2025 ਨੂੰ, ਮੈਂ ਦੇਰ ਰਾਤ ਤੱਕ ਸੰਚਾਰ ਮਾਧਿਅਮਾਂ, ਮੋਬਾਈਲ, ਟੀਵੀ ਅਤੇ ਰੇਡੀਓ ਰਾਹੀਂ ਨੀਤੀ ਆਯੋਗ ਦੀ 10ਵੀਂ ਗਵਰਨਿੰਗ ਕੌਂਸਲ ਦੀ ਮੀਟਿੰਗ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਸੀ, ਅਤੇ ਮੀਟਿੰਗ ਖਤਮ ਹੋਣ ਤੋਂ ਬਾਅਦ, ਮੈਂ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਵਿਰੋਧੀ ਧਿਰ ਦੇ ਲਗਭਗ ਸਾਰੇ ਮੁੱਖ ਮੰਤਰੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਪਿਆਰ ਨਾਲ ਕਿਵੇਂ ਗੱਲ ਕਰ ਰਹੇ ਸਨ ਅਤੇ ਇੱਕ ਮੁੱਖ ਮੰਤਰੀ ਆਪਣਾ ਸਿਰ ਝੁਕਾ ਕੇ ਗੱਲ ਕਰ ਰਿਹਾ ਸੀ, ਹਾਲਾਂਕਿ ਪੂਰੀ ਜਨਤਾ ਵੀ ਇਹ ਸਭ ਦੇਖ ਕੇ ਹੈਰਾਨ ਹੋਵੇਗੀ, ਕਿਉਂਕਿ ਇਹ ਸਭ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ ਅਤੇ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਦੇ ਇਕੱਠੇ ਹੋਣ ਦੇ ਸਮਰਥਨ ਵਿਚ ਜਨਤਾ ਦੀਆਂ ਟਿੱਪਣੀਆਂ ਅਤੇ ਵਿਰੋਧੀ ਮੁੱਖ ਮੰਤਰੀਆਂ ਅਤੇ ਪ੍ਰਧਾਨ ਮੰਤਰੀ ਦੇ ਮਜ਼ਬੂਤ ਸਬੰਧ ਵੀ ਸੋਸ਼ਲ ਮੀਡੀਆ 'ਤੇ ਲਗਾਤਾਰ ਚੱਲ ਰਹੇ ਹਨ, ਉਨ੍ਹਾਂ ਨੂੰ ਦੇਖ ਮੈਂ ਸੋਚ ਰਿਹਾ ਸੀ ਕਿ ਇੱਕ ਸਮਾਂ ਸੀ, ਜਦੋਂ ਚੋਣਾਂ ਹੋ ਰਹੀਆਂ ਸਨ, ਇਹ ਸਾਰੇ ਲੋਕ ਜ਼ਬਾਨੀ ਤੀਰ ਕੱਢ ਕੇ ਇੱਕ ਦੂਜੇ ਨੂੰ ਬੇਇੱਜ਼ਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਅੱਜ ਦੋਸਤੀ, ਸ਼ਿਸ਼ਟਾਚਾਰ ਅਤੇ ਅਤਿ ਸਤਿਕਾਰ ਦਾ ਮਾਹੌਲ ਦਿਖਾਈ ਦੇ ਰਿਹਾ ਸੀ, ਜਿਸਨੂੰ ਪੂਰੀ ਦੁਨੀਆ ਹੈਰਾਨੀ ਨਾਲ ਰੇਖਾਂਕਿਤ ਕਰ ਰਹੀ ਸੀ। ਮੇਰਾ ਮੰਨਣਾ ਹੈ ਕਿ ਇਹ ਭਾਰਤੀ ਸੱਭਿਆਚਾਰ ਦਾ ਅਜੂਬਾ ਹੈ, ਪਹਿਲਾਂ ਆਪ੍ਰੇਸ਼ਨ ਸਿੰਦੂਰ ਅਤੇ ਹੁਣ ਭਾਰਤੀ ਮਿਸ਼ਨ 2047 'ਤੇ 36/ 31 ਰਾਜਾਂ ਦੀ ਮੌਜੂਦਗੀ ਸ਼ਲਾਘਾਯੋਗ ਹੈ, ਜਿਨ੍ਹਾਂ ਦਾ ਸੰਦੇਸ਼ ਪੂਰੀ ਦੁਨੀਆ ਤੱਕ ਪਹੁੰਚਿਆ ਕਿ ਭਾਰਤ ਦੇ ਸਾਰੇ 144.2 ਕਰੋੜ ਲੋਕ ਭਾਰਤ ਦੇ ਵਿਕਾਸ ਅਤੇ ਅਤਿਵਾਦ ਦੇ ਮੁੱਦੇ 'ਤੇ ਇਕੱਠੇ ਖੜ੍ਹੇ ਹਨ। ਇਸਦਾ ਮਤਲਬ ਹੈ ਕਿ ਸਾਡੇ ਲਈ, ਅਸੀਂ, ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ, ਰਾਸ਼ਟਰੀ ਸੁਰੱਖਿਆ, ਅਤਿਵਾਦ ਨੂੰ ਖਤਮ ਕਰਨ ਅਤੇ ਦੇਸ਼ ਦੇ ਵਿਕਾਸ ਦੇ ਮੁੱਦਿਆਂ 'ਤੇ ਇਕੱਠੇ ਹਾਂ, ਜੋ ਮੈਨੂੰ ਬਹੁਤ ਪਸੰਦ ਆਇਆ, ਇਸ ਲਈ ਜੇਕਰ ਕੇਂਦਰ ਅਤੇ ਰਾਜ ਸਰਕਾਰਾਂ ਟੀਮ ਇੰਡੀਆ ਬਣਾਉਂਦੀਆਂ ਹਨ, ਤਾਂ ਕੋਈ ਵੀ ਟੀਚਾ ਅਸੰਭਵ ਨਹੀਂ ਹੈ, ਵਿਜ਼ਨ 2047 ਆਪਣੀ ਸਮਾਂ ਸੀਮਾ ਤੋਂ ਬਹੁਤ ਪਹਿਲਾਂ ਪੂਰਾ ਹੋ ਜਾਵੇਗਾ, ਇਸ ਲਈ ਅੱਜ, ਮੀਡੀਆ ਵਿਚ ਉਪਲੱਬਧ ਜਾਣਕਾਰੀ ਦੀ ਮਦਦ ਨਾਲ, ਅਸੀਂ ਇਸ ਲੇਖ ਰਾਹੀਂ ਚਰਚਾ ਕਰਾਂਗੇ, ਨੀਤੀ ਆਯੋਗ ਦੀ 10ਵੀਂ ਕਾਰਜ ਪ੍ਰੀਸ਼ਦ ਨੇ ਵਿਜ਼ਨ ਵਿਕਸਤ ਭਾਰਤ 2047 ਦਾ ਬਲੂਪ੍ਰਿੰਟ ਤਿਆਰ ਕੀਤਾ - 36 ਵਿਚੋਂ 31 ਰਾਜਾਂ ਦੀ ਜ਼ਬਰਦਸਤ ਅਨੁਕੂਲ ਮੌਜੂਦਗੀ – ਪ੍ਰਧਾਨ ਮੰਤਰੀ ਅਤੇ ਵਿਰੋਧੀ ਧਿਰ ਦੇ ਮੁੱਖ ਮੰਤਰੀਆਂ ਵਿਚਕਾਰ ਜ਼ਬਰਦਸਤ ਸਾਂਝ ਦੇਖੀ ਗਈ।

ਜੇਕਰ ਅਸੀਂ ਨੀਤੀ ਆਯੋਗ ਦੀ 10ਵੀਂ ਗਵਰਨਿੰਗ ਕੌਂਸਲ ਮੀਟਿੰਗ ਦੀ ਗੱਲ ਕਰੀਏ, ਤਾਂ ਇਸ ਮੀਟਿੰਗ ਵਿਚ 36 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚੋਂ 31 ਨੇ ਹਿੱਸਾ ਲਿਆ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਭਾਗੀਦਾਰੀ ਹੈ। ਪਰ ਕਰਨਾਟਕ, ਕੇਰਲ, ਪੁਡੂਚੇਰੀ, ਪੱਛਮੀ ਬੰਗਾਲ ਅਤੇ ਬਿਹਾਰ ਨੇ ਪਹਿਲਾਂ ਹੀ ਆਪਣੀ ਗੈਰਹਾਜ਼ਰੀ ਬਾਰੇ ਸੂਚਿਤ ਕਰ ਦਿੱਤਾ ਸੀ। ਬੀਵੀਆਰ ਸੁਬਰਾਮਨੀਅਮ ਨੇ ਕਿਹਾ, ਇਹ ਦਰਸਾਉਂਦਾ ਹੈ ਕਿ ਜ਼ਿਆਦਾਤਰ ਰਾਜ ਸਕਾਰਾਤਮਕ ਰਵੱਈਏ ਨਾਲ ਆਏ ਸਨ। ਉਨ੍ਹਾਂ ਅੱਗੇ ਕਿਹਾ, 'ਐਕਸ਼ਨ ਰਿਪੋਰਟ ਤੋਂ ਇਲਾਵਾ, ਮੀਟਿੰਗ ਦੇ ਏਜੰਡੇ ਵਿਚ ਦੋ ਚੀਜ਼ਾਂ ਸ਼ਾਮਲ ਸਨ।' ਸਭ ਤੋਂ ਪਹਿਲਾਂ, ਮੀਟਿੰਗ ਦਾ ਵਿਸ਼ਾ ਅਤੇ ਏਜੰਡੇ ਦੀ ਪਹਿਲੀ ਵਸਤੂ 'ਵਿਕਸਿਤ ਭਾਰਤ ਲਈ ਵਿਕਸਤ ਰਾਜ' ਸੀ। ਪੂਰਾ ਵਿਚਾਰ ਇਹ ਹੈ ਕਿ ਪਿਛਲੀ ਗਵਰਨਿੰਗ ਕੌਂਸਲ ਵਿਚ, ਪ੍ਰਧਾਨ ਮੰਤਰੀ ਨੇ ਸਾਰੇ ਰਾਜਾਂ ਨੂੰ ਆਪੋ-ਆਪਣੇ ਰਾਜ ਦ੍ਰਿਸ਼ਟੀਕੋਣ ਤਿਆਰ ਕਰਨ ਲਈ ਕਿਹਾ ਸੀ, ਤਾਂ ਜੋ ਉਨ੍ਹਾਂ ਕੋਲ ਅਜਿਹੇ ਦ੍ਰਿਸ਼ਟੀਕੋਣ ਹੋਣ ਜਿਨ੍ਹਾਂ ਨੂੰ ਫਿਰ ਇੱਕ ਵੱਡੇ ਸਮੂਹ ਵਿਚ ਜੋੜਿਆ ਜਾ ਸਕੇ। ਰਾਸ਼ਟਰ ਲਈ ਦ੍ਰਿਸ਼ਟੀਕੋਣ। ਇਸ ਲਈ ਮੈਨੂੰ ਲੱਗਦਾ ਹੈ ਕਿ ਪਿਛਲੇ ਇੱਕ ਸਾਲ ਤੋਂ ਇਹੀ ਏਜੰਡਾ ਰਿਹਾ ਹੈ ਅਤੇ ਇਸੇ ਲਈ ਇਹ ਇਸ ਗਵਰਨਿੰਗ ਕੌਂਸਲ ਦੀ ਮੀਟਿੰਗ ਦਾ ਮੁੱਖ ਵਿਸ਼ਾ ਸੀ। ਉਨ੍ਹਾਂ ਅੱਗੇ ਕਿਹਾ ਕਿ ਮੀਟਿੰਗ ਵਿਚ ਮੌਜੂਦ ਸਾਰੇ ਲੋਕਾਂ ਨੇ ਸਰਬਸੰਮਤੀ ਨਾਲ ਪਾਕਿਸਤਾਨ ਵਿਚ ਅਤਿਵਾਦੀ ਢਾਂਚੇ ਨੂੰ ਤਬਾਹ ਕਰਨ ਲਈ ਭਾਰਤ ਵੱਲੋਂ ਸ਼ੁਰੂ ਕੀਤੇ ਗਏ ਆਪ੍ਰੇਸ਼ਨ ਸਿੰਦੂਰ ਦਾ ਸਮਰਥਨ ਕੀਤਾ। ਪ੍ਰਧਾਨ ਮੰਤਰੀ ਨੇ ਰਾਜਾਂ ਨੂੰ ਖੇਤੀਬਾੜੀ, ਸਿੱਖਿਆ ਅਤੇ ਸਿਹਤ ਸੰਭਾਲ 'ਤੇ ਧਿਆਨ ਕੇਂਦਰਿਤ ਕਰਨ ਦੀ ਵੀ ਅਪੀਲ ਕੀਤੀ। ਪ੍ਰਧਾਨ ਮੰਤਰੀ ਨੇ ਸ਼ਨਿਚਰਵਾਰ



ਨੂੰ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਨੌਕਰੀਆਂ ਪੈਦਾ ਕਰਨ ਲਈ ਨੀਤੀਗਤ ਰੁਕਾਵਟਾਂ ਨੂੰ ਦੂਰ ਕਰਨ ਲਈ ਕਿਹਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਅਤੇ ਰਾਜ ਟੀਮ ਇੰਡੀਆ ਵਾਂਗ ਮਿਲ ਕੇ ਕੰਮ ਕਰਦੇ ਹਨ, ਤਾਂ ਕੋਈ ਵੀ ਟੀਚਾ ਅਸੰਭਵ ਨਹੀਂ ਹੈ।

ਜੇਕਰ ਅਸੀਂ ਨੀਤੀ ਆਯੋਗ ਦੀ 10ਵੀਂ ਕਾਰਜਕਾਰੀ ਮੀਟਿੰਗ ਦੀ ਚਰਚਾ ਨੂੰ 11 ਬਿੰਦੂਆਂ 'ਤੇ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਰਾਜਧਾਨੀ ਦਿੱਲੀ ਵਿਚ ਨੀਤੀ ਆਯੋਗ ਦੀ ਇਸ ਮੀਟਿੰਗ ਨੇ ਦੇਸ਼ ਦੇ ਵਿਕਾਸ ਲਈ ਨਵਾਂ ਬਲੂਪ੍ਰਿੰਟ ਤਿਆਰ ਕੀਤਾ। ਪ੍ਰਧਾਨ ਮੰਤਰੀ ਨੇ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਨੁਮਾਇੰਦਿਆਂ ਨਾਲ ਮਿਲ ਕੇ 'ਵਿਕਸਤ ਭਾਰਤ 2047' ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਵੱਲ ਠੋਸ ਕਦਮ ਚੁੱਕੇ। (1) ਨੀਤੀ ਆਯੋਗ ਦੀ ਮੀਟਿੰਗ ਵਿਚ 36 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚੋਂ 31 ਨੇ ਭਾਗ ਲਿਆ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਭਾਗੀਦਾਰੀ ਹੈ। ਪਰ ਕਰਨਾਟਕ, ਕੇਰਲ, ਪੁਡੂਚੇਰੀ, ਪੱਛਮੀ ਬੰਗਾਲ ਅਤੇ ਬਿਹਾਰ ਨੇ ਪਹਿਲਾਂ ਹੀ ਆਪਣੀ ਗੈਰਹਾਜ਼ਰੀ ਬਾਰੇ ਸੂਚਿਤ ਕਰ ਦਿੱਤਾ ਸੀ। ਸੀਈਓ ਨੇ ਕਿਹਾ, 'ਇਹ ਦਰਸਾਉਂਦਾ ਹੈ ਕਿ ਜ਼ਿਆਦਾਤਰ ਰਾਜ ਸਕਾਰਾਤਮਕ ਸੋਚ ਨਾਲ ਆਏ ਸਨ।' (2) 'ਵਿਕਸਤ ਭਾਰਤ' ਲਈ ਮਾਸਟਰ ਪਲਾਨ ਮੀਟਿੰਗ ਦਾ ਮੁੱਖ ਏਜੰਡਾ 'ਵਿਕਸਿਤ ਭਾਰਤ ਲਈ ਵਿਕਸਤ ਰਾਜ' ਸੀ। ਪ੍ਰਧਾਨ ਮੰਤਰੀ ਨੇ ਸਾਰੇ ਰਾਜਾਂ ਨੂੰ ਆਪਣੇ-ਆਪਣੇ ਵਿਕਾਸ ਦ੍ਰਿਸ਼ਟੀਕੋਣਾਂ ਨੂੰ ਰਾਸ਼ਟਰੀ ਦ੍ਰਿਸ਼ਟੀਕੋਣ ਨਾਲ ਜੋੜਨ ਦਾ ਸੱਦਾ ਦਿੱਤਾ। ਇਸ ਥੀਮ ਨੂੰ ਪਿਛਲੇ ਸਾਲ ਦੀ ਮੀਟਿੰਗ ਤੋਂ ਅੱਗੇ ਵਧਾਇਆ ਗਿਆ ਹੈ ਅਤੇ ਹੁਣ ਇਹ ਰਾਜਾਂ ਲਈ ਇੱਕ ਰੋਡਮੈਪ ਬਣ ਗਿਆ ਹੈ। (3) ਪ੍ਰਧਾਨ ਮੰਤਰੀ ਨੇ 'ਆਪ੍ਰੇਸ਼ਨ ਸਿੰਦੂਰ' ਨੂੰ ਇੱਕ ਵਾਰ ਦੀ ਪਹਿਲ ਨਹੀਂ ਸਗੋਂ ਇੱਕ ਲੰਬੀ ਮਿਆਦ ਦੀ ਰਣਨੀਤੀ ਦਾ ਹਿੱਸਾ ਦੱਸਿਆ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਨੇ ਅੱਤਵਾਦੀ ਢਾਂਚੇ ਨੂੰ ਤਬਾਹ ਕਰਨ ਵਿਚ ਸ਼ੁੱਧਤਾ ਅਤੇ ਪ੍ਰਭਾਵਸ਼ੀਲਤਾ ਦਿਖਾਈ। ਮੁੱਖ ਮੰਤਰੀਆਂ ਅਤੇ ਉਪ ਰਾਜਪਾਲਾਂ ਨੇ ਇਸ ਲਈ ਪ੍ਰਧਾਨ ਮੰਤਰੀ ਦੀ ਅਗਵਾਈ ਅਤੇ ਹਥਿਆਰਬੰਦ ਸੈਨਾਵਾਂ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ। (4) ਪ੍ਰਧਾਨ ਮੰਤਰੀ ਨੇ ਸਿਵਲ ਡਿਫੈਂਸ ਤਿਆਰੀ ਨੂੰ ਸੰਸਥਾਗਤ ਅਤੇ ਆਧੁਨਿਕ ਬਣਾਉਣ 'ਤੇ ਜ਼ੋਰ ਦਿੱਤਾ। ਹਾਲ ਹੀ ਵਿਚ ਹੋਏ ਮੌਕ ਡ੍ਰਿਲ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਇਹ ਸਿਵਲ ਸੁਰੱਖਿਆ ਵੱਲ ਮਹੱਤਵਪੂਰਨ ਕਦਮ ਹੈ। ਰਾਜਾਂ ਨੂੰ ਇਸ ਨੂੰ ਤਰਜੀਹ ਦੇਣੀ ਪਵੇਗੀ। (5) ਪ੍ਰਧਾਨ ਮੰਤਰੀ ਨੇ ਰਾਜਾਂ ਨੂੰ ਆਪਣੇ ਵਿਕਾਸ ਲਈ ਲੰਬੇ ਸਮੇਂ ਦੀਆਂ ਯੋਜਨਾਵਾਂ ਬਣਾਉਣ ਲਈ ਕਿਹਾ। ਹਰੇਕ ਰਾਜ ਆਪਣੇ ਸਰੋਤਾਂ, ਸੱਭਿਆਚਾਰ ਅਤੇ ਜ਼ਰੂਰਤਾਂ ਦੇ ਆਧਾਰ 'ਤੇ ਇੱਕ ਬਲੂਪ੍ਰਿੰਟ ਤਿਆਰ ਕਰੇਗਾ, ਜੋ 'ਵਿਕਸਤ ਭਾਰਤ 2047' ਦੇ ਟੀਚੇ ਨੂੰ ਪ੍ਰਾਪਤ ਕਰਨ ਵਿਚ ਮਦਦ ਕਰੇਗਾ। (6) ਪ੍ਰਧਾਨ ਮੰਤਰੀ ਨੇ ਸਹਿਕਾਰੀ ਸੰਘਵਾਦ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਵਿਕਾਸ ਦੀ ਗਤੀ ਨੂੰ ਹੋਰ ਤੇਜ਼ ਕਰਨ ਲਈ ਮਿਲ ਕੇ ਕੰਮ ਕਰਨਗੇ। ਇਹ ਮੀਟਿੰਗ ਇਸ ਦਿਸ਼ਾ ਵਿਚ ਵੱਡਾ ਕਦਮ ਸੀ। ਸਾਨੂੰ ਟੀਮ ਇੰਡੀਆ ਵਾਂਗ ਕੰਮ ਕਰਨਾ ਪਵੇਗਾ। (7) ਨੀਤੀ ਆਯੋਗ ਦੇ ਸੀਈਓ ਨੇ ਕਿਹਾ ਕਿ ਮੀਟਿੰਗ ਵਿਚ ਇੱਕ ਸਕਾਰਾਤਮਕ ਮਾਹੌਲ ਸੀ। ਰਾਜਾਂ ਨੇ ਆਪਣੇ ਅਨੁਭਵ, ਚੁਣੌਤੀਆਂ ਅਤੇ ਸਫਲਤਾਵਾਂ ਸਾਂਝੀਆਂ ਕੀਤੀਆਂ, ਇੱਕ ਦੂਜੇ ਤੋਂ ਸਿੱਖਣ ਦਾ ਮੌਕਾ ਪ੍ਰਦਾਨ ਕੀਤਾ। (8) ਹਾਲਾਂਕਿ 5 ਰਾਜ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ, ਪਰ ਨੀਤੀ ਆਯੋਗ ਨੇ ਸਪੱਸ਼ਟ ਕੀਤਾ ਕਿ ਇਨ੍ਹਾਂ ਰਾਜਾਂ ਨੇ ਆਪਣੀ ਗੈਰਹਾਜ਼ਰੀ ਬਾਰੇ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ। ਇਨ੍ਹਾਂ ਰਾਜਾਂ ਨਾਲ ਵੱਖਰੀ ਗੱਲਬਾਤ ਕੀਤੀ ਜਾਵੇਗੀ। (9) ਮੀਟਿੰਗ ਵਿਚ ਆਰਥਿਕ ਵਿਕਾਸ, ਨਿਵੇਸ਼ ਅਤੇ ਨੌਕਰੀਆਂ ਦੀ ਸਿਰਜਣਾ ਬਾਰੇ ਵੀ ਚਰਚਾ ਕੀਤੀ ਗਈ। (10) ਰਾਜਾਂ ਨੂੰ ਨਿਵੇਸ਼ ਆਕਰਸ਼ਿਤ ਕਰਨ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਵੇਂ ਸੁਝਾਅ ਦਿੱਤੇ ਗਏ। (11) ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਰੁਜ਼ਗਾਰ ਪੈਦਾ ਕਰਨ ਲਈ ਨੀਤੀਗਤ ਰੁਕਾਵਟਾਂ ਨੂੰ ਦੂਰ ਕਰਨ ਲਈ ਕਿਹਾ ਗਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਅਤੇ ਰਾਜ ਟੀਮ ਇੰਡੀਆ ਵਾਂਗ ਮਿਲ ਕੇ ਕੰਮ ਕਰਦੇ ਹਨ, ਤਾਂ ਕੋਈ ਵੀ ਟੀਚਾ ਅਸੰਭਵ ਨਹੀਂ ਹੈ। ਕੁੱਲ ਮਿਲਾ ਕੇ, ਨੀਤੀ ਆਯੋਗ ਦੀ ਸਰਵਉੱਚ ਸੰਸਥਾ, ਕੌਂਸਲ ਵਿਚ ਸਾਰੇ ਰਾਜਾਂ ਦੇ ਮੁੱਖ ਮੰਤਰੀ, ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਉਪ ਰਾਜਪਾਲ ਅਤੇ ਕਈ ਕੇਂਦਰੀ ਮੰਤਰੀ ਸ਼ਾਮਲ ਹਨ। ਪ੍ਰਧਾਨ ਮੰਤਰੀ ਨੀਤੀ ਆਯੋਗ ਦੇ ਚੇਅਰਮੈਨ ਹਨ। ਇਸ ਮੀਟਿੰਗ ਵਿਚ, ਪ੍ਰਧਾਨ ਮੰਤਰੀ ਨੇ ਕਿਹਾ, 'ਸਾਡਾ ਉਦੇਸ਼ ਹਰ ਰਾਜ ਨੂੰ ਵਿਕਸਤ ਕਰਨਾ, ਹਰ ਸ਼ਹਿਰ ਨੂੰ ਵਿਕਸਤ ਕਰਨਾ, ਹਰ ਨਗਰਪਾਲਿਕਾ ਨੂੰ ਵਿਕਸਤ ਕਰਨਾ ਅਤੇ ਹਰ ਪਿੰਡ ਨੂੰ ਵਿਕਸਤ ਕਰਨਾ ਹੋਣਾ ਚਾਹੀਦਾ ਹੈ।' ਜੇਕਰ ਅਸੀਂ ਇਨ੍ਹਾਂ ਲੀਹਾਂ 'ਤੇ ਕੰਮ ਕਰਦੇ ਹਾਂ, ਤਾਂ ਸਾਨੂੰ ਵਿਕਸਤ ਭਾਰਤ ਬਣਨ ਲਈ 2047 ਤੱਕ ਇੰਤਜ਼ਾਰ ਨਹੀਂ ਕਰਨਾ ਪਵੇਗਾ। ਆਪ੍ਰੇਸ਼ਨ ਸਿੰਦੂਰ ਤੋਂ ਬਾਅਦ, ਇਹ ਸਾਰੇ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਲੈਫਟੀਨੈਂਟ ਗਵਰਨਰਾਂ ਨਾਲ ਪ੍ਰਧਾਨ ਮੰਤਰੀ ਦੀ ਪਹਿਲੀ ਵੱਡੀ ਮੀਟਿੰਗ ਸੀ, ਜਿਸ ਵਿਚ ਸਾਰਿਆਂ ਨੇ ਪ੍ਰਧਾਨ ਮੰਤਰੀ ਦਾ ਖਾਸ ਕਰਕੇ ਵਿਰੋਧੀ ਧਿਰ ਦੇ ਮੁੱਖ ਮੰਤਰੀ ਨਾਲ ਮਜ਼ਬੂਤ ਸਬੰਧ ਦੇਖਿਆ।

ਇਸ ਲਈ, ਜੇਕਰ ਅਸੀਂ ਉਪਰੋਕਤ ਵਾਤਾਵਰਣ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਨੀਤੀ ਆਯੋਗ ਦੀ 10ਵੀਂ ਕਾਰਜ ਪ੍ਰੀਸ਼ਦ ਨੇ ਵਿਜ਼ਨ ਵਿਕਸਤ ਭਾਰਤ 2047 ਦਾ ਬਲੂਪ੍ਰਿੰਟ ਤਿਆਰ ਕੀਤਾ ਹੈ - 36 ਵਿਚੋਂ 31 ਰਾਜ ਇੱਕ ਮਜ਼ਬੂਤ ਅਨੁਕੂਲ ਮੌਜੂਦਗੀ ਵਿਚ ਸਨ – ਪ੍ਰਧਾਨ ਮੰਤਰੀ ਅਤੇ ਵਿਰੋਧੀ ਮੁੱਖ ਮੰਤਰੀਆਂ ਨੇ ਇੱਕ ਮਜ਼ਬੂਤ ਸਬੰਧ ਦਿਖਾਇਆ। ਵਿਰੋਧੀ ਮੁੱਖ ਮੰਤਰੀਆਂ ਅਤੇ ਪ੍ਰਧਾਨ ਮੰਤਰੀ ਦੀ ਮਜ਼ਬੂਤ ਟਿਊਨਿੰਗ ਦੇਖ ਕੇ ਦੁਨੀਆ ਹੈਰਾਨ ਹੈ। ਮੇਰਾ ਦਾਅਵਾ ਹੈ ਕਿ ਵਿਜ਼ਨ 2047 ਸਮੇਂ ਤੋਂ ਪਹਿਲਾਂ ਆਪਣਾ ਟੀਚਾ ਪ੍ਰਾਪਤ ਕਰ ਲਵੇਗਾ।

# ਨਿੱਤਨੇਮੀ ਦਲਬੀਰ ਸਿੰਘ ਭਲਵਾਨ

ਜਵਾਨੀ ਅਮਰਵੇਲ ਵਾਂਙ ਆਈ...ਕਦ ਸਵਾ ਛੇ ਫੁੱਟ ਤੀਕਰ ਜਾ ਅੱਪੜਿਆ...ਰਜਿੰਦਰਾ ਕਾਲਜ ਪਟਿਆਲਾ ਮੈਡੀਕਲ ਲਾਈਨ ਦਾ ਕੋਰਸ...ਦਾਖਲਾ ਰੱਦ ਹੋ ਗਿਆ...ਫੇਰ ਅਲੀਗੜ ਮੁਸਲਿਮ ਯੂਨੀਵਰਸਿਟੀ...ਓਥੇ ਵੀ ਗੱਲ ਨਾ ਬਣੀ...ਅਖੀਰ ਢਹਿੰਦੀ ਕਲਾ...ਨਸ਼ਿਆਂ ਵਾਲੇ ਪਾਸੇ ਨੂੰ ਹੋ ਤੁਰਿਆ...ਘਰਦੇ ਘਬਰਾ ਗਏ...ਜਰਮਨੀ ਘਲ ਦਿੱਤਾ...ਇਥੇ ਵੀ ਲੇਖਾਂ ਵਿਚ ਠਹਿਰਾਅ ਨਹੀਂ ਸੀ ਲਿਖਿਆ...ਡਿਪੋਰਟ ਹੋ ਗਿਆ...!

ਹਰਪ੍ਰੀਤ ਸਿੰਘ ਜਵੰਦਾ

ਜਵਾਨ-ਜਹਾਨ ਉੱਚੀ ਲੰਮੀ ਕਾਠੀ...ਪਹੇਵੇ ਲਾਗੇ 'ਗੜੀ ਲਾਂਘਰੀ' ਪਿੰਡ ਦਾ ਆਮ ਜਿਹਾ ਟੱਬਰ...ਭਾਰੀ ਸ਼ਸ਼ੋਪੰਝ ਵਿਚ...ਹੁਣ ਇਸਨੂੰ ਕਿਥੇ ਘਲੀਏ ਅਤੇ ਕਿਸਦੇ ਲੜ ਲੇਖੇ ਲਾਈਏ?

ਮਹਾਰਾਸ਼ਟਰ ਦੇ ਅਕੋਲਾ ਸ਼ਹਿਰ...ਕਿਸੇ ਰਿਸ਼ਤੇਦਾਰ ਦੇ ਹੋਟਲ ਘੱਲ ਦਿੱਤਾ...ਪਰ ਇਥੇ ਵੀ ਮਨ ਅੰਦਰ ਟਿਕਾਅ ਨਹੀਂ...ਸਾਰਾ ਦਿਨ ਬਾਹਰ ਸੜਕ ਕੰਢੇ ਬੈਠ ਲੰਘਦੀ ਦੁਨੀਆ ਵੇਖਦਾ ਰਹਿੰਦਾ...!

ਫੇਰ ਇੱਕ ਦਿਨ ਕੇਸਰੀ ਪੱਗਾਂ ਦਾਹੜੀਆਂ ਵਾਲਿਆਂ ਨਾਲ ਭਰਿਆ ਟਰੱਕ ਹੋਟਲ ਸ੍ਹਾਮਣੇ ਆਣ ਖਲੋਤਾ...ਇਹ ਪਾਣੀ ਪੀਂਦਿਆਂ ਨੂੰ ਪੁੱਛਣ ਲੱਗਾ...ਕਿਧਰੋਂ ਆਏ ਓ ਤੇ ਕਿੱਧਰ ਨੂੰ ਚੱਲੇ ਓ...?

ਆਖਣ ਲੱਗੇ ਪੰਜਾਬੋਂ ਆਏ ਹਾਂ ਤੇ ਹਜੂਰ ਸਾਹਿਬ ਚੱਲੇ ਦਰਸ਼ਨ ਕਰਨ...ਕਦੇ ਨਾਮ ਨਹੀਂ ਸੀ ਸੁਣਿਆ...ਪੁੱਛਣ ਲੱਗਾ ਕਿਹੜਾ ਹਜੂਰ ਸਾਹਿਬ?

ਕਈਆਂ ਨੂੰ ਦੁੱਖ ਤੇ ਕਈਆਂ ਨੂੰ ਇਸ'ਤੇ ਕਹਿਰ ਚੜ੍ਹ ਆਇਆ...ਦੀਨ ਦੁਨੀਆ ਦਾ ਮਾਲਕ...ਸਰਬੰਸ ਦਾਨੀ ਦੀ ਧਰਤ...ਤੇ ਬਦਕਿਸਮਤ ਪੁੱਛ ਰਿਹਾ ਕਿਹੜਾ ਹਜ਼ੂਰ ਸਾਹਿਬ!

ਜਥਾ ਭਟਕਿਆ ਸਮਝ...ਬਗੈਰ ਜੁਆਬ ਦਿੱਤੇ ਹੀ ਓਥੋਂ ਤੁਰਨ ਲੱਗਾ ਤਾਂ ਇਸਦੇ ਅੰਦਰ ਕਾਹਲੀ ਜਿਹੀ ਪਈ...ਅਰਜੋਈ ਕਰਨ ਲੱਗਾ...ਮੈਨੂੰ ਵੀ ਨਾਲ ਲੈ ਚੱਲੋ...!

ਪਤਿਤ ਸਰੂਪ ਅਤੇ ਅਜੀਬ ਜਿਹੀ ਭ੍ਰਿਸ਼ਟੀ ਹੋਈ ਦਿੱਖ...ਕੋਈ ਹਾਂ ਨਾ ਕਰੇ...ਅਖੀਰ ਇੱਕ ਬਾਬੇ ਜੀ ਨੇ ਪਹਿਲ ਕੀਤੀ...ਆਖਣ ਲੱਗੇ ਆਜਾ ਗੁਰਮੁਖਾ ਸ਼ਾਇਦ ਤੇਰੇ 'ਤੇ ਵੀ ਮੇਹਰ ਹੋ ਜਾਵੇ...!

ਨੰਦੇੜ ਸਾਹਿਬ ਦੀ ਧਰਤੀ...ਇੱਕ ਦੋ ਦਿਨ ਫਿਰ-ਤੁਰ ਕੇ ਸਾਰਾ ਇਲਾਕਾ ਤੱਕ ਵੇਖ ਲਿਆ...ਇੰਝ ਮਹਿਸੂਸ ਹੋਇਆ ਜਿੱਦਾਂ ਕਿਸੇ ਆਪਣੇ ਦੀ ਬੁੱਕਲ ਵਿਚ ਪਨਾਹ ਮਿਲ ਗਈ ਹੋਵੇ...!

ਇੱਕ ਦਿਨ ਕਾਰ ਸੇਵਾ ਵਾਲੇ ਸਿੰਘ ਕਮਾਨੀਆਂ ਸਿਧੀਆਂ ਕਰ ਰਹੇ ਸਨ...ਆਖਣ ਲੱਗਾ ਮੈਨੂੰ ਵੀ ਆਪਣੇ ਨਾਲ ਲਾ ਲਵੋ...!

ਪਤਿਤ ਸਰੂਪ...ਕਿਸੇ ਵੀ ਹੁੰਗਾਰਾ ਨਾ ਭਰਿਆ...ਪਰ ਖਹਿੜੇ ਪੈ ਗਿਆ...ਇੱਕ ਵੇਰ ਸੇਵਾ ਦਾ ਮੌਕਾ ਬਖਸ਼ੋ!

ਮਗਰੋਂ ਲਾਹੁਣ ਲਈ ਸ਼ਰਤ ਰੱਖ ਦਿੱਤੀ...ਅੰਮ੍ਰਿਤ ਛਕਣਾ ਪੈਣਾ...!

ਝੱਟ ਰਾਜੀ ਹੋ ਗਿਆ...ਕਿਸੇ ਕੀਮਤ 'ਤੇ ਵੀ ਦਸਮ ਪਿਤਾ ਦੀ ਛੋਹ ਪ੍ਰਾਪਤ ਤਲਿੱਸਮੀ ਭੋਏਂ ਨਹੀਂ ਸੀ ਛੱਡਣਾ ਚਾਹੁੰਦਾ...!

ਇਹ ਘਟਨਾ-ਕਰਮ ਕਾਰ ਸੇਵਾ ਵਾਲੇ ਬਾਬਾ ਸ਼ੀਸ਼ਾ ਸਿੰਘ ਤੀਕਰ ਵੀ ਜਾ ਅੱਪੜਿਆ...ਉਨ੍ਹਾਂ ਗੁਰੂਦੁਆਰਾ ਸ਼ਿਕਾਰ ਘਾਟ ਘੱਲ ਦਿੱਤਾ...!

ਹੁਣ ਨਸ਼ੇ ਦੀ ਤੋਟ ਲੱਗਦੀ ਤਾਂ ਬਿਨ ਪਾਣੀਓਂ ਮੱਛੀ ਵਾਂਙ ਤੜਪ ਉੱਠਦਾ...ਨਾਲਦੇ ਹਸਪਤਾਲ ਲੈ ਗਏ...ਡਾਕਟਰ ਦੋ ਟੀਕੇ ਲਾਤੇ...ਤਾਂ ਵੀ ਨੀਂਦਰ ਨਾ ਆਈ...ਆਖਿਆ ਤੀਜਾ ਵੀ ਲਾ ਦਿਓ...ਥੋੜਾ ਚੈਨ ਕਰਾਰ ਆ ਜਾਵੇ...ਤੀਜਾ ਵੀ ਲਾ ਦਿੱਤਾ ਅਤੇ ਪੈਰਾਂ ਨਾਲ ਇੱਟਾਂ ਬੰਨ ਲੰਮੇ ਪਾ ਦਿੱਤਾ...ਦੁੱਖਦੀਆਂ ਮਾਸ ਪੇਸ਼ੀਆਂ ਨੂੰ ਸੁਕੂਨ ਆ ਗਿਆ!

ਇੱਕ ਦਿਨ ਉਭੜ ਵਾਹੇ ਉੱਠ ਕਮੀਜ-ਪਜਾਮਾ ਲਾਹ ਦਿੱਤਾ...ਅਖ਼ੇ ਮੈਨੂੰ ਬੋਰੀਆਂ ਦਾ ਇੱਕ ਝੱਗਾ ਸਿਓਂ ਦਿਓ...ਮੈਂ ਅੱਗੋਂ ਤੋਂ ਓਹੀ ਪਾਉਣਾ ਕਰਨਾ...!

ਆਖਣ ਲੱਗੇ ਕਮਲਿਆ ਏਨੀ ਗਰਮੀ ਅਤੇ ਹੁੰਮਸ...ਤੂੰ ਸਣੇ ਬੋਰੀ ਪਿੱਘਲ ਜਾਣਾ...!

ਆਖਣ ਲੱਗਾ ਮੈਨੂੰ ਦਸਮ ਪਿਤਾ ਜੀ ਹੁਕਮ ਕਰ ਕੇ ਗਏ...ਮੈਂ ਭਾਣੇ ਅੰਦਰ ਰਹਿ ਕੇ ਸਭ ਕੁਝ ਸਹਿਣਾ...ਸਿੱਖਿਆ ਕਰਨਾ!

ਏਨੇ ਨੂੰ ਪੰਜਾਬੋਂ ਗਏ ਸੰਤਾਂ ਦੀ ਨਜਰ ਇਸ'ਤੇ ਪੈ ਗਈ...ਕੋਲ ਬੁਲਾਇਆ...ਉਰਾਂ ਹੋ ਸਿੰਘਾਂ...ਸਰੀਰ ਤੇ ਏਡੇ ਉੱਚੇ-ਲੰਮੇ ਕਮਾਏ...ਜੇ ਕਿਧਰੇ ਕੌਮ ਨੂੰ ਲੋੜ ਪੈ ਗਈ ਤਾਂ ਕਥਨੀ ਕਰਨੀ ਤੇ ਪੂਰੇ ਉੱਤਰ ਸਕੋਗੇ...?

ਸਵਾਲ ਸੰਖੇਪ ਸੀ ਪਰ ਚੇਹਰੇ 'ਤੇ ਆਇਆ ਸਵਾਲੀਆ ਨਿਸ਼ਾਨ ਕਾਫੀ ਵੱਡਾ...!

ਅੱਗਿਓਂ ਆਖਣ ਲੱਗਾ ਕੇਰਾਂ ਹੁਕਮ ਤਾਂ ਕਰਕੇ ਵੇਖਿਓ ਸੰਤ ਜੀ...ਅਖੀਰ ਤੀਕਰ ਬਚਨ ਪੁਗਾਵਾਂਗੇ...!

ਉਭਰ ਆਇਆ ਸਵਾਲੀਆ ਨਿਸ਼ਾਨ ਹੁਣ ਤਸੱਲੀ ਭਾਵ ਦੀ ਮੁਸਕੁਰਾਹਟ ਵਿਚ ਬਦਲ ਗਿਆ...ਬਾਹੋਂ ਫੜ ਖਿੱਚ ਹਿੱਕ ਨਾਲ ਲਾ ਲਿਆ ਤੇ ਪੂਰਾ ਅਬਚਲ ਨਗਰ ਜੈਕਾਰਿਆਂ ਨਾਲ ਗੂੰਝ ਉੱਠਿਆ!

ਫੇਰ ਦਸੰਬਰ ਤ੍ਰਿਆਸੀ ਨੂੰ ਵਾਕਿਆ ਹੀ ਹੁਕਮ ਹੋ ਗਿਆ...ਅੰਮ੍ਰਿਤਸਰੋਂ ਅਵਾਜ ਪੈ ਗਈ...ਪਰਾ ਵਿਚ ਬੈਠੇ ਨੂੰ ਸਾਰੇ ਪਾਸਿਓਂ ਮਖੌਲ ਹੋਣੇ ਸ਼ੁਰੂ ਹੋ ਗਏ...ਗੁਰਮੁਖਾ ਚੱਲ ਆ ਗਈ ਪਰਖ ਦੀ ਘੜੀ...ਹੁਣ ਵੇਖਦੇ ਹਾਂ ਕੀਤੇ ਕੌਲ ਕਰਾਰਾਂ ਤੇ ਕਿੰਨਾ ਕੂ ਪੂਰਾ ਉੱਤਰਦਾ...!

ਕਿਸੇ ਲਕੀਰ ਵਾਹ ਦਿੱਤੀ...ਘਰ ਬਾਹਰ ਸਗੇ-ਸਬੰਧੀ ਧੀਆਂ-ਪੁੱਤਰ ਜਾਇਦਾਤਾਂ ਅਤੇ ਸੁਖ ਸਹੂਲਤਾਂ ਛੱਡ ਸਕਣ ਵਾਲੇ ਹੀ ਲਕੀਰ ਤੋਂ ਦੂਜੇ ਪਾਰ ਹੋ ਜਾਵੋ...ਸਭ ਤੋਂ ਪਹਿਲੋਂ ਲਕੀਰ ਇਸੇ ਨੇ ਹੀ ਟੱਪੀ!

ਫੇਰ ਛੇ ਜੂਨ ਦੁਪਹਿਰ ਤੀਕਰ ਲੰਗਰ ਇਮਾਰਤ ਅਤੇ ਝੰਡੇ ਬੁੰਗਿਆਂ ਤੇ ਜੋ ਕੁਝ ਹੋਇਆ ਵਾਪਰਿਆ...ਕਿਸੇ ਤੋਂ ਲੁਕਿਆ ਨਹੀਂ...ਬਕੌਲ ਖਾਲੜਾ ਜੀ...ਸ਼ਹੀਦੀ ਦਾਤ ਹਰੇਕ ਦੀ ਝੋਲੀ ਨਹੀਂ ਪੈਂਦੀ...ਇਹ ਸਿੰਘ ਵੀ ਇਸ ਦਾਤ ਤੋਂ ਵਾਂਝਿਆ ਰਹਿ ਗਿਆ!

ਛੇ ਜੂਨ ਸ਼ਾਮੀਂ ਕਿੰਨੇ ਸਾਰੇ ਸਿੰਘ ਬਾਬੇ ਦੀਪ ਸਿੰਘ ਦੀ ਬਾਹੀ ਕੋਲ ਬਾਹਾਂ ਬੰਨ ਬਿਠਾਏ ਹੋਏ ਸਨ...ਰਾਤ ਇਸੇ ਤਰ੍ਹਾਂ ਲੰਘੀ...ਫੇਰ ਅਗਲੀ ਸੁਵੇਰ ਕੋਈ ਦਸ ਕੁ ਵਜੇ ਇੱਕ ਵੱਡਾ ਸ਼ਹਿਰੀ ਕਾਰੋਬਾਰੀ ਵਰਗ ਦਰਸ਼ਨੀ ਡਿਓੜੀ ਤੋਂ ਕੜਾਹ ਪੂੜੀਆਂ ਲੱਡੂਆਂ ਦਾ ਲੰਗਰ ਵਰਤਾਉਂਦਾ ਇਸ ਬਾਹੀ ਤੀਕਰ ਆਣ ਅੱਪੜਿਆ...!

ਇਨ੍ਹਾਂ ਸਿੰਘਾਂ ਦੇ ਪਹਿਰੇ 'ਤੇ ਖਲੋਤੇ ਕਮਾਂਡਰ ਨੂੰ ਉਚੇਚੀ ਸਿਗਰਟਾਂ ਦੀ ਡੱਬੀ ਫੜਾਈ...ਉਸਨੇ ਹੰਕਾਰੇ ਹੋਏ ਅੰਦਾਜ ਨਾਲ ਇੱਕ ਸੁਲਘਾਉਣੀ ਸ਼ੁਰੂ ਕਰ ਦਿੱਤੀ...ਜਿਸ ਵਾਤਾਵਰਨ ਵਿਚ ਕਦੇ ਪਵਿੱਤਰ ਗੁਰਬਾਣੀ ਦੀਆਂ ਧੁੰਨਾਂ ਵਾਸ ਕਰਿਆ ਕਰਦੀਆਂ ਸਨ ਅੱਜ ਓਥੇ ਸਿਗਰਟ ਦੇ ਧੂੰਏਂ ਦੇ ਕਸ਼ ਕਈਆਂ ਬੇਬਸ ਜਮੀਰਾਂ ਨੂੰ ਸ਼ਰੇਆਮ ਵੰਗਾਰ ਰਹੇ ਸਨ...!

ਭੁੱਖ-ਪਿਆਸ ਉਨੀਂਦਰੇ ਗਰਮੀ ਤਸ਼ੱਦਤ ਦੇ ਭੰਨੇ ਹੋਏ ਇਸ ਸਿੰਘ ਦੇ ਅੰਦਰ ਰਣਜੀਤ ਨਗਾਰਾ ਵੱਜ ਉੱਠਿਆ...ਤਪੇ ਹੋਏ ਸੰਗਮਰਮਰ ਨਾਲ ਝੁਲਸਿਆ ਸਰੀਰ...ਤਾਂ ਵੀ ਕਿਸੇ ਤਰ੍ਹਾਂ ਉੱਠ ਖਲੋਤਾ...ਠੀਕ ਓਦਾਂ ਜਿੱਦਾਂ ਕਦੇ ਸਣ ਦੇ ਵਸਤਰ ਮੰਗਣ ਵੇਲੇ ਉੱਠਿਆ ਸੀ...!

ਕਮਾਂਡਰ ਨੂੰ ਹਿੰਦੀ ਹਰਿਆਣਵੀ ਲਹਿਜੇ ਵਿਚ ਵੰਗਾਰਿਆ...'ਤੁੰਮ ਯਹਾਂ ਪਰ ਸਿਗਰਟ ਨਹੀਂ ਝੁਲਸਾ ਸਕਤੇ...ਯੇ ਗੁਰੂ ਕਾ ਅਸਥਾਨ ਹੈ'

ਕਮਾਂਡਰ ਨੇ ਉੱਪਰੋਂ-ਥੱਲੇ ਤੀਕ ਗਹੁ ਨਾਲ ਵੇਖਿਆ...ਫੇਰ ਕਾਹਲੀ ਨਾਲ ਇੱਕ ਦੋ ਕਸ਼ ਅੰਦਰ ਸਿੱਟੇ ਤੇ ਬਾਕੀ ਦੀ ਰਹਿੰਦੀ ਬੂਟ ਹੇਠ ਮਸਲਦਾ ਹੋਇਆ ਆਖਣ ਲੱਗਾ...'ਰੱਸੀ ਜਲ ਗਈ ਪਰ ਬਲ ਨਹੀਂ ਗਿਆ...'

ਫੇਰ ਅਗਲੇ ਹੀ ਪਲ ਵਕਤੀ ਤੌਰ 'ਤੇ ਸ਼ਾਂਤ ਹੋ ਗਏ ਮਾਹੌਲ ਅੰਦਰ ਕਿੰਨੀਆਂ ਸਾਰੀਆਂ ਗੋਲੀਆਂ ਇੱਕੋ ਵੇਰ ਚੱਲੀਆਂ ਅਤੇ ਕਦੇ ਦੀ ਤਤਪਰ ਇਕ ਭਟਕਦੀ ਹੋਈ ਰੂਹ ਧੁਰ ਅਸਮਾਨੇ ਜਾ ਲੱਗੀ ਅਤੇ ਰੱਤ ਭਿੱਜਿਆ ਨਿਰਜਿੰਦ ਕਲਬੂਤ ਭੋਏਂ ਕਾਲ ਤੇ ਆਣ ਡਿੱਗਾ...!

ਦਲਬੀਰ ਸਿੰਘ ਭਲਵਾਨ ਕਰਕੇ ਜਾਣਿਆਂ ਜਾਂਦਾ ਇਹ ਨਿੱਤਨੇਮੀ...ਜਿਸ ਨੂੰ ਨਸ਼ੇ ਦੀ ਗ੍ਰਿਫਤ ਵਿਚ ਆਏ ਨੂੰ ਵੇਖ ਘਰਦੇ ਕੁਰਲਾ ਉੱਠਿਆ ਕਰਦੇ ਕਿ ਇਸਨੂੰ ਕਿਸ ਦੇ ਲੜ-ਲੇਖੇ ਲਾਈਏ...ਅੱਜ ਹਕੀਕੀ ਤੌਰ 'ਤੇ ਲੇਖੇ ਲੱਗ ਗਿਆ ਸੀ!

***(ਧੰਨਵਾਦ ਸਾਹਿਤ: ਭਾਈ ਭਗਵਾਨ ਸਿੰਘ ਕਾਰ ਸੇਵਾ ਵਲੋਂ ਦਿੱਤੀ ਜਾਣਕਾਰੀ ਮੁਤਾਬਿਕ)***

# ਮਿੱਤਰਾਂ ਦੀ ਯਾਦ ਪਿਆਰੀ

ਜਦੋਂ ਪੰਜਾਬ ਵਿਚ ਪੀਲੀ ਦਹਿਸ਼ਤ ਦਾ ਦੌਰ ਸੀ, ਉਦੋਂ ਮੇਰੀ ਉਮਰ ਪੰਦਰਾਂ-ਸੋਲਾਂ ਸਾਲ ਸੀ। ਕਾਲਜ ਦੀ ਪੜ੍ਹਾਈ ਸ਼ੁਰੂ ਕੀਤੀ ਹੀ ਸੀ। ਬਠਿੰਡੇ ਰਾਜਿੰਦਰਾ ਕਾਲਜ ਵਿਚ ਪੜ੍ਹਦਾ ਸਾਂ। ਬਾਪੂ ਅਤੇ ਮਾਂ ਘੋਲੀਆਂ ਕਲਾਂ ਰਹਿੰਦੇ ਸਨ, ਮੈਂ ਆਪਣੀ ਪਾਲਣਹਾਰ ਮਾਂ ਅਤੇ ਮਾਂ ਵਰਗੀ ਵੱਡੀ ਭੈਣ ਕੋਲ ਬਠਿੰਡੇ। ਜਨਮ ਵੀ ਮੇਰਾ ਇਥੇ ਬਠਿੰਡੇ ਹੀ ਹੋਇਆ। ਪੰਜਵੀਂ ਤੱਕ ਦੀ ਪੜ੍ਹਾਈ ਵੀ ਬਠਿੰਡੇ ਹੀ ਕੀਤੀ, ਛੇਵੀਂ ਜਮਾਤ ਤੋਂ ਲੈ ਕੇ ਦਸਵੀਂ ਤੱਕ ਘੋਲੀਆਂ ਕਲਾਂ ਪੜ੍ਹਿਆ, 1982 'ਚ ਫਿਰ ਬਠਿੰਡੇ ਆ ਕੇ ਪੜ੍ਹਨ ਲੱਗ ਪਿਆ।

ਘਰ ਵਿਚ ਅਸੀਂ ਤਿੰਨ ਹੀ ਜੀਅ ਸਾਂ; ਮਾਂ, ਭੈਣ ਅਤੇ ਮੈਂ। ਮੇਰਾ ਇਹ ਘਰ ਜਿਥੇ ਹੁਣ ਵੀ ਮੈਂ ਰਹਿੰਦਾ ਹਾਂ, ਰਾਜਿੰਦਰਾ ਕਾਲਜ ਦੀ ਪਿਛਲੀ ਕੰਧ ਨਾਲ ਲਗਦਾ ਹੈ। ਮੈਂ ਕਾਲਜ ਜਾਂਦਾ; ਭੈਣ ਬਠਿੰਡੇ ਦੇ ਨੇੜੇ ਮੰਡੀ ਗੋਨਿਆਣਾ

**ਅਮਰਦੀਪ ਗਿੱਲ**

ਦੇ ਭਾਈ ਆਸਾ ਸਿੰਘ ਗਰਲਜ਼ ਕਾਲਜ ਵਿਚ ਪੰਜਾਬੀ ਦੀ ਪ੍ਰਾਧਿਆਪਕਾ ਸੀ, ਉਹ ਵੀ ਨੌਕਰੀ ਕਰਨ ਚਲੀ ਜਾਂਦੀ। ਮਾਂ ਘਰੇ 'ਕੱਲੀ ਹੁੰਦੀ। ਉਨ੍ਹੀਂ ਦਿਨੀਂ ਸਾਡੀ ਇਸ ਏਕਤਾ ਕਾਲੋਨੀ ਵਿਚ ਵੈਸੇ ਵੀ ਦੋ-ਤਿੰਨ ਹੀ ਘਰ ਪਏ ਸਨ, ਬਾਕੀ ਸਾਰਾ ਥਾਂ ਛੋਟੀਆਂ-ਛੋਟੀਆਂ ਝਾੜੀਆਂ, ਪਹਾੜੀ ਕਿੱਕਰਾਂ ਅਤੇ ਲੋਕਾਂ ਦੇ ਸੁੱਟੇ ਗੰਦ ਨੇ ਮੱਲਿਆ ਹੋਇਆ ਸੀ।

ਭੈਣ ਤਾਂ ਦੋ ਤਿੰਨ ਵਜੇ ਤੱਕ ਆ ਜਾਂਦੀ, ਪਰ ਮੈਂ ਕੁਝ ਜ਼ਿਆਦਾ ਹੀ ਆਵਾਰਾ ਤੇ ਲਾਪਰਵਾਹ ਸਾਂ, ਮੈਂ ਰਾਤ ਨੂੰ ਨੌਂ-ਦੱਸ ਵਜੇ ਘਰ ਮੁੜਦਾ।

ਬੇਬੇ ਆਖਦੀ, 'ਪੁੱਤ ਐਨਾ ਨ੍ਹੇਰਾ ਨਾ ਕਰਿਆ ਕਰ, ਛੇਤੀ ਘਰੇ ਆ ਜਿਆ ਕਰ। ਵੇਲਾ ਮਾੜੈ। ਅਸੀਂ 'ਕੱਲੀਆਂ ਬੁੜੀਆਂ ਘਰੇ ਹੁੰਨੀਆਂ.. ਨੇੜੇ-ਤੇੜੇ ਕੋਈ ਘਰ ਵੀ ਹੈ ਨੀ।'

ਭਾਵੇਂ ਰਾਤ ਨੂੰ ਥੋੜੀ ਦੂਰ ਰਹਿੰਦਾ ਸਾਡਾ ਮਾਮਾ ਸਾਡੇ ਕੋਲ ਆ ਕੇ ਸੌਂਦਾ, ਪਰ ਦਹਿਸ਼ਤ ਦਾ ਮਾਹੌਲ ਉਵੇਂ ਹੀ ਰਹਿੰਦਾ, ਜਿਵੇਂ ਸਾਰੇ ਪੰਜਾਬ 'ਚ ਸੀ। ਅਸੀਂ ਸਾਰੇ ਖਾਮੋਸ਼ ਡਰ 'ਚ ਜਿਉਂਦੇ ਸਾਂ। ਵਕਤ ਦੀ ਨਜ਼ਾਕਤ ਨੂੰ ਦੇਖਦਿਆਂ ਮੈਂ ਉਨ੍ਹਾਂ ਦਿਨਾਂ 'ਚ ਪੱਗ ਬੰਨ੍ਹਦਾ ਸਾਂ। ਸਿਰ ਦੇ ਵਾਲ ਬਹੁਤ ਲੰਬੇ ਸਨ, ਦਾੜ੍ਹੀ ਵੀ ਲੰਬੀ ਹੋਣ ਲੱਗ ਪਈ ਸੀ। ਉਂਜ ਉਨ੍ਹਾਂ ਦਿਨਾਂ ਵਿਚ ਕਰਤਾਰੀ ਨੁਹਾਰ ਵੀ ਜਾਨ ਦੀ ਰਾਖੀ ਨਹੀਂ ਸੀ ਕਰਦੀ। ਮੋਨਿਆਂ ਨੂੰ ਅੱਤਵਾਦੀ ਮਾਰੀ ਜਾਂਦੇ ਸਨ ਅਤੇ ਪੱਗ ਵਾਲਿਆਂ ਨੂੰ ਪੁਲਿਸ; ਪਰ ਫਿਰ ਵੀ ਪੱਗ ਨਾਲ ਕੱਟੇ ਵਾਲਾਂ ਤੋਂ ਰਤਾ ਬਚਾਅ ਸੀ। ਮੈਂ ਪੱਗ ਉਂਜ ਛੇਵੀਂ-ਸੱਤਵੀਂ ਜਮਾਤ ਤੋਂ ਹੀ ਬੰਨ੍ਹਦਾ ਸੀ, ਪਰ ਡਰ ਕਰਕੇ 'ਸਿੱਖ' ਦੀ ਦਿੱਖ ਬਣਾ ਕੇ ਰੱਖਣ ਕਾਰਨ ਮੇਰੇ ਅੰਦਰਲਾ 'ਕਾਮਰੇਡ' ਮੈਨੂੰ ਝਾੜਾਂ ਪਾਉਂਦਾ। ਇਹ ਗੱਲ ਵੱਖਰੀ ਹੈ ਕਿ ਸਾਡੇ ਪੁਰਾਣੇ ਕਾਮਰੇਡ, ਕਾਮਰੇਡ ਘੱਟ ਅਤੇ ਸਿੱਖ ਬਹੁਤੇ ਰਹੇ ਹਨ, ਮੇਰਾ ਬਾਪੂ ਵੀ ਮੇਰੇ ਵਾਲ ਕਟਵਾਉਣ ਦੇ ਖਿਲਾਫ਼ ਸੀ। ਮੈਂ ਕਈ ਵਾਰ ਵਾਲ ਕਟਵਾਏ; ਕਈ ਵਾਰ ਰੱਖੇ।

ਆਪਣੀ ਲੰਬੀ ਦਾੜ੍ਹੀ ਤੇ ਪੱਗ ਕਰਕੇ ਮੈਨੂੰ ਕਈ ਵਾਰ ਪੰਜਾਬ ਪੁਲਿਸ ਅਤੇ ਸੀ.ਆਰ.ਪੀ. ਹੱਥੋਂ ਜ਼ਲੀਲ ਹੋਣਾ ਪਿਆ ਸੀ। ਮੈਨੂੰ ਪਟਿਆਲੇ ਯੂਨੀਵਰਸਿਟੀ ਵਿਚ ਕੋਈ ਕੰਮ ਸੀ। ਮੈਂ ਡਕਟਰ ਰਵਿੰਦਰ ਸਿੰਘ ਰਵੀ ਹੁਰਾਂ ਨੂੰ ਮਿਲਣ ਗਿਆ, ਪਰ ਉਹ ਉਸ ਦਿਨ ਛੁੱਟੀ 'ਤੇ ਸਨ। ਮੈਂ ਫ਼ੋਨ ਕਰਕੇ ਉਨ੍ਹਾਂ ਦੇ ਘਰ ਵੱਲ ਚੱਲ ਪਿਆ। ਯੂਨੀਵਰਸਿਟੀ ਦੇ ਗੇਟ 'ਤੇ ਆ ਕੇ ਮੈਂ ਸੋਚਿਆ ਕਿ ਚਲੋ ਭੂਆ ਜੀ ਬਲਜੀਤ ਬੱਲੀ ਨੂੰ ਮਿਲ ਜਾਂਦਾ ਹਾਂ। ਮੈਂ ਉਨ੍ਹਾਂ ਨੂੰ ਅਰਬਨ ਅਸਟੇਟ ਮਿਲਣ ਚਲੇ ਗਿਆ। ਜਦ ਉਨ੍ਹਾਂ ਦੇ ਘਰੋਂ ਨਿਕਲਣ ਲੱਗਿਆ ਤਾਂ ਬਹੁਤ ਤੇਜ਼ ਮੀਂਹ ਪੈਣ ਲੱਗ ਪਿਆ। ਭੂਆ ਜੀ ਨੇ ਮੈਨੂੰ ਛੋਟੀ-ਜਿਹੀ ਛੱਤਰੀ ਦੇ ਦਿੱਤੀ। ਮੈਂ ਉਨ੍ਹੀਂ ਦਿਨੀਂ ਕੁੜਤਾ-ਪਜਾਮਾ ਪਹਿਨਦਾ ਸਾਂ; ਪਜਾਮਾ ਵੀ ਝੋਲੀ ਵਾਲਾ ਤੰਗ ਮੂਹਰੀ ਦਾ; ਨੀਵਾਂ ਕੁੜਤਾ; ਸਿਰ 'ਤੇ ਪਟਿਆਲੇ ਸ਼ਾਹੀ ਪੱਗ, ਹਲਕੀ ਲੰਬੀ ਦਾੜ੍ਹੀ, ਲੰਮਾ ਕੱਦ, ਨਜ਼ਰ ਦੀਆਂ ਐਨਕਾਂ, ਮੋਢੇ ਤਣੀ ਵਾਲਾ ਝੋਲਾ, ਹੱਥ 'ਚ ਇਕ-ਦੋ ਅਖ਼ਬਾਰ। ਮੈਂ ਛੱਤਰੀ ਤਾਣ ਕੇ ਅਰਬਨ ਅਸਟੇਟ ਦੇ ਲੋਕਲ ਬੱਸ-ਸਟੈਂਡ ਤੱਕ ਪਹੁੰਚ ਗਿਆ। ਮੀਂਹ ਵੀ ਘੱਟ ਗਿਆ। ਮੈਂ ਛੱਤਰੀ ਬੰਦ ਕਰਕੇ ਝੋਲੇ ਵਿਚ ਪਾ ਲਈ ਅਤੇ ਝੋਲੇ 'ਚੋਂ ਪਰਨਾ ਕੱਢ ਕੇ ਮੋਢਿਆਂ 'ਤੋਂ ਦੀ ਬੁੱਕਲ-ਜਿਹੀ ਮਾਰ ਲਈ। ਉਥੋਂ ਬੱਸ ਫੜ ਕੇ ਮੈਂ ਰੇਲਵੇ ਸਟੇਸ਼ਨ ਆ ਗਿਆ। ਰੇਲਵੇ ਸਟੇਸ਼ਨ ਤੋਂ ਮੈਂ ਰਵੀ ਦੇ ਲਾਲ ਬਾਗ਼ ਵਾਲੇ ਘਰ ਤੱਕ ਜਾਣ ਲਈ ਥ੍ਰੀ-ਵੀਲ੍ਹਰ ਲੈ ਲਿਆ। ਥ੍ਰੀ-ਵੀਲ੍ਹਰ ਵਾਲਾ ਮੇਰੀ ਹੀ ਉਮਰ ਦਾ ਸਿੱਖ ਮੁੰਡਾ ਸੀ। ਉਹਨੇ ਪੈਂਟ, ਟੀ-ਸ਼ਰਟ ਨਾਲ ਸਿਰ ਰੰਗ ਘੁੰਗਰਾਲੀ ਦਾੜ੍ਹੀ। ਇਨ੍ਹਾਂ ਲੋਕਾਂ ਨੂੰ ਅਸੀਂ ਅਕਸਰ 'ਭਾਪੇ' ਕਹਿੰਦੇ ਹਾਂ। ਇਹ ਪਟਿਆਲੇ'ਚ ਬਹੁਤ ਨੇ।

ਸਾਡਾ ਥ੍ਰੀ-ਵੀਲ੍ਹਰ ਹਾਲੇ ਕੈਪੀਟਲ ਸਿਨੇਮੇ ਦੇ ਸਾਹਮਣੇ ਹੀ ਪੁੱਜਾ ਸੀ ਕਿ ਪਿਛੋਂ ਪੰਜਾਬ ਪੁਲਿਸ ਅਤੇ ਸੀ.ਆਰ.ਪੀ. ਦੀਆਂ ਦੋ ਗੱਡੀਆਂ ਨੇ ਆ ਕੇ ਸਾਨੂੰ ਰੋਕ ਲਿਆ। ਪਲਾਂ ਵਿਚ ਹੀ ਸੜਕ 'ਤੇ ਜਾਮ ਲੱਗ ਗਿਆ। ਦਰਜਨ ਦੇ ਕਰੀਬ ਬੰਦੂਕਾਂ ਸਾਡੇ ਦੁਆਲੇ ਤਣ ਗਈਆਂ। ਪੰਜਾਬ ਪੁਲਿਸ ਦੇ ਥਾਣੇਦਾਰ ਨੇ ਹੱਥ 'ਚ ਰਿਵਾਲਵਰ ਲੈ ਕੇ ਮੈਨੂੰ ਦਬਕਾ ਮਾਰਿਆ, 'ਹੱਥ ਉਪਰ, ਹੱਥ ਉਪਰ...ਬਾਹਰ ਨਿਕਲ...ਨਿਕਲ ਬਾਹਰ!'

ਮੈਨੂੰ ਕੁਝ ਸਮਝ ਨਾ ਆਈ ਮੈਂ ਡੌਰ-ਭੌਰ ਜਿਹਾ ਹੋਇਆ ਬਾਹਾਂ ਖੜ੍ਹੀਆਂ ਕਰਕੇ ਬਾਹਰ ਨਿਕਲਿਆ। ਥਾਣੇਦਾਰ ਨੇ ਰਿਵਾਲਵਰ ਤਾਣੀ ਰੱਖਿਆ ਅਤੇ ਖੱਬੇ ਹੱਥ ਨਾਲ ਮੇਰੇ ਝੋਲੇ'ਚੋਂ ਦਿਸਦਾ ਛੱਤਰੀ ਦਾ ਹੱਥ ਫੜ ਕੇ ਜ਼ੋਰ ਦੀ ਬਾਹਰ ਖਿੱਚ ਲਿਆ। ਛੱਤਰੀ ਵੇਖ ਕੇ ਥਾਣੇਦਾਰ ਕੱਚਾ-ਜਿਹਾ ਹੋ ਗਿਆ ਤੇ ਓਨੀ ਹੀ ਤੇਜ਼ੀ ਨਾਲ ਛੱਤਰੀ ਝੋਲੇ 'ਚ ਵਾਪਸ ਪਾਉਂਦਾ ਨਾਲ ਦੇ ਸਿਪਾਹੀਆਂ ਨੂੰ ਝਾੜ ਪਾਉਣ ਵਾਂਗ ਬੋਲਿਆ, 'ਉਏ ਇਹ ਤਾਂ ਛੱਤਰੀ ਐ! ਹੁੰਅ!'

ਮੈਨੂੰ ਉਦੋਂ ਗੱਲ ਸਮਝ ਆਈ ਕਿ ਦਰਅਸਲ ਇਹ ਲੋਕ ਮੇਰੀ ਛੱਤਰੀ ਨੂੰ ਏ.ਕੇ. ਸੰਤਾਲੀ ਸਮਝ ਕੇ ਸਟੇਸ਼ਨ ਤੋਂ ਮੇਰੇ ਪਿੱਛੇ ਲੱਗ ਗਏ ਸਨ। ਮੇਰਾ ਹਾਸਾ ਨਿਕਲ ਗਿਆ, ਤਾਂ ਥਾਣੇਦਾਰ ਹੋਰ ਚਿੜ੍ਹ ਗਿਆ। ਉਹ ਛਿੱਥਾ ਪੈਂਦਾ ਬੋਲਿਆ, 'ਸਾਡੀ ਡਿਊਟੀ ਐ! ਡਿਊਟੀ ਨ੍ਹੀਂ ਸਾਡੀ?'

ਮੈਂ ਸੋਚੀਂ ਪੈ ਗਿਆ ਕਿ ਹਾਂ ਤੁਹਾਡੀ ਡਿਊਟੀ ਹੈ ਛੱਤਰੀਆਂ ਨੂੰ ਏ.ਕੇ. ਸੰਤਾਲੀ ਬਣਾਉਣ ਦੀ। ਕਿਸੇ ਵੀ ਸਿੱਖ ਦਿੱਖ ਵਾਲੇ ਮੁੰਡੇ ਨੂੰ ਅੱਤਵਾਦੀ ਬਣਾ ਕੇ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰਨ ਦੀ।

ਮੈਂ ਜਦ ਥ੍ਰੀ-ਵੀਲ੍ਹਰ 'ਚ ਫਿਰ ਬੈਠਾ ਤਾਂ ਮੇਰਾ ਧਿਆਨ ਡਰਾਈਵਰ ਵੱਲ ਸੀ। ਉਹ ਮਾੜੂਆ-ਜਿਹਾ ਗ਼ਰੀਬ ਮੁੰਡਾ ਥਰ-ਥਰ ਕੰਬੀ ਜਾਂਦਾ ਸੀ। ਮੈਂ ਉਹਨੂੰ ਇਸ਼ਾਰੇ ਨਾਲ ਚੱਲਣ ਲਈ ਕਿਹਾ। ਉਹਨੇ ਥ੍ਰੀ-ਵੀਲ੍ਹਰ ਤੋਰ ਲਿਆ। ਮੈਂ ਚੁੱਪ ਤੋੜਨ ਲਈ ਹੱਸ ਕੇ ਉਹਦੀ ਪਿੱਠ'ਤੇ ਹੱਥ ਮਾਰਦਿਆਂ ਕਿਹਾ, 'ਕਿਵੇਂ, ਡਰ ਗਿਐਂ ਭਰਾ?'

'ਹਾਂਅ...ਭਾਅ ਜੀ...ਭਾਅ ਜੀ.. ਮੈਂ ਸੋਚਿਆ...ਤੈਂ ਚੋਂ...ਤੈਂ ਚੋਂ...ਅੱਜ ਤਾਂ ਮਰ'ਗੇ...ਖੌਰੇ ਭਾਅ ਜੀ ਕੌਣ ਹੋਨ!' ਉਹ ਹਾਲੇ ਵੀ ਆਪੇ ਵਿਚ ਨਹੀਂ ਸੀ ਆਇਆ। ਇੰਜ ਹੀ ਅਸੀਂ ਹਲਕੀਆਂ-ਫੁਲਕੀਆਂ ਗੱਲਾਂ ਕਰਦੇ ਰਵੀ ਦੀ ਕੋਠੀ ਪਹੁੰਚ ਗਏ। ਮੁੰਡੇ ਦੀ ਹਰ ਗੱਲ ਖਾਲਿਸਤਾਨ-ਪੱਖੀ ਸੀ। ਉਹ ਮੈਨੂੰ ਵੀ ਆਪਣੇ ਨਾਲ ਦਾ ਹੀ ਸਮਝ ਰਿਹਾ ਸੀ। ਪੁਲਿਸ ਦੀ ਕਾਰਵਾਈ ਤੇ ਮੇਰੀ ਦਿੱਖ ਨੇ ਉਹਦੀ ਧਾਰਨਾ ਹੋਰ ਵੀ ਪੱਕੀ ਕਰ ਦਿੱਤੀ ਸੀ। ਉਹਨੇ ਪੰਜਾਬ ਪੁਲਿਸ ਨੂੰ, ਹਿੰਦੂਆਂ ਨੂੰ, ਇੰਦਰਾ ਗਾਂਧੀ ਨੂੰ ਰੱਜ ਕੇ ਗਾਲ੍ਹਾਂ ਕੱਢੀਆਂ। ਮੈਂ ਦਸ ਮਿੰਟ ਦਾ ਇਹ ਸਫਰ ਮਸਾਂ ਤੈਅ ਕੀਤਾ। ਮੈਨੂੰ ਲੱਗਿਆ ਕਿ ਹੁਣ ਵੀ ਬੰਦੂਕਾਂ ਮੇਰੇ ਦੁਆਲੇ ਉਵੇਂ ਹੀ ਤਣੀਆਂ ਹੋਈਆਂ ਹਨ, ਬਸ ਹੱਥ ਹੀ ਬਦਲ ਗਏ ਹਨ।

ਰਵੀ ਹੁਰਾਂ ਨੂੰ ਜਦ ਮੈਂ ਸਾਰੀ ਗੱਲ ਦੱਸੀ, ਤਾਂ ਉਹ ਬਹੁਤ ਹੱਸੇ। ਉਹ ਬਾਅਦ ਵਿਚ ਕਿੰਨਾ ਹੀ ਚਿਰ ਮੈਨੂੰ 'ਖਾੜਕੂ' ਕਹਿ ਕੇ ਬੁਲਾਉਂਦੇ ਰਹੇ।

ਦਹਿਸ਼ਤਗਰਦੀ ਦੀ ਇਸ ਅੰਨ੍ਹੇਰੀ 'ਚ ਖੱਬੀ ਲਹਿਰ ਦੇ ਕਿੰਨੇ ਹੀ ਸਿਆਸੀ ਕਾਮੇ, ਕਵੀ, ਰੰਗਕਰਮੀ ਸਾਡੇ ਤੋਂ ਵਿਛੜ ਗਏ। ਇਨ੍ਹਾਂ 'ਚੋਂ ਬਹੁਤਿਆਂ ਨਾਲ ਮੇਰਾ ਜ਼ਾਤੀ ਰਿਸ਼ਤਾ ਸੀ। ਮੈਂ ਵਿਦਿਆਰਥੀ ਜੀਵਨ ਵਿਚ ਸਰਗਰਮ ਰਾਜਨੀਤੀ ਦਾ ਵੀ ਹਿੱਸਾ ਸਾਂ। ਨਾਟਕ ਵੀ ਕਰਦਾ ਸਾਂ, ਕਵਿਤਾ ਵੀ ਲਿਖਦਾ ਸਾਂ। ਮੈਂ ਕਾਲਜ ਸਮੇਂ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ (ਐਸ.ਐਫ.ਆਈ.) ਦਾ ਸਰਗਰਮ ਕਾਮਾ ਸਾਂ ਅਤੇ ਆਪਣੇ ਜ਼ਿਲ੍ਹੇ ਬਠਿੰਡੇ ਵਿਚ ਇਸ ਜਥੇਬੰਦੀ ਦਾ ਪਹਿਲਾ ਜ਼ਿਲ੍ਹਾ ਪ੍ਰਧਾਨ ਵੀ। ਮੈਂ ਸਾਰਾ ਕੁਝ ਉਹ ਹੀ ਕੀਤਾ, ਜੋ ਉਸ ਸਮੇਂ ਖੱਬੇ-ਪੱਖੀ ਵਿਦਿਆਰਥੀ ਜਥੇਬੰਦੀਆਂ ਦੇ ਕੁਲਵਕਤੀ ਕਾਮਿਆਂ ਨੂੰ ਕਰਨਾ ਹੁੰਦਾ ਸੀ। ਹੜਤਾਲਾਂ ਕੀਤੀਆਂ; ਮੁਜ਼ਾਹਰੇ ਕੀਤੇ, ਕਾਲਜ 'ਚ ਸਿੱਖ ਸਟੂਡੈਂਟਸ ਫੈਡਰੇਸ਼ਨੀਆਂ ਨਾਲ ਲੋਹਾ ਲਿਆ।

ਮੇਰਾ ਬਾਪੂ ਸੁਰਜੀਤ ਗਿੱਲ ਆਪਣੇ ਪੱਧਰ 'ਤੇ ਇਹ ਲੜਾਈ ਲੜ ਰਿਹਾ ਸੀ; ਮੈਂ ਆਪਣੀ ਜਥੇਬੰਦੀ ਵਿਚ ਆਪਣੇ ਪੱਧਰ 'ਤੇ। ਸਾਡੇ ਘਰਦਿਆਂ ਨੂੰ, ਸਾਡੇ ਰਿਸ਼ਤੇਦਾਰਾਂ ਨੂੰ ਸਾਡਾ ਦੋਹਵਾਂ ਦਾ ਹੀ ਫ਼ਿਕਰ ਰਹਿੰਦਾ ਸੀ।

ਆਪਣੀ ਦਿੱਖ ਤੇ ਪਹਿਰਾਵੇ ਕਾਰਨ ਮੈਂ ਕਈ ਵਾਰ ਕਈ ਉਲਝਣਾਂ ਵਿਚ ਫਸਿਆ ਅਤੇ ਇਸੇ ਕਰਕੇ ਇਕ ਦਿਨ ਤੰਗ ਆ ਕੇ ਮੈਂ ਦਾੜ੍ਹੀ ਕੇਸ ਫਿਰ 'ਤੋਂ ਕਟਵਾ ਦਿੱਤੇ। ਇਹ ਉਹ ਸਮਾਂ ਸੀ, ਜਦੋਂ ਹਰ ਅਣਪਛਾਤੇ ਚਿਹਰੇ 'ਤੋਂ ਡਰ ਲਗਦਾ ਸੀ। ਇਸੇ ਦੌਰਾਨ ਐਸ.ਐਫ.ਆਈ. ਵਿਚ ਕੰਮ ਕਰਦੇ ਸਮੇਂ ਸਾਡਾ ਬਹੁਤੇ ਸਾਥੀਆਂ ਦਾ ਅਕਸਰ ਮੌਤ ਨਾਲ ਸਾਹਮਣਾ ਹੋਇਆ।

ਇਕ ਵਾਰ ਮੈਂ ਤੇ ਜਥੇਬੰਦੀ ਦਾ ਜ਼ਿਲ੍ਹਾ ਸਕੱਤਰ ਗੁਰਉਪਦੇਸ਼ ਭੁੱਲਰ ਉਦੋਂ ਦੇ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਖਿਉਵਾਲ ਵਿਚ ਅੱਤਵਾਦੀਆਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣਦੇ-ਬਣਦੇ ਬਚੇ। ਇਹ ਪਿੰਡ ਭਾਵੇਂ ਸਾਡੇ ਜ਼ਿਲ੍ਹੇ ਵਿਚ ਨਹੀਂ ਸੀ ਆਉਂਦਾ, ਪਰ ਫਰੀਦਕੋਟ ਜ਼ਿਲ੍ਹੇ ਵਿਚ ਦੀ ਸ਼ਾਖ ਨਾ ਹੋਣ ਕਾਰਨ ਆਈ.ਟੀ.ਆਈ. ਖਿਉਵਾਲੀ ਦੀਆਂ ਸਿਖਿਆਰਥਣਾਂ ਦੀਆਂ ਮੰਗਾਂ ਲਈ ਸਾਨੂੰ ਬਠਿੰਡੇ ਜ਼ਿਲ੍ਹੇ ਦੀ ਸ਼ਾਖ ਵਲੋਂ ਲੰਮਾ ਘੋਲ ਲੜਨਾ ਪਿਆ। ਉਸ ਸੰਸਥਾ ਦੀ ਪ੍ਰਿੰਸੀਪਲ ਦੇ ਇਲਾਕੇ ਦੇ ਅਕਾਲੀ ਲੀਡਰ ਨਾਲ 'ਨੇੜਲੇ ਸਬੰਧ' ਦੱਸੇ ਜਾਂਦੇ ਸਨ। ਇਹ ਅਕਾਲੀ ਲੀਡਰ ਵੀ ਬਾਅਦ ਵਿਚ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਕੀਤੇ ਬੰਬ ਧਮਾਕੇ ਵਿਚ ਮਾਰਿਆ ਗਿਆ ਸੀ। ਉਸ ਪ੍ਰਿੰਸੀਪਲ ਔਰਤ ਨੇ ਸਾਡੇ ਪ੍ਰਮੁੱਖ ਵਿਦਿਆਰਥੀ ਆਗੂਆਂ ਦੇ ਨਾਂ ਉਸ ਅਕਾਲੀ ਆਗੂ ਨੂੰ ਦੇ ਦਿੱਤੇ ਸਨ ਅਤੇ ਉਸ ਅਕਾਲੀ ਆਗੂ ਨੇ ਆਪਣੇ ਪਾਲਤੂ ਦਹਿਸ਼ਤਗਰਦਾਂ ਦੀ ਡਿਊਟੀ ਲਾ ਦਿੱਤੀ ਸੀ ਕਿ ਇਨ੍ਹਾਂ 'ਕਾਮਰੇਡ ਜੁਆਕਾਂ' ਨੂੰ ਸੋਧ ਦਿਉ। ਮਲੋਟ ਡੱਬਵਾਲੀ ਸੜਕ 'ਤੇ ਟਰੈਫਿਕ ਜਾਮ ਕਰਕੇ ਅਸੀਂ ਮੁਜ਼ਾਹਰਾ ਕਰ ਰਹੇ ਸਾਂ, ਤਾਂ ਮੋਟਰ ਸਾਈਕਲਸਵਾਰ ਦੋ ਅੱਤਵਾਦੀਆਂ ਨੇ ਸਾਡੇ ਉਪਰ ਹਮਲਾ ਕਰ ਦਿੱਤਾ। ਮੈਂ ਤੇ ਗੁਰਉਪਦੇਸ਼ ਭੁੱਲਰ ਵਾਲ-ਵਾਲ ਬਚ ਗਏ ਅਤੇ ਕਿਸੇ ਤਰ੍ਹਾਂ ਉਥੋਂ ਭੱਜ ਕੇ ਅਸੀਂ ਮਲੋਟ ਆ ਗਏ। ਮਲੋਟ ਕਿਸੇ ਮਿੱਲ ਵਿਚ ਸੀਟੂ ਦੀ ਸ਼ਾਖਾ ਦੇ ਦਫਤਰ ਪਹੁੰਚ ਗਏ। ਬਾਅਦ ਵਿਚ ਅਸੀਂ ਮਲੋਟ 'ਤੋਂ ਰੇਲ ਗੱਡੀ ਰਾਹੀਂ ਬਠਿੰਡੇ ਆ ਗਏ। ਅਸੀਂ ਉਸ ਮੋਟਰ ਸਾਈਕਲ ਦਾ ਨੰਬਰ ਨੋਟ ਕਰ ਲਿਆ ਸੀ। ਕੁਝ ਦਿਨਾਂ ਬਾਅਦ ਉਹ ਦੋਨੋਂ ਮੋਟਰ ਸਾਈਕਲ ਸਵਾਰ ਲੰਬੀ ਥਾਣੇ ਦੀ ਪੁਲਿਸ ਨੇ 'ਮੁਕਾਬਲੇ' ਵਿਚ ਮਾਰ ਦਿੱਤੇ ਤਾਂ ਪੁਲਿਸ 'ਤੋਂ ਸਾਨੂੰ ਉਨ੍ਹਾਂ ਦੀ ਰਚੀ ਸਾਜ਼ਿਸ਼ ਦਾ ਪਤਾ ਲੱਗਿਆ।

ਉਸ ਦਿਨ 'ਤੋਂ ਬਾਅਦ ਮੈਂ ਕੁਝ ਵਧੇਰੇ ਸੁਚੇਤ ਰਹਿਣ ਲੱਗ ਪਿਆ ਸਾਂ। ਮੈਨੂੰ ਰਾਜਨੀਤਕ ਪ੍ਰਤੀਬੱਧਤਾ 'ਤੋਂ ਵਧੇਰੇ ਭਾਵੁਕ ਸੂਖਮਤਾ ਤੰਗ ਕਰਦੀ ਸੀ। ਮੈਨੂੰ ਅੱਤਵਾਦੀਆਂ ਹੱਥੋਂ ਮਰਦੇ ਲੋਕਾਂ ਦਾ ਦੁੱਖ ਵੀ ਸਤਾਉਂਦਾ ਸੀ ਅਤੇ ਪੁਲਿਸ ਹੱਥੋਂ ਮਰਦੇ ਬੇਕਸੂਰ ਸਿੱਖ ਨੌਜਵਾਨਾਂ ਦੀ ਮੌਤ ਵੀ ਦੁੱਖ ਦਿੰਦੀ ਸੀ।

ਇਸ ਦੌਰਾਨ ਕੁਝ ਹਾਸੋ-ਹੀਣੀਆਂ ਪ੍ਰਸਥਿਤੀਆਂ ਵੀ ਪੈਦਾ ਹੋ ਜਾਂਦੀਆਂ ਸਨ। ਜਿਵੇਂ ਕਿ ਉਨ੍ਹਾਂ ਹੀ ਦਿਨਾਂ ਵਿਚ ਜਦੋਂ ਮੈਂ ਕਵੀ ਦੇ ਤੌਰ 'ਤੇ ਵੀ ਆਪਣਾ ਨਾਂ ਥੋੜਾ-ਬਹੁਤ ਬਣਾ ਲਿਆ ਤਾਂ ਇਕ ਦਿਨ ਮੈਨੂੰ ਹਰਮੀਤ ਵਿਦਿਆਰਥੀ ਅਤੇ ਤੇਜਵਿੰਦਰ ਪਹਿਲੀ ਵੇਰ ਮਿਲਣ ਲਈ ਬਠਿੰਡੇ ਮੇਰੇ ਘਰੇ ਆਏ। ਨਾ ਮੈਂ ਉਨ੍ਹਾਂ ਦੀ ਸ਼ਕਲ ਸੂਰਤ 'ਤੋਂ ਜਾਣੂ ਸੀ ਤੇ ਨਾ ਉਹ ਮੇਰੀ ਸ਼ਕਲ ਸੂਰਤ 'ਤਾਂ। ਉਹ ਦੋਨੋਂ ਮੋਟਰ ਸਾਈਕਲ 'ਤੇ ਸਵਾਰ ਸਨ। ਦੋਹਵਾਂ ਦੇ ਲੰਮੀਆਂ ਦਾਹੜੀਆਂ ਸਨ ਅਤੇ ਦੋਨਾਂ ਦੀ ਦਿੱਖ ਪੂਰੀ ਤਰ੍ਹਾਂ ਉਨ੍ਹਾਂ 'ਮੁੰਡਿਆਂ' ਵਰਗੀ ਸੀ ਜੋ ਉਨ੍ਹਾਂ ਦਿਨਾਂ ਵਿਚ ਮੌਤ ਦੇ ਫ਼ਰਿਸ਼ਤੇ ਬਣ ਕੇ ਅਕਸਰ ਪਿੰਡਾਂ ਸ਼ਹਿਰਾਂ ਵਿਚ ਘੁੰਮਦੇ ਰਹਿੰਦੇ ਸਨ।

'ਇਹ ਕਾਮਰੇਡ ਸੁਰਜੀਤ ਗਿੱਲ ਦਾ ਘਰ ਹੈ?' ਹਰਮੀਤ ਨੇ ਪੁੱਛਿਆ।

'ਨਹੀਂ!' ਮੈਂ ਸੰਖੇਪ ਜਵਾਬ ਦਿੱਤਾ

'ਅਮਰਦੀਪ ਗਿੱਲ ਏਥੇ ਨਹੀਂ ਰਹਿੰਦਾ ਬ੍ਰਦਰ?' ਤੇਜਵਿੰਦਰ ਨੇ ਆਪਣੇ ਅੰਦਾਜ਼ 'ਚ ਪੁੱਛਿਆ।

'ਨਹੀਂ, ਏਥੇ ਕੋਈ ਅਮਰਦੀਪ ਨਹੀਂ ਰਹਿੰਦਾ!' ਮੈਂ ਸਖ਼ਤੀ ਨਾਲ ਜਵਾਬ ਦਿੱਤਾ।

ਉਹ ਵਿਚਾਰੇ ਸ਼ਸ਼ੋਪੰਜ ਵਿਚ ਪੈ ਕੇ ਮੁੜ ਗਏ। ਉਨ੍ਹਾਂ ਨੂੰ ਪਤਾ ਤਾਂ ਲੱਗ ਗਿਆ ਸੀ ਕਿ ਮੈਂ ਹੀ ਅਮਰਦੀਪ ਗਿੱਲ ਹਾਂ, ਪਰ ਉਹ ਬਿਨਾਂ ਕੁਝ ਬੋਲੇ ਪਰਤ ਗਏ। ਉਨ੍ਹਾਂ ਦਾ ਪਹਿਲਾ ਸਵਾਲ ਹੀ ਗਲਤ ਸੀ। ਉਹ ਘਰ ਸੁਰਜੀਤ ਗਿੱਲ ਦਾ ਘਰ ਨਹੀਂ ਹੈ, ਨਾ ਹੀ ਸੁਰਜੀਤ ਗਿੱਲ ਕਦੇ ਉਸ ਘਰ ਵਿਚ ਰਿਹਾ ਹੈ। ਉਨ੍ਹਾਂ ਨੇ ਆਪਣੇ ਵੱਲੋਂ ਹੀ ਇਹ ਗੱਲ ਸੋਚ ਲਈ ਕਿ ਜਿੱਥੇ ਪੁੱਤ ਰਹਿੰਦਾ, ਪਿਉ ਵੀ ਉਥੇ ਰਹਿੰਦਾ ਹੋਣਾ। ਉਨ੍ਹਾਂ ਦੇ ਪਹਿਲੇ ਸਵਾਲ ਨੇ ਹੀ ਮੇਰੇ ਮਨ ਵਿਚ ਸ਼ੰਕਾ ਪੈਦਾ ਕਰ ਦਿੱਤੀ ਸੀ। ਬਾਪੂ ਦੇ ਦੁਸ਼ਮਣ ਮੇਰੇ ਨਾਲੋਂ ਕਿਤੇ ਵਧੇਰੇ ਹੋਣਗੇ। ਜੇ ਮੇਰੇ ਇਹ ਦੋਸਤ ਸਿੱਧਾ ਮੇਰਾ ਪੁੱਛਦੇ, ਤਾਂ ਮੈਂ ਕਹਿ ਦੇਣਾ ਸੀ ਕਿ ਹਾਂ ਮੈਂ ਹੀ ਹਾਂ ਅਮਰਦੀਪ ਗਿੱਲ।

ਕੁਝ ਦੇਰ ਬਾਅਦ ਮੈਨੂੰ ਹਰਮੀਤ ਵਿਦਿਆਰਥੀ ਤੇ ਤੇਜਵਿੰਦਰ ਫਿਰ ਮਿਲੇ ਅਤੇ ਸਾਡੀ ਪੱਕਾ ਯਾਰੀ ਪੈ ਗਈ। ਹੁਣ ਉਹ ਘਟਨਾ ਦਾ ਕੁਕਨੂਸ ਵਾਲੇ ਰਾਜਿੰਦਰ ਬਿਮਲ ਨੇ ਲਤੀਫ਼ਾ ਬਣਾ ਕੇ ਕਿਸੇ ਅਖ਼ਬਾਰ ਵਿਚ ਵੀ ਛਪਵਾਇਆ ਸੀ।

ਜਦੋਂ ਸਾਡੇ ਪਿੰਡ ਘੋਲੀਆਂ ਕਲਾਂ ਵਿਚ ਅੱਤਵਾਦੀਆਂ ਦਾ ਟੋਲਾ ਹਿੰਦੂਆਂ ਨੂੰ ਮਾਰਨ ਆਇਆ ਤਾਂ ਸਾਡਾ ਸਾਰਾ ਪਿੰਡ ਸੁੱਸਰੀ ਵਾਂਗ ਸੌਂ ਗਿਆ ਸੀ। ਮੈਂ ਇਕੱਲੇ ਬਾਪੂ ਨੂੰ ਅੱਤਵਾਦੀਆਂ ਦੇ ਟੋਲੇ ਨਾਲ ਲੜਦਾ ਵੇਖਿਆ ਹੈ। ਇਕ ਹੱਥ ਵਿਚ ਰਿਵਾਲਵਰ ਅਤੇ ਦੂਜੇ ਹੱਥ ਵਿਚ ਦੁਨਾਲੀ ਬੰਦੂਕ ਤੇ ਦੁਖਦੇ ਗੋਡਿਆਂ ਨਾਲ ਲੰਗ ਮਾਰਦਾ ਉਹ ਬੁੱਢਾ ਸ਼ੇਰ ਓਧਰ ਭੱਜਿਆ ਜਾਂਦਾ ਸੀ, ਜਿਧਰੋਂ ਲੋਕ ਭੱਜੇ ਆਉਂਦੇ ਸਨ। ਬਾਪੂ ਕਦੇ ਲਲਕਾਰਾ ਮਾਰਦਾ; ਕਦੇ ਰੁਕ ਕੇ ਫ਼ਾਇਰ ਕਰਦਾ। ਉਹਨੂੰ ਦੇਖ ਕੇ ਉਹਦੇ ਨਾਲ ਸਾਡੇ ਪਿੰਡ ਦੇ ਹਥਿਆਰਾਂ ਵਾਲੇ ਦੋ-ਚਾਰ ਬੰਦੇ ਰਲ ਗਏ ਸਨ। ਸਾਰੇ ਹੁਣੇ ਆਪਣੇ-ਆਪਣੇ ਕੋਠਿਆਂ ਤੋਂ ਫਾਇਰ ਕਰਨ ਲੱਗ ਪਏ, ਜਿਸ ਕਰਕੇ ਅੱਤਵਾਦੀਆਂ ਨੂੰ ਭੱਜਣਾ ਪਿਆ ਸੀ। ਨਹੀਂ ਤਾਂ ਉਸ ਰਾਤ ਸਾਡੇ ਪਿੰਡ ਵਿਚ ਹਿੰਦੂਆਂ ਦਾ ਕਤਲੇਆਮ ਹੋ ਜਾਣਾ ਸੀ।

ਉਹ ਕਾਲੇ ਦਿਨ ਮੇਰੇ ਪਿੰਡ ਘੋਲੀਆਂ ਕਲਾਂ ਨੇ ਮੇਰੇ ਬਾਪੂ ਕਾਮਰੇਡ ਸੁਰਜੀਤ ਗਿੱਲ ਦੀ ਬੰਦੂਕ ਦੇ ਛਾਵੇਂ ਕੱਟੇ। ਇਸੇ ਤਰ੍ਹਾਂ ਜਦੋਂ ਮੇਰਾ ਵਿਆਹ ਹੋਇਆ ਤਾਂ ਖਾਲਿਸਤਾਨੀਆਂ ਦਾ ਹੁਕਮ ਚਲਦਾ ਸੀ ਕਿ ਬਾਰਾਤ ਵਿਚ ਗਿਆਰਾਂ ਬੰਦਿਆਂ 'ਤੋਂ ਵੱਧ ਬੰਦੇ ਨਹੀਂ ਲੈ ਕੇ ਜਾਣੇ, ਪਰ ਮੇਰੀ ਬਾਰਾਤ ਵਿਚ ਪੂਰੇ ਚਾਲੀ-ਪੰਜਤਾਲੀ ਬੰਦੇ ਗਏ ਸਨ। ਮੇਰਾ ਵਿਆਹ ਬਠਿੰਡੇ ਹੋਇਆ ਸੀ ਅਤੇ ਮੇਰੀ ਬਾਰਾਤ ਭੁੱਚੋ ਮੰਡੀ ਕੋਲ ਪੈਂਦੇ ਪਿੰਡ ਬਾਲਿਆਂਵਾਲੀ ਗਈ ਸੀ। ਵਿਆਹ ਤੋਂ ਇਕ-ਦੋ ਦਿਨ ਪਹਿਲਾਂ ਅੱਤਵਾਦੀਆਂ ਨੇ ਭਾਰਤੀ ਕਮਿਊਨਿਸਟ ਪਾਰਟੀ ਦਾ ਆਗੂ ਕਾਮਰੇਡ ਗੁਰਸੇਵਕ ਸਿੰਘ ਸ਼ਹੀਦ ਕਰ ਦਿੱਤਾ ਸੀ, ਇਸ ਕਰਕੇ ਮੇਰੇ ਵਿਆਹ 'ਤੇ ਦਹਿਸ਼ਤ ਦਾ ਪਰਛਾਵਾਂ ਥੋੜ੍ਹਾ ਹੋਰ ਗੂੜ੍ਹਾ ਹੋ ਗਿਆ ਸੀ। ਮੈਨੂੰ ਬਾਰਾਤ ਵਾਲੇ ਦਿਨ ਹੀ ਘਰੇ ਲਿਆਂਦਾ ਗਿਆ ਅਤੇ ਜਦੋਂ ਬਾਰਾਤ ਰਵਾਨਾ ਹੋਈ ਤਾਂ ਪੂਰੀ ਤਰ੍ਹਾਂ ਹਥਿਆਰਬੰਦ ਹੋ ਕੇ। ਬਾਪੂ ਦੇ ਹੱਥ ਵਿਚ ਰਿਵਾਲਵਰ ਫੜਿਆ ਹੋਇਆ ਸੀ ਅਤੇ ਉਹਨੇ ਪੂਰੇ ਦੋ ਦਿਨ ਮੇਰੀ ਅਤੇ ਘਰ ਦੀ ਰਖਵਾਲੀ ਕੀਤੀ। ਮੇਰੇ ਸਹੁਰੇ ਬਾਦਲ ਅਕਾਲੀ ਦਲ ਵਿਚ ਹਨ, ਉਨ੍ਹਾਂ ਨੇ ਆਪਣਾ ਇੰਤਜ਼ਾਮ ਕੀਤਾ ਹੋਇਆ ਸੀ। ਅੱਜ ਵੀ ਜਦੋਂ ਮੈਂ ਆਪਣੇ ਵਿਆਹ ਦੀ ਵੀਡੀਓ ਦੇਖਦਾ ਹਾਂ, ਤਾਂ ਬਾਪੂ ਦੀ ਚਾਲ-ਢਾਲ, ਜੋਸ਼, ਰੋਹਲਾ ਚਿਹਰਾ ਅਤੇ ਹੱਥ ਵਿਚ ਫੜਿਆ ਰਿਵਾਲਵਰ ਦੇਖ ਕੇ ਮੇਰੇ ਲੂੰ-ਕੰਡੇ ਹੋ ਜਾਂਦੇ ਹਨ। ਮੇਰੇ ਬੇਟੇ ਕੈਸਟ ਦੇਖਦੇ ਸਮੇਂ ਮੇਰੇ 'ਤੋਂ ਪੁੱਛਦੇ ਹਨ, 'ਬਾਬਾ ਜੀ ਨੇ ਹੱਥ ਵਿਚ ਪਿਸਤੌਲ ਕਿਉਂ ਚੁੱਕਿਆ ਹੋਇਆ ਹੈ? ਉਥੇ ਕੋਈ ਫਿਲਮ ਦੀ ਸ਼ੂਟਿੰਗ ਹੁੰਦੀ ਸੀ?' ਤਾਂ ਮੈਂ ਸੰਖੇਪ-ਜਿਹਾ ਜਵਾਬ ਦੇ ਕੇ ਚੁੱਪ ਕਰ ਜਾਂਦਾ ਹਾਂ ਕਿ ਪੁੱਤ ਉਦੋਂ ਮਾਹੌਲ ਹੀ ਇਹੋ-ਜਿਹਾ ਸੀ।

ਮੇਰੇ ਵਿਆਹ ਦੀ ਕੈਸਟ ਵਿਚ ਮੇਰੇ ਹੱਥ ਵਿਚ ਕਿਰਪਾਨ ਹੈ ਤੇ ਬਾਪੂ ਦੇ ਹੱਥ ਵਿਚ ਰਿਵਾਲਵਰ। ਮੈਂ ਸੋਚਦਾ ਹਾਂ, ਮੈਂ ਤਾਂ ਉਸ ਦਿਨ ਉਸ ਬਾਰਾਤ ਦਾ ਲਾੜਾ ਸਾਂ, ਮੈਂ ਤਾਂ ਉਸ ਦਿਨ ਆਪਣੀ ਪਤਨੀ ਵਿਆਹ ਕੇ ਲਿਆਂਦੀ ਸੀ, ਪਰ ਕੀ ਬਾਪੂ ਵੀ ਕਿਸੇ ਬਾਰਾਤ ਦਾ ਲਾੜਾ ਸੀ?

## ਪੁਰਾਣਾ ਸ਼ਹਿਦ

*ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ*

ਇਸੇ ਲਈ ਤਾਂ ਉਹ ਸ਼ਗਨਾਂ ਦੀ ਕਿਰਪਾਨ ਵਾਂਗ ਹੱਥ ਵਿਚ ਰਿਵਾਲਵਰ ਲੈ ਕੇ ਮੇਰੇ ਸ਼ਗਨ ਮਨਾਉਂਦਾ ਰਿਹਾ।

ਖਾਲਿਸਤਾਨੀ ਨੇ ਜਿਥੇ ਸਾਡੇ ਰੰਗਕਰਮੀ ਸਾਥੀ ਸੁਖਦੇਵ ਪ੍ਰੀਤ ਅਤੇ ਉਹਦੀ ਪਤਨੀ ਨੂੰ ਸ਼ਹੀਦ ਕਰ ਦਿੱਤਾ, ਉਥੇ ਪੰਜਾਬ ਤੋਂ ਬਾਹਰ ਯੂ.ਪੀ. ਵਿਚ ਨਾਟਕਕਾਰ ਕਾਮਰੇਡ ਸਫਦਰ ਹਾਸ਼ਮੀ ਦੀ ਜਾਨ ਵੀ ਆਪਣੀ ਹੀ ਤਰ੍ਹਾਂ ਦੇ ਅੱਤਵਾਦ ਨੇ ਲੈ ਲਈ। ਸੁਖਦੇਵ ਨੂੰ ਤਾਂ ਮੈਂ ਜਾਣਦਾ ਸੀ, ਪਰ ਹਾਸ਼ਮੀ ਨੂੰ ਮੈਂ ਕਦੇ ਵੀ ਨਹੀਂ ਸਾ ਮਿਲਿਆ। ਉਸ ਕਲਾਕਾਰ ਦੀ ਮੌਤ ਤੋਂ ਬਾਅਦ ਅਸੀਂ ਉਹਦਾ ਲਿਖਿਆ ਨਾਟਕ 'ਅਪਹਰਣ ਭਾਈਚਾਰੇ ਕਾ' ਕਈ ਵਾਰ ਪੰਜਾਬ ਦੇ ਚੌਂਕਾਂ ਵਿਚ ਖੇਡਿਆ। ਜਦ ਐਸ.ਐਫ.ਆਈ. ਦੇ ਸੱਦੇ 'ਤੇ ਹਾਸ਼ਮੀ ਦੀ ਪਤਨੀ ਮਾਲਾ ਆਪਣੇ ਕਲਾਕਾਰਾਂ ਸਮੇਤ ਪੰਜਾਬੀ ਯੂਨੀਵਰਸਿਟੀ ਆਈ ਤਾਂ ਅਸੀਂ ਬਠਿੰਡਿਓਂ ਉਨ੍ਹਾਂ ਨੂੰ ਉਚੇਚਾ ਮਿਲਣ ਗਏ।

ਉਨ੍ਹਾਂ ਦਿਨਾਂ ਵਿਚ ਬੰਬਈ ਦੇ ਆਨੰਦ ਪਟਵਰਧਨ ਨੇ ਪੰਜਾਬ ਦੇ ਦਹਿਸ਼ਤਵਾਦ ਅਤੇ ਲੋਕ ਲਹਿਰ ਦੀ ਦਸਤਾਵੇਜ਼ੀ ਫਿਲਮ 'ਉਨ੍ਹਾਂ ਮਿੱਤਰਾਂ ਦੀ ਯਾਦ ਪਿਆਰੀ' (1990) ਬਣਾਈ ਸੀ। ਪੰਜਾਬ ਵਿਚ ਇਹ ਫਿਲਮ ਮੈਨੂੰ ਬਹੁਤ ਹੀ ਔਖੀ ਲੱਭੀ ਤੇ ਲੱਭੀ ਦੁਆਬੇ ਦੇ ਜੁਝਾਰੂ ਕਮਿਊਨਿਸਟ ਗਿਆਨ ਸਿੰਘ ਸੰਘੇ ਕੋਲੋਂ। ਉਸ ਦਿਨ ਮੇਰੀ ਜੇਬ ਵਿਚ ਇਹਦਾ ਮੁੱਲ ਚੁਕਾਉਣ ਜਿੰਨੇ ਪੈਸੇ ਨਹੀਂ ਸਨ।

'ਉਏ ਛੋਟਿਆ, ਕੋਈ ਗੱਲ ਨਹੀਂ ਆ ਜਾਣਗੇ ਪੈਸੇ!' ਕਹਿ ਕੇ ਕਾਮਰੇਡ ਨੇ ਮੈਨੂੰ ਆਪਣਾ ਕ੍ਰਿਤਾਰਥੀ ਬਣਾ ਲਿਆ।

ਮੈਂ ਬੜੇ ਚਾਅ ਨਾਲ ਘਰੇ ਲਿਆ ਕੇ ਇਹ ਫਿਲਮ ਵੇਖੀ। ਇਸ ਲਈ ਪਟਵਰਧਨ ਨੂੰ ਕੌਮੀ ਤੇ ਕੌਮਾਂਤਰੀ ਇਨਾਮ ਵੀ ਮਿਲੇ ਸਨ। ਇਸ ਫਿਲਮ ਵਿਚ ਖਾਲਿਸਤਾਨੀ ਆਗੂਆਂ ਦੀਆਂ ਮੁਲਾਕਾਤਾਂ ਵੀ ਹਨ ਅਤੇ ਲੋਕ-ਪੱਖੀ ਆਗੂਆਂ ਦੀਆਂ ਸਰਗਰਮੀਆਂ ਨੂੰ ਵੀ ਵਿਖਾਇਆ ਗਿਆ ਹੈ। ਅੰਤਿਮ ਰੂਪ ਵਿਚ ਇਹ ਫਿਲਮ ਕਾਲੇ ਦਿਨਾਂ ਵਿਚ ਸ਼ਹੀਦ ਹੋਏ ਲੋਕ-ਪੱਖੀ ਸੂਝਵਾਨਾਂ ਨੂੰ ਸ਼ਰਧਾਂਜਲੀ ਭੇਟ ਕਰਦੀ ਹੈ।

ਇਸ ਤੋਂ ਪਹਿਲਾਂ ਕਿ ਮੈਂ ਕਾਮਰੇਡ ਗਿਆਨ ਸਿੰਘ ਨੂੰ ਮਨੀਆਰਡਰ ਰਾਹੀਂ ਉਸ ਫਿਲਮ ਦੇ ਪੈਸੇ ਭੇਜਦਾ, ਖਾਲਿਸਤਾਨ ਦਹਿਸ਼ਤਗਰਦਾਂ ਨੇ ਉਹਨੂੰ ਸ਼ਹੀਦ ਕਰ ਦਿੱਤਾ। ਮੈਂ ਜਦ ਅਗਲੀ ਸਵੇਰ ਇਹ ਖ਼ਬਰ ਪੜ੍ਹੀ ਤਾਂ ਮੇਰੀਆਂ ਅੱਖਾਂ ਭਰ ਆਈਆਂ। ਅਗਲੇ ਹੀ ਪਲ ਮੈਂ ਅਲਮਾਰੀ ਖੋਲ੍ਹੀ ਅਤੇ ਉਸ ਵਿਚੋਂ ਉਹ ਫਿਲਮ ਕੱਢ ਕੇ ਵੇਖਣ ਲੱਗਾ। ਉਸ ਹੱਥੀਂ ਲਿਖਿਆ ਹੋਇਆ ਸੀ- ਉਨ੍ਹਾਂ ਮਿੱਤਰਾਂ ਦੀ ਯਾਦ ਪਿਆਰੀ।

ਪੰਜਾਬ ਦੇ ਹਾਲਾਤ ਬਦਲੇ। ਸਰਕਾਰ ਭਾਣੇ ਅੱਤਵਾਦ ਦਾ ਅੰਤ ਹੋ ਗਿਆ। ਪੰਜਾਬ ਨੂੰ ਬਹੁਤ ਵੱਡਾ ਨੁਕਸਾਨ ਝੱਲਣਾ ਪਿਆ। ਪੰਜਾਬ ਪੰਜਾਹ ਸਾਲ ਪਛੜ ਗਿਆ। ਸਤਾਰਾਂ ਅਠਾਰਾਂ ਸਾਲ ਚੱਲੀ ਇਸ ਅੰਨ੍ਹੇਰੀ ਨੇ ਅਨੇਕ ਘਰ ਤਬਾਹ ਕਰ ਦਿੱਤੇ। ਕੋਈ ਅੱਤਵਾਦੀ ਹੋਣ ਕਰਕੇ ਮਾਰਿਆ ਗਿਆ, ਕੋਈ ਪੁਲਿਸ ਵਾਲਾ ਹੋਣ ਕਰਕੇ ਜਾਨ 'ਤੋਂ ਹੱਥ ਧੋ ਬੈਠਾ, ਕੋਈ ਅੱਤਵਾਦ-ਵਿਰੋਧੀ ਹੋਣ ਕਰਕੇ ਮਾਰ ਦਿੱਤਾ ਗਿਆ। ਪੁਲਸੀਆਂ ਨੇ ਤਰੱਕੀਆਂ ਲਈਆਂ; ਅੱਤਵਾਦੀਆਂ ਨੂੰ ਪਨਾਹ ਦੇਣ ਵਾਲਿਆਂ ਨੇ ਦੌਲਤ ਕਮਾਈ; ਰਾਜਨੀਤਕ ਆਗੂਆਂ ਨੇ ਨਾਟਕ ਕਰ-ਕਰ ਆਪਣੇ ਰਾਜਨੀਤਕ ਕੱਦ-ਬੁੱਤ ਉਚੇ ਕੀਤੇ ਅਤੇ ਬਹੁਤ ਸਾਰੇ ਵਿਦੇਸ਼ਾਂ ਵਿਚ ਜਾ ਸੈਟ ਹੋ ਗਏ। ਇਸ ਲੜਾਈ ਵਿਚ ਨਾ ਕੋਈ ਰਾਮ ਜਿੱਤਿਆ, ਨਾ ਕੋਈ ਰਾਵਣ ਹਾਰਿਆ।



# ਫ਼ਿਲਮ ਲੋਕ



## ਮਜ਼ਬੂਤ ਇਰਾਦਿਆਂ ਵਾਲੀ ਹੁਮਾ ਕੁਰੈਸ਼ੀ ਦੀ ਬੱਲੇ-ਬੱਲੇ

28 ਜੁਲਾਈ, 1986 ਨੂੰ ਦਿੱਲੀ ਵਿਚ ਪੈਦਾ ਹੋਈ ਹੁਮੈ ਕੁਰੈਸ਼ੀ ਨੇ ਸਾਲ 2012 ਵਿਚ ਆਈ ਫ਼ਿਲਮ 'ਗੈਂਗਸ ਆਫ ਵਾਸੇਪੁਰ-1' ਤੋਂ ਬਾਲੀਵੁੱਡ ਵਿਚ ਦਾਖ਼ਲਾ ਲਿਆ ਸੀ। ਇਸ ਤੋਂ ਬਾਅਦ ਉਸੇ ਸਾਲ ਇਸ ਫ਼ਿਲਮ ਦੇ ਅਗਲੇ ਹਿੱਸੇ 'ਗੈਂਗਸ ਆਫ ਵਾਸੇਪੁਰ-2' ਵਿਚ ਵੀ ਉਹ ਨਜ਼ਰ ਆਈ ਸੀ। ਉਸ ਨੇ 'ਏਕ ਥੀ ਡਾਇਨ', 'ਡੇਢ ਇਸ਼ਕੀਆ', 'ਬਦਲਾਪੁਰ', 'ਜਾਲੀ ਐਲ.ਐਲ.ਬੀ.-2', 'ਕਾਲਾ, 'ਡਬਲ ਐਕਸਲ', 'ਮੌਨਿਕਾ ਓ ਮਾਈ ਡਾਰਲਿੰਗ' ਅਤੇ 'ਤਰਲਾ' ਵਰਗੀਆਂ ਅਨੇਕ ਫ਼ਿਲਮਾਂ ਵਿਚ ਕੰਮ ਕਰਦੇ ਹੋਏ ਆਪਣੇ ਹੁਨਰ ਅਤੇ ਅਦਾਵਾਂ ਨਾਲ ਦਰਸ਼ਕਾਂ ਨੂੰ ਦੀਵਾਨਾ ਬਣਾਇਆ ਹੈ। ਹੁਮਾ ਕੁਰੈਸ਼ੀ ਨੇ ਗੁਰਿੰਦਰ ਚੱਢਾ ਦੀ ਭਾਰਤ ਤੇ ਪਾਕਿਸਤਾਨ ਵੰਡ 'ਤੇ ਆਧਾਰਿਤ ਫ਼ਿਲਮ 'ਵਾਇਸਰਾਏ ਹਾਊਸ' (2017) ਹਾਲੀਵੁੱਡ ਵਿਚ ਡੈਬਿਊ ਕੀਤਾ ਸੀ। ਇਸ ਵਿਚ ਉਸ ਨੇ ਇਕ ਬੇਹੱਦ ਮਜ਼ਬੂਤ ਇਰਾਦਿਆਂ ਵਾਲੀ ਕੁੜੀ ਆਲੀਆ ਦਾ ਕਿਰਦਾਰ ਨਿਭਾਇਆ ਸੀ। ਹੁਮਾ ਕੁਰੈਸ਼ੀ ਨੇ ਟੀ.ਵੀ. 'ਤੇ ਆਪਣੀ ਸ਼ੁਰੂਆਤ 2012 ਵਿਚ 'ਉਪਨਿਸ਼ਦ ਗੰਗਾ' ਤੋਂ ਕੀਤੀ ਸੀ।'ਮਹਾਰਾਣੀ' ਸੀਰੀਜ਼ ਉਸ ਦੇ ਕਰੀਅਰ ਲਈ ਟਰਨਿੰਗ ਪੁਆਇੰਟ ਬਣੀ। ਇਸ ਸੀਰੀਜ਼ ਤੋਂ ਬਾਅਦ ਨਾ ਸਿਰਫ਼ ਉਸ ਪ੍ਰਤੀ ਪ੍ਰਸੰਸਕਾਂ ਦੀ ਚਾਹਤ ਕਾਫ਼ੀ ਵਧ ਚੁੱਕੀ ਹੈ ਸਗੋਂ ਫ਼ਿਲਮ ਨਿਰਮਾਤਾ ਵੀ ਉਸ 'ਤੇ ਹੁਣ ਬੇਹੱਦ ਭਰੋਸਾ ਕਰਨ ਲੱਗੇ ਹਨ। ਇਸ ਤਰ੍ਹਾਂ ਇਹ ਹੁਮਾ ਦੇ ਕਰੀਅਰ ਦਾ ਵਧੀਆ ਸਮਾਂ ਚਲ ਰਿਹਾ ਹੈ। ਉਹ ਅਕਸ਼ੈ ਕੁਮਾਰ ਨਾਲ 'ਜੌਲੀ ਐਲ.ਐਲ.ਬੀ.-3' ਅਤੇ ਯਸ਼ ਦੇ ਨਾਲ 'ਟਾਕਸਿਕ : ਏ ਫੇਅਰ ਟੇਲ ਫਾਰ ਗੋਨ ਅੱਪਸ' ਕਰ ਰਹੀ ਹੈ। ਇਹ ਦੋਵੇਂ ਫ਼ਿਲਮਾਂ ਇਸ ਸਾਲ ਰਿਲੀਜ਼ ਹੋਣਗੀਆਂ। ਹੁਮਾ ਕੁਰੈਸ਼ੀ 'ਜੌਲੀ ਐਲ.ਐਲ.ਬੀ-2' ਵਿਚ ਅਕਸ਼ੈ ਕੁਮਾਰ ਨਾਲ ਪੁਸ਼ਪਾ ਪਾਂਡੇ ਦੀ ਮੁੱਖ ਭੂਮਿਕਾ ਵਿਚ ਨਜ਼ਰ ਆਈ ਸੀ। ਦੋਵਾਂ ਨੇ ਫ਼ਿਲਮ ਵਿਚ ਪਤੀ-ਪਤਨੀ ਦਾ ਕਿਰਦਾਰ ਨਿਭਾਇਆ ਸੀ। ਫ਼ਿਲਮ 'ਚ ਅਦਾਲਤ ਦਾ ਡਰਾਮਾ ਦਰਸ਼ਕਾਂ ਨੂੰ ਬਹੁਤ ਪਸੰਦ ਆਇਆ ਸੀ। ਹੁਣ 'ਜਾਲੀ ਐਲ.ਐਲ.ਬੀ.-3' ਵਿਚ ਵੀ ਉਹ ਇਸੇ ਭੂਮਿਕਾ ਵਿਚ ਇਕੱਠੇ ਵਾਪਸੀ ਕਰ ਰਹੇ ਹਨ। ਇਸ ਤੋਂ ਇਲਾਵਾ ਹੁਮਾ ਫ਼ਿਲਮ 'ਪੂਜਾ ਮੇਰੀ ਜਾਨ' ਅਤੇ 'ਗੁਲਾਬੀ' ਦੀ ਸ਼ੂਟਿੰਗ ਪੂਰੀ ਕਰ ਚੁੱਕੀ ਹੈ।ਉਸ ਕੋਲ ਇਕ ਹੋਰ ਫ਼ਿਲਮ 'ਬਿਆਨ' ਵੀ ਹੈ।



## ਇਕ ਹੋਰ 'ਕਪੂਰ' ਆਇਆ ਫ਼ਿਲਮਾਂ ਵਿਚ



ਗਿਆਰਾਂ ਮਾਰਚ, 1992 ਨੂੰ ਮੁੰਬਈ ਵਿਚ ਐਕਟਰ ਕੁਨਾਲ ਕਪੂਰ ਅਤੇ ਸ਼ੀਨਾ ਸਿੱਪੀ ਦੇ ਘਰ ਪੈਦਾ ਹੋਇਆ ਹਿੰਦੀ ਫ਼ਿਲਮ ਸੀਰੀਜ਼ ਅਤੇ ਥੀਏਟਰ ਐਕਟਰ ਜ਼ਹਾਨ ਕਪੂਰ ਦੇ ਦਾਦਾ ਐਕਟਰ ਸ਼ਸ਼ੀ ਕਪੂਰ ਅਤੇ ਉਸ ਦੀ ਦਾਦੀ ਮੰਨੀ-ਪ੍ਰਮੰਨੀ ਥੀਏਟਰ ਅਭਿਨੇਤਰੀ ਜੈਨੀਫ਼ਰ ਕੈਂਡਲ ਸੀ। ਉਸ ਦੇ ਨਾਨਾ ਫ਼ਿਲਮ ਨਿਰਦੇਸ਼ਕ, ਅਭਿਨੇਤਾ ਅਤੇ ਨਿਰਮਾਤਾ ਰਮੇਸ਼ ਸਿੱਪੀ ਸਨ।

ਜ਼ਹਾਨ ਕਪੂਰ ਦੇ ਚਾਚਾ ਕਰਨ ਕਪੂਰ ਅਤੇ ਮਾਮਾ ਰੋਹਨ ਸਿੱਪੀ ਹਨ ਅਤੇ ਉਸ ਦੀ ਆਂਟੀ ਸਾਬਕਾ ਅਭਿਨੇਤਰੀ ਸੰਜਨਾ ਕਪੂਰ ਹੈ। ਕ੍ਰਿਸ਼ਮਾ ਕਪੂਰ, ਕਰੀਨਾ ਕਪੂਰ, ਰਣਬੀਰ ਕਪੂਰ, ਅਰਮਾਨ ਜੈਨ ਅਤੇ ਆਧਾਰ ਜੈਨ ਉਸ ਦੇ ਚਚੇਰੇ ਭਰਾ ਹਨ। ਜ਼ਹਾਨ ਕਪੂਰ ਦੀ ਇਕ ਭੈਣ ਹੈ, ਜਿਸ ਦਾ ਨਾਂਅ ਸ਼ਾਇਰਾ ਲਾਰਾ ਕਪੂਰ ਹੈ। ਉਹ ਇਕ ਸੈੱਟ ਡਿਜ਼ਾਈਨਰ ਦੇ ਰੂਪ ਵਿਚ ਕੰਮ ਕਰਦੀ ਹੈ।


ਕਪੂਰ ਪਰਿਵਾਰ ਵਿਚ ਪਲੇ ਜ਼ਹਾਨ ਨੇ, ਦਾਦਾ ਸ਼ਸ਼ੀ ਕਪੂਰ ਦੇ ਪੈਰਚਿੰਨ੍ਹਾਂ 'ਤੇ ਚਲਦੇ ਹੋਏ ਆਪਣਾ ਜ਼ਿਆਦਾਤਰ ਸਮਾਂ ਪ੍ਰਿਥਵੀ ਥੀਏਟਰ ਬਿਤਾਇਆ। ਉਸ ਨੇ ਬੱਚਿਆਂ ਲਈ ਕਾਰਜਸ਼ਾਲਾ ਵਿਚ ਥੀਏਟਰ ਨਿਰਦੇਸ਼ਕ ਸੁਨੀਲ ਸ਼ਾਨਬਾਗ ਦੇ ਸਹਾਇਕ ਦੇ ਰੂਪ ਵਿਚ ਆਪਣਾ ਕਰੀਅਰ ਸ਼ੁਰੂ ਕੀਤਾ ਸੀ।ਜ਼ਹਾਨ ਕਪੂਰ ਨੇ 2019 ਵਿਚ ਪ੍ਰਿਥਵੀ ਥੀਏਟਰ ਵਿਚ ਮਕਰੰਦ ਦੇਸ਼ਪਾਂਡੇ ਦੇ ਨਾਟਕ 'ਪਿਤਾਜੀ ਪਲੀਜ਼ ਕਾਸਟ' ਤੋਂ ਆਪਣਾ ਥੀਏਟਰ ਡੈਬਿਊ ਕੀਤਾ। ਇਸ ਤੋਂ ਬਾਅਦ ਫ਼ਿਲਮ 'ਫਰਾਜ਼' ਤੋਂ ਫ਼ਿਲਮ ਸਨਅਤ ਵਿਚ ਆਪਣੇ ਅਭਿਨੈ ਦੀ ਸ਼ੁਰੂਆਤ ਕੀਤੀ। ਇਸ ਫ਼ਿਲਮ ਵਿਚ ਉਸ ਵਲੋਂ ਨਿਭਾਏ ਗਏ ਫ਼ਰਾਜ਼ ਹੁਸੈਨ ਦੇ ਕਿਰਦਾਰ ਨੂੰ ਕਾਫ਼ੀ ਪਸੰਦ ਕੀਤਾ ਗਿਆ ਸੀ। 'ਪਿਤਾ ਜੀ ਪਲੀਜ਼ ਕਾਸਟ' (2019) ਤੋਂ ਬਾਅਦ ਜ਼ਹਾਨ ਕਪੂਰ ਪ੍ਰਿਥਵੀ ਥੀਏਟਰ ਦੇ ਇਕ ਹੋਰ ਨਾਟਕ 'ਸਿਆਚਿਨ ਲੀਡ' (2023) ਵਿਚ ਨਜ਼ਰ ਆਇਆ। ਜ਼ਹਾਨ ਕਪੂਰ ਨੇ ਇਸ ਸਾਲ ਥ੍ਰਿਲਰ ਸੀਰੀਜ਼ 'ਬਲੈਕ ਵਾਰੰਟ' (2025) ਜ਼ਰੀਏ ਟੀ.ਵੀ. 'ਤੇ ਡੈਬਿਊ ਕੀਤਾ। ਇਸ ਵਿਚ ਉਸ ਨੇ ਸੁਨੀਲ ਗੁਪਤਾ ਦਾ ਕਿਰਦਾਰ ਨਿਭਾਇਆ ਹੈ।

ਫ਼ੈਸ਼ਨ ਡਿਜ਼ਾਈਨਰ ਮਸਾਬਾ ਗੁਪਤਾ ਨਾਲ ਇਕ ਮੈਗਜ਼ੀਨ ਲਈ ਫੋਟੋ ਸ਼ੂਟ ਕਰ ਚੁੱਕੇ ਜ਼ਹਾਨ ਅਕਸ਼ਤ ਵਰਮਾ ਵਲੋਂ ਨਿਰੇਦਸ਼ਿਤ ਅਮੇਜ਼ਨ ਪ੍ਰਾਈਮ ਵੀਡੀਓ ਵੈੱਬ ਲੜੀ 'ਜਨਤਾ ਬੈਂਡ' ਵਿਚ ਵੀ ਨਜ਼ਰ ਆ ਚੁੱਕਿਆ ਹੈ।



## ਦੁੱਖਾਂ ਦੀ ਮਾਰੀ ਜੈਕਲਿਨ

ਜੈਕਲਿਨ ਦੀ ਸੁੰਦਰਤਾ ਦੇ ਇਕ ਨਹੀਂ ਲੱਖਾਂ ਦੀਵਾਨੇ ਹਨ ਤੇ ਹਰ ਕੋਈ ਉਸ ਦਾ ਚਹੇਤਾ ਉਸ ਨਾਲ ਫੋਟੋ ਜਾਂ ਸੈਲਫੀ ਲੈਣ ਲਈ ਚਾਹਵਾਨ ਰਹਿੰਦਾ ਹੈ। ਜੈਕੀ ਵੀ ਆਪਣੇ ਦੀਵਾਨਿਆਂ ਲਈ ਤਸਵੀਰ ਜਾਂ ਸੈਲਫੀ ਵਾਸਤੇ ਤਿਆਰ ਰਹਿੰਦੀ ਹੈ ਪਰ ਉਸ ਦੀ ਗੁੱਸਖੋਰ ਮੈਨੇਜਰ ਨੇ ਜੈਕੀ ਦੇ ਇਕ ਪ੍ਰਸੰਸਕ ਨੂੰ ਬੁਰੀ ਤਰ੍ਹਾਂ ਧੱਕਾ ਮਾਰਿਆ। ਮੈਨੇਜਰ ਲੜਕੀ ਸੀ, ਇਸ ਲਈ ਪ੍ਰਸੰਸਕ ਸਥਰ ਦਾ ਘੁੱਟ ਭਰ ਗਿਆ। ਉਧਰ ਜੈਕਲਿਨ ਦੀ ਮੈਨੇਜਰ ਦੀ ਇਸ ਕਾਰਵਾਈ 'ਤੇ ਕਈ ਪ੍ਰਸੰਸਕ ਭੜਕ ਪਏ ਤੇ ਕਈਆਂ ਨੇ ਕਿਹਾ ਕਿ ਠੀਕ ਹੈ, ਜੈਕੀ ਦੀ ਸੁਰੱਖਿਆ ਮੈਨੇਜਰ ਦੇ ਜ਼ਿੰਮੇ ਹੈ, ਇਸ ਲਈ ਇਸ ਮਾਮਲੇ ਨੂੰ ਇਥੇ ਹੀ ਠੱਪ ਕਰ ਦੇਣਾ ਚਾਹੀਦਾ ਹੈ। ਗੱਲ ਹੁਣ ਦੀ ਕਰੀਏ ਤਾਂ ਜੈਕਲਿਨ ਬੁਰੇ ਦਿਨਾਂ ਦਾ ਸਾਹਮਣਾ ਕਰ ਰਹੀ ਹੈ, ਉਸ ਦੀ ਮਾਂ ਕਿਮ ਫਰਨਾਂਡਿਸ ਦੁਨੀਆ ਤੋਂ ਕੂਚ ਕਰ ਗਈ ਹੈ ਤੇ ਮਾਂ ਦੇ ਜਾਣ ਨਾਲ ਉਹ ਗੁਆਚੀ-ਗੁਆਚੀ ਜਿਹੀ ਨਜ਼ਰ ਆਉਣ ਲੱਗੀ ਹੈ। ਦੂਜੇ ਪਾਸੇ ਠੱਗ ਸੁਕੇਸ਼ ਚੰਦਰ ਵਾਲੇ ਕੇਸ 'ਚ ਹਾਈਕੋਰਟ ਨੇ ਫੈਸਲਾ ਸੁਰੱਖਿਅਤ ਰੱਖਿਆ ਹੈ। ਈ.ਡੀ. ਦੇ ਜਾਲ ਤੋਂ ਕਿਵੇਂ ਉਹ ਬਚ ਸਕਦੀ ਹੈ ਤੇ ਜੋ ਹੋਏਗਾ, ਦੇਖਿਆ ਜਾਵੇਗਾ, ਕਹਿ ਕੇ ਉਹ ਆਪਣੇ ਦਿਲ ਨੂੰ ਧਰਵਾਸਾ ਦੇ ਰਹੀ ਹੈ। ਉਸ ਇਹ ਵੀ ਕਿਹਾ ਕਿ ਫ਼ਿਲਮਾਂ ਵਾਲੇ ਤੁਹਾਡੇ ਚਿਹਰੇ 'ਤੇ ਜਾਂਦੇ ਹਨ, ਅਲੱਗ ਕਿਰਦਾਰ ਨਹੀਂ ਦਿੰਦੇ ਤੇ ਉਹ ਜਿਸ ਭੂਮਿਕਾ ਦੀ ਉਡੀਕ 'ਚ ਹੈ, ਉਹ ਉਸ ਨੂੰ ਮਿਲ ਨਹੀਂ ਰਹੀ ਹੈ। ਹਾਂ, ਇੰਟਰਨੈੱਟ 'ਤੇ ਆਈ ਜੈਕੀ ਦੀ ਫ਼ਿਲਮ 'ਫਤਹਿ' ਨੂੰ ਚੰਗਾ ਹੁੰਗਾਰਾ ਮਿਲਿਆ ਹੈ ਤੇ ਇਸ 'ਚ ਉਸ ਨਾਲ ਸੋਨੂੰ ਸੂਦ ਹੈ। 'ਫਤਹਿ' ਨੂੰ ਸੋਨੂੰ ਨੇ ਆਪ ਹੀ ਸਭ ਕੁਝ ਕੀਤਾ ਹੈ ਕਾਮਯਾਬ ਕਰਨ ਲਈ। ਜੈਕੀ ਦਾ ਕੰਮ ਵੀ ਇਸ 'ਚ ਕਾਫੀ 'ਤੇ ਸਹੀ ਹੈ। ਜੈਕਲਿਨ ਇਸ ਵਕਤ ਅਕਸ਼ੈ ਕੁਮਾਰ ਨਾਲ 'ਵੈਲਕਮ ਟੂ ਜੰਗਲ' ਫ਼ਿਲਮ ਕਰ ਰਹੀ ਹੈ ਤੇ 'ਫਤਹਿ' ਨੇ ਉਸ ਨੂੰ ਫਿਰ ਚਰਚਾ ਦਿੱਤੀ ਹੇ ਪਰ ਜੇਲ੍ਹ 'ਚ ਬੈਠਾ ਮਹਾਂ ਠੱਗ ਸੁਕੇਸ਼ ਉਸ ਨੂੰ ਪ੍ਰੇਸ਼ਾਨ ਕਰ ਰਿਹਾ ਹੈ ਤੇ ਧਮਕੀਆਂ ਦੇ ਰਿਹਾ ਹੈ। ਉਸ ਨੇ ਦਿੱਲੀ ਪੁਲਿਸ ਕੋਲ ਰਿਪੋਰਟ ਵੀ ਲਿਖਵਾਈ ਹੈ। ਜੇ ਫ਼ਿਲਮਾਂ ਚਲਦੀਆਂ ਹਨ ਤਾਂ ਸੁਕੇਸ਼ ਪ੍ਰੇਸ਼ਾਨ ਕਰਦਾ ਹੈ। ਉਹ ਹਟਦਾ ਹੈ ਤਾਂ ਈ.ਡੀ. ਗੇੜੇ ਕੱਢਦੀ ਹੈ। ਅੱਗੇ ਤੇ ਮਾਂ ਨਾਲ ਦੁੱਖ ਸਾਂਝਾ ਕਰ ਲੈਂਦੀ ਸੀ ਪਰ ਹੁਣ ਉਹ ਵੀ ਨਹੀਂ ਰਹੀ। ਕਦੇ-ਕਦੇ ਤਾਂ ਉਹ ਸੋਚਦੀ ਹੈ ਕਿ ਉਹ ਭਾਰਤ ਛੱਡ ਹੀ ਦੇਵੇ ਪਰ ਅਦਾਲਤ 'ਚ ਪਾਸਪੋਰਟ ਹੈ। ਹੁਣ ਸਭਕਿਸਮਤ 'ਤੇ ਰੱਬ ਸਹਾਰੇ ਹੈ ਕਿ ਜੈਕਲਿਨ ਦੇ ਦੁੱਖ ਘਟਦੇ ਹਨ ਕਿ ਨਹੀਂ।



## ਹੀਰੋਇਨ ਦੀ ਤਲਾਸ਼ ਵਿਚ ਯਸ਼ਵਰਧਨ ਗੋਬਿੰਦਾ

ਗੋਵਿੰਦਾ ਨੇ ਪਿਛਲੇ 35 ਸਾਲਾਂ ਵਿਚ 'ਆਂਖੇਂ', 'ਸਾਜਨ ਚਲੇ ਸਸੁਰਾਲ', 'ਕੁਲੀ ਨੰ:1', 'ਏਕ ਔਰ ਏਕ ਗਿਆਰਹ', 'ਭਾਗਮਭਾਗ' ਅਤੇ 'ਪਾਰਟਨਰ' ਵਰਗੀਆਂ ਕਾਮੇਡੀ ਫ਼ਿਲਮਾਂ ਜ਼ਰੀਏ ਪ੍ਰਸੰਸਕਾਂ ਦੇ ਦਿਲਾਂ 'ਤੇ ਜ਼ਬਰਦਸਤ ਅਸਰ ਛੱਡਿਆ। ਗੋਵਿੰਦਾ ਦੇ ਪ੍ਰਸੰਸਕਾਂ ਲਈ ਇਕ ਚੰਗੀ ਖ਼ਬਰ ਹੈ ਕਿ ਹੁਣ ਉਹ ਗੋਵਿੰਦਾ ਦੇ ਬੇਟੇ ਯਸ਼ਵਰਧਨ ਆਹੂਜਾ (ਗੋਬਿੰਦਾ) ਨੂੰ ਸਕਰੀਨ 'ਤੇ ਦੇਖ ਸਕਣਗੇ। ਉਹ ਇਸੇ ਸਾਲ ਵੱਡੇ ਪਰਦੇ 'ਤੇ ਆਪਣਾ ਅਦਾਕਾਰੀ ਦਾ ਸਫ਼ਰ ਸ਼ੁਰੂ ਕਰਨ ਵਾਲਾ ਹੈ। ਯਸ਼ਵਰਧਨ ਆਹੂਜਾ ਨੇ ਲੰਡਨ ਵਿਚ ਮੇਟ ਫ਼ਿਲਮ ਸਕੂਲ ਤੋਂ ਐਕਟਿੰਗ ਅਤੇ ਫ਼ਿਲਮ ਮੇਕਿੰਗ ਵਿਚ ਕੋਰਸ ਕੀਤਾ ਹੈ, ਜਿਸ ਵਿਚ ਉਸ ਨੇ ਐਕਟਿੰਗ ਦੇ ਨਾਲ-ਨਾਲ ਫ਼ਿਲਮ ਨਿਰਮਾਣ ਦੀਆਂ ਬਾਰੀਕੀਆਂ ਵੀ ਸਿੱਖੀਆਂ। ਸਹਾਇਕ ਨਿਰਦੇਸ਼ਕ ਦੇ ਤੌਰ 'ਤੇ ਯਸ਼ਵਰਧਨ 'ਕਿਕ-2', 'ਯਿਸ਼ਮ', 'ਬਾਗੀ' ਅਤੇ 'ਤੜਪ' ਵਰਗੀਆਂ ਫ਼ਿਲਮਾਂ ਲਈ ਕੰਮ ਕਰ ਚੁੱਕਿਆ ਹੈ। ਉਹ ਫ਼ਿਲਮ ਨਿਰਮਾਤਾ ਸਾਜਿਦ ਨਾਡਿਆਡਵਾਲਾ ਦੀ ਮਾਰਕੀਟਿੰਗ ਟੀਮ ਦਾ ਹਿੱਸਾ ਵੀ ਰਿਹਾ ਹੈ। ਪ੍ਰਸੰਸਕ ਯਸ਼ਵਰਧਨ ਦੇ ਅਭਿਨੈ ਅਤੇ ਡਾਂਸਿੰਗ ਪੇਸ਼ਕਾਰੀ ਨੂੰ ਲੈ ਕੇ ਕਾਫ਼ੀ ਉਤਸ਼ਾਹਿਤ ਹਨ। ਕਿਉਂਕਿ ਉਹ ਆਪਣੇ ਪਿਤਾ ਗੋਵਿੰਦਾ ਦੀ ਤਰ੍ਹਾਂ ਡਾਂਸ ਵਿਚ ਵੀ ਮਾਹਿਰ ਹੈ। ਰਿਪੋਰਟਾਂ ਅਨੁਸਾਰ ਲਗਭਗ 79 ਆਡੀਸ਼ਨ ਵਿਚ ਨਕਾਰ ਦਿੱਤੇ ਜਾਣ ਤੋਂ ਬਾਅਦ 9 ਸਾਲ ਦੀ ਸਖ਼ਤ ਮਿਹਨਤ ਤੋਂ ਬਾਅਦ ਯਸ਼ਵਰਧਨ ਨੂੰ ਡੈਬਿਊ ਫ਼ਿਲਮ ਮਿਲ ਚੁੱਕੀ ਹੈ। ਉਹ ਆਪਣੀ ਐਕਟਿੰਗ ਦੀ ਸ਼ੁਰੂਆਤ ਨੈਸ਼ਨਲ ਐਵਾਰਡ ਜੇਤੂ ਨਿਰਦੇਸ਼ਕ ਸਾਈ ਰਾਜੇਸ਼ ਦੀ ਆਉਣ ਵਾਲੀ ਫ਼ਿਲਮ ਤੋਂ ਕਰਨ ਜਾ ਰਿਹਾ ਹੈ। ਮਧੂ ਮੰਟੇਨਾ, ਅੱਲੂ ਅਰਵਿੰਦ ਅਤੇ ਐਸ. ਕੇ. ਐਨ. ਫ਼ਿਲਮਜ਼ ਵਲੋਂ ਪ੍ਰੋਡਿਊਸ ਕੀਤੀ ਜਾਣ ਵਾਲੀ ਇਹ ਫ਼ਿਲਮ ਇਕ ਖ਼ਾਸ ਪ੍ਰੇਮ ਕਹਾਣੀ ਹੋਵੇਗੀ। ਇਹ ਫ਼ਿਲਮ ਗੋਵਿੰਦਾ ਦੀ ਵਿਰਾਸਤ ਨੂੰ ਅੱਗੇ ਵਧਾਉਣ ਵਾਲੀ ਇਕ ਖ਼ਾਸ ਪ੍ਰੇਮ ਕਹਾਣੀ ਹੋਵੇਗੀ। ਪ੍ਰਸੰਸਕ ਗੋਵਿੰਦਾ ਦੇ ਬੇਟੇ ਯਸ਼ਵਰਧਨ ਆਹੂਜਾ ਨੂੰ ਵੱਡੇ ਪਰਦੇ 'ਤੇ ਦੇਖਣ ਲਈ ਬਹੁਤ ਉਤਸ਼ਾਹੀ ਹਨ। ਫ਼ਿਲਮ ਲਈ ਯਸ਼ਵਰਧਨ ਦੇ ਨਾਲ ਹੀਰੋਇਨ ਦੀ ਭਾਲ ਜਾਰੀ ਹੈ। ਨਿਰਮਾਤਾ ਉਸ ਦੇ ਨਾਲ ਮੁਕੇਸ਼ ਛਾਬੜਾ ਦੀ ਅਗਵਾਈ ਵਿਚ ਕਿਸੇ ਨਵੀਂ ਕੁੜੀ ਨੂੰ ਲੈਣਾ ਚਾਹੁੰਦੇ ਹਨ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 8455 Peachtree Ave Newark CA 94560
2. 2125 Neptune Rd Livermore CA 94550
3. 2169 Charger Dr San Jose CA 95131
4. 9550 Appaloosa Pl Elk Grove CA 95624
5. 9810 Bobcat Ct Gilroy CA 95020
6. 106 Coralflower Ln, San Ramon, CA 94582
7. 3033 Pellier Pl San Jose CA 95135
8. 985 Silver Birch Ln Hayward CA 94544
9. 1672 Northgate Manteca CA 95336
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 9714 Fall Valley Way Sacramento CA 95829
14. 6388 Broadway Ave Newark CA 94560

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

19-20